@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 13 January 2025

VISIT:
www.qaumipatrika.org
Email: qpatrika@gmail.com

Punjabi National Daily
Qaumi Patrika NO.1

ਨਵੀਂ ਦਿੱਲੀ: ਸੋਮਵਾਰ 13 ਜਨਵਰੀ 2025, 30 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 64, qpatrika@gmail.com ਫੋਨ : 9971359517 www.qaumipatrika.org

## ਦਿੱਲੀ ਜਿੱਤਣ ਲਈ ਕਾਂਗਰਸ ਤਿਆਰ, ਸੀਲਮਪੁਰ 'ਚ ਰਾਹੁਲ ਗਾਂਧੀ ਦੀ ਪਹਿਲੀ ਰੈਲੀ

**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 12 ਜਨਵਰੀ। ਦਿੱਲੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਾਰੀਆਂ ਸਿਆਸੀ ਪਾਰਟੀਆਂ ਪੂਰੀ ਤਾਕਤ ਨਾਲ ਮੈਦਾਨ 'ਚ ਉਤਰ ਗਈਆਂ ਹਨ। ਇਸੇ ਲੜੀ ਵਿੱਚ ਕਾਂਗਰਸ ਦੇ ਸੰਸਦ ਮੈਂਬਰ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੀ 13 ਜਨਵਰੀ ਨੂੰ ਸੀਲਮਪੁਰ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਨਗੇ। ਦਿੱਲੀ ਪ੍ਰਦੇਸ ਕਾਂਗਰਸ ਦੇ ਇੰਚਾਰਜ ਕਾਜੀ ਨਿਜਾਮੁਦੀਨ ਨੇ ਕਿਹਾ ਹੈ ਕਿ ਰਾਹੁਲ ਗਾਂਧੀ ਸਨੀਵਾਰ ਨੂੰ ਰੈਲੀ ਨੂੰ ਸੰਬੋਧਨ ਕਰਨਗੇ। ਦਿੱਲੀ ਵਿੱਚ ਇਸ ਵਿਧਾਨ ਸਭਾ ਚੋਣਾਂ ਵਿੱਚ ਗਾਂਧੀ ਦੀ ਇਹ ਪਹਿਲੀ ਰੈਲੀ ਹੋਵੇਗੀ। ਦਿੱਲੀ ਪ੍ਰਦੇਸ ਕਾਂਗਰਸ ਕਮੇਟੀ ਦੇ ਦਫਤਰ ਵਿੱਚ ਆਯੋਜਿਤ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਜੀ ਨਿਜਾਮੁਦੀਨ ਨੇ ਕਿਹਾ ਕਿ ਗਾਂਧੀ ਦੇਸ ਦੇ ਲੋਕਾਂ ਦੀ ਆਵਾਜ ਬਣ ਕੇ ਉੱਭਰੇ ਹਨ। ਉਨ੍ਹਾਂ ਕਿਹਾ ਕਿ ਜਿੱਥੇ ਵੀ ਕੋਈ ਮੁੱਦਾ ਹੁੰਦਾ ਹੈ, ਗਾਂਧੀ ਉੱਥੇ ਪਹੁੰਚ ਕੇ ਲੋਕਾਂ ਦੀ ਆਵਾਜ ਉਠਾਉਂਦੇ ਹਨ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਸੋਮਵਾਰ ਸਾਮ 5:30 ਵਜੇ ਉੱਤਰ-ਪੂਰਬੀ ਦਿੱਲੀ ਦੇ ਸੀਲਮਪੁਰ ਇਲਾਕੇ 'ਚ 'ਜੈ ਬਾਪੂ, ਜੈ ਭੀਮ, ਜੈ



ਸੰਵਿਧਾਨ' ਦੇ ਨਾਂਅ 'ਤੇ ਜਨ ਸਭਾ ਨੂੰ ਸੰਬੋਧਨ ਕਰਨਗੇ। ਦਿੱਲੀ ਪ੍ਰਦੇਸ ਕਾਂਗਰਸ ਕਮੇਟੀ ਦੇ ਇੰਚਾਰਜ ਨਿਜਾਮੁਦੀਨ ਨੇ ਕਿਹਾ, 'ਸੀਨੀਅਰ ਕਾਂਗਰਸ ਨੇਤਾ ਰਾਹੁਲ ਗਾਂਧੀ ਸੋਮਵਾਰ ਨੂੰ ਸੀਲਮਪੁਰ ਖੇਤਰ 'ਚ ਜੈ ਬਾਪੂ, ਜੈ ਭੀਮ, ਜੈ ਸੰਵਿਧਾਨ ਦੇ ਨਾਮ 'ਤੇ ਇਕ ਜਨਸਭਾ ਨੂੰ ਸੰਬੋਧਿਤ ਕਰਨਗੇ। ਇਸ ਵਿੱਚ ਵੱਡੀ ਗਿਣਤੀ ਵਿੱਚ ਲੋਕ, ਕਾਂਗਰਸ ਪਾਰਟੀ ਦੇ ਵਰਕਰ ਅਤੇ ਆਗੂ ਸ਼ਿਰਕਤ ਕਰਨਗੇ। ਉਨ੍ਹਾਂ ਕਿਹਾ ਕਿ ਕਾਂਗਰਸ ਦੀ 'ਦਿੱਲੀ ਨਿਆਏ ਯਾਤਰਾ' ਦੀ ਸਫਲਤਾ ਤੋਂ ਬਾਅਦ ਪਾਰਟੀ ਦਿੱਲੀ ਵਿੱਚ ਮਜਬੂਤ ਸਥਿਤੀ ਵਿੱਚ ਹੈ। ਕਾਂਗਰਸ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰਾਂ ਨਾਲ ਜੁੜਨ ਅਤੇ ਪਾਰਟੀ ਵਰਕਰਾਂ ਦਾ ਮਨੋਬਲ ਵਧਾਉਣ ਲਈ ਨਵੰਬਰ ਵਿੱਚ 'ਦਿੱਲੀ ਨਿਆਏ ਯਾਤਰਾ' ਕੱਢੀ ਸੀ। ਇਹ ਯਾਤਰਾ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਅਤੇ 'ਭਾਰਤ ਜੋੜੋ ਨਿਆਯਾ ਯਾਤਰਾ' ਦੀ ਤਰਜ 'ਤੇ ਆਯੋਜਿਤ ਕੀਤੀ ਗਈ ਸੀ ਅਤੇ 7 ਦਸੰਬਰ ਨੂੰ ਸਮਾਪਤ ਹੋਈ ਸੀ। ਦਿੱਲੀ ਵਿੱਚ 5 ਫਰਵਰੀ ਨੂੰ ਇੱਕ ਪੜਾਅ ਵਿੱਚ ਵੋਟਿੰਗ ਹੋਵੇਗੀ। ਵੋਟਾਂ ਦੀ ਗਿਣਤੀ 8 ਫਰਵਰੀ ਨੂੰ ਹੋਵੇਗੀ। 2015 ਅਤੇ 2020 ਦੀਆਂ ਚੋਣਾਂ ਵਿੱਚ ਕਾਂਗਰਸ ਇੱਕ ਵੀ ਸੀਟ ਨਹੀਂ ਜਿੱਤ ਸਕੀ ਸੀ।

## ਮੰਦਿਰ-ਮਸਜਿਦ ਬਿਆਨਬਾਜੀ 'ਤੇ ਭਾਗਵਤ ਦਾ ਸਟੈਂਡ

ਨੈਸ਼ਨਲ ਡੈਸਕ 12 ਜਨਵਰੀ। ਮੰਦਰ-ਮਸਜਿਦ ਦੇ ਮੁੱਦੇ 'ਤੇ ਆਰ. ਐੱਸ. ਐੱਸ. ਦੇ ਮੁਖੀ ਮੋਹਨ ਭਾਗਵਤ ਦੇ ਬਿਆਨ ਤੋਂ ਸੰਘ ਪਰਿਵਾਰ ਦੇ ਕੁਝ ਕੱਟੜਪੰਥੀਆਂ ਸਮੇਤ ਸੰਤ ਨਾਰਾਜ ਹੋ ਸਕਦੇ ਹਨ। ਭਾਗਵਤ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਹਰ ਰੋਜ ਇਕ ਨਵਾਂ ਮਾਮਲਾ (ਵਿਵਾਦ) ਉਠਾਇਆ ਜਾ ਰਿਹਾ ਹੈ। ਇਸ ਦੀ ਇਜਾਜਤ ਕਿਵੇਂ ਦਿੱਤੀ ਜਾ ਸਕਦੀ ਹੈ? ਇਹ ਜਾਰੀ ਨਹੀਂ ਰਹਿ ਸਕਦਾ। ਮੌਜੂਦਾ ਸਮੇਂ 'ਚ ਮੰਦਰਾਂ ਦਾ ਪਤਾ ਲਾਉਣ ਲਈ ਮਸਜਿਦਾਂ ਦੇ ਸਰਵੇਖਣ ਦੀਆਂ ਕਈ ਮੰਗਾਂ ਅਦਾਲਤਾਂ 'ਚ ਪਹੁੰਚ ਗਈਆਂ ਹਨ। ਭਾਗਵਤ ਨੇ ਕਿਹਾ ਸੀ ਕਿ ਕੁਝ ਲੋਕਾਂ ਨੂੰ ਲੱਗਣ ਲੱਗ ਪਿਆ ਹੈ ਕਿ ਅਜਿਹੇ ਮੁੱਦੇ ਉਠਾ ਕੇ ਉਹ ਹਿੰਦੂਆਂ ਦੇ ਆਗੂ ਬਣ ਸਕਦੇ ਹਨ। ਭਾਵੇਂ ਭਾਗਵਤ ਨੇ ਆਪਣੇ ਭਾਸਣ 'ਚ ਕਿਸੇ ਦਾ ਨਾਂ ਨਹੀਂ ਲਿਆ, ਪਰ ਇਸ ਨਾਲ ਪੂਰੇ ਦੇਸ 'ਚ ਹੰਗਾਮਾ ਹੋ ਗਿਆ ਤੇ ਕਈ ਸਿਆਸੀ ਪਾਰਟੀਆਂ ਤੇ ਗਰੁੱਪਾਂ ਨੇ ਭਾਗਵਤ ਦੀ ਯੂ-ਟਰਨ ਲੈਣ ਲਈ ਆਲੋਚਨਾ ਕੀਤੀ। ਦਿਲਚਸਪ ਗੱਲ ਇਹ ਹੈ ਕਿ ਭਾਗਵਤ ਦੇ ਬਿਆਨ 'ਤੇ ਪਾਰਟੀ ਸਮੇਤ ਕਿਸੇ ਵੀ ਭਾਜਪਾ ਨੇਤਾ ਨੇ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। 2017 'ਚ ਵੀ ਆਰ.ਐੱਸ.ਐੱਸ. ਦੇ ਕਹਿਣ 'ਤੇ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਬਣੇ ਯੋਗੀ ਆਦਿੱਤਿਆਨਾਥ ਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ ਸੀ। ਇਹ ਜਾਣਨਾ ਦਿਲਚਸਪ ਹੋਵੇਗਾ ਕਿ ਯੋਗੀ ਨੂੰ ਭਾਜਪਾ ਹਾਈ ਕਮਾਨ ਦੀ ਇੱਛਾ ਦੇ ਵਿਰੁੱਧ ਮੁੱਖ ਮੰਤਰੀ ਬਣਾਇਆ ਗਿਆ ਸੀ। ਹਾਈ ਕਮਾਨ ਮਨੋਜ ਸਿਨ੍ਹਾ, ਜੋ ਇਸ ਸਮੇਂ ਜੰਮੂ-ਕਸਮੀਰ ਦੇ ਉਪ ਰਾਜਪਾਲ ਹਨ, ਨੂੰ ਮੁੱਖ ਮੰਤਰੀ ਬਣਾਉਣ ਲਈ ਉਤਸੁਕ ਸੀ। ਹਾਲਾਂਕਿ ਹਰ ਦੂਜੇ ਦਿਨ ਸੂਬੇ 'ਚ ਮੰਦਰ-ਮਸਜਿਦ ਨਾਲ ਸਬੰਧਤ ਇਕ ਨਵਾਂ ਵਿਵਾਦ ਵੇਖਣ ਨੂੰ ਮਿਲਦਾ ਹੈ।

## ਰਾਜਗ ਸਹਿਯੋਗੀ ਅਜੀਤ ਪਵਾਰ ਦਿੱਲੀ 'ਚ ਵਿਖਾ ਰਹੇ ਹਨ ਤਾਕਤ, ਭਾਜਪਾ ਚੁੱਪ

ਨੈਸ਼ਨਲ ਡੈਸਕ 12 ਜਨਵਰੀ। ਜੇ ਕੋਈ ਇਹ ਸੋਚ ਰਿਹਾ ਹੈ ਕਿ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ 'ਚ ਸਿਰਫ 'ਇੰਡੀਆ' ਗੱਠਜੋੜ ਦੀਆਂ ਪਾਰਟੀਆਂ ਹੀ ਇਕ-ਦੂਜੇ ਦੇ ਵਿਰੁੱਧ ਲੜ ਰਹੀਆਂ ਹਨ ਤਾਂ ਉਹ ਗਲਤ ਹੋ ਸਕਦਾ ਹੈ। ਪਤਾ ਲੱਗਾ ਹੈ ਕਿ ਮਹਾਰਾਸਟਰ 'ਚ ਰਾਜਗ ਦੀ ਸਹਿਯੋਗੀ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਅਗਵਾਈ ਵਾਲੀ ਐੱਨ. ਸੀ. ਪੀ. ਨੇ ਰਾਸਟਰੀ ਰਾਜਧਾਨੀ 'ਚ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਜੇ ਪਹਿਲਾਂ ਇਸ ਦੇ ਉਮੀਦਵਾਰਾਂ ਦੀ ਗਿਣਤੀ 11 ਸੀ ਤਾਂ ਸੂਤਰਾਂ ਅਨੁਸਾਰ ਹੁਣ ਇਹ 20 ਤੱਕ ਜਾ ਸਕਦੀ ਹੈ। ਅਜੀਤ ਪਵਾਰ ਦੀ ਪਾਰਟੀ ਆਪਣੇ ਉਮੀਦਵਾਰਾਂ ਦੀ ਸੂਚੀ 'ਚ ਤਬਦੀਲੀ ਕਰੇਗੀ। ਪਹਿਲਾਂ ਉਸ ਨੇ ਐਲਾਨ ਕੀਤਾ ਸੀ ਕਿ ਉਹ 11 ਸੀਟਾਂ 'ਤੇ ਚੋਣ ਲੜੇਗੀ।



ਐੱਨ. ਸੀ. ਪੀ. ਦੀ ਨਵੀਂ ਸੂਚੀ ਅਗਲੇ ਕੁਝ ਦਿਨਾਂ 'ਚ ਜਾਰੀ ਕੀਤੀ ਜਾ ਸਕਦੀ ਹੈ। ਭਾਜਪਾ ਆਪਣੀਆਂ ਸਿਆਸੀ ਮਜਬੂਰੀਆਂ ਕਾਰਨ ਇਸ ਮੁੱਦੇ 'ਤੇ ਚੁੱਪ ਹੈ ਪਰ ਉਸ ਨੇ ਪਹਿਲਾਂ ਜਨਤਾ ਦਲ (ਯੂ) ਨੂੰ ਦਿੱਲੀ ਵਿਧਾਨ ਸਭਾ ਚੋਣਾਂ 'ਚ ਕੋਈ ਵੀ ਉਮੀਦਵਾਰ ਨਾ ਖੜ੍ਹਾ ਕਰਨ ਲਈ ਮਨਾ ਲਿਆ ਸੀ। ਅਜੀਤ ਪਵਾਰ ਨੇ ਆਪਣੇ ਉਮੀਦਵਾਰ ਬਦਲਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਕੋਈ ਕਾਰਨ ਨਹੀਂ ਦੱਸਿਆ ਗਿਆ। ਹੁਣ ਨਵੇਂ ਨਾਵਾਂ 'ਤੇ ਮੁੜ ਵਿਚਾਰ ਕਰ ਕੇ ਨਵੀਂ ਸੂਚੀ ਤਿਆਰ ਕੀਤੀ ਜਾ ਰਹੀ ਹੈ। ਦਿੱਲੀ 'ਚ ਨਾਮਜਦਗੀਆਂ ਦਾਖਲ ਕਰਨ ਦੀ ਪ੍ਰਕਿਰਿਆ ਸੁਰੂ ਹੋ ਗਈ ਹੈ। ਪੁਰਾਣੇ ਉਮੀਦਵਾਰਾਂ ਦੀ ਥਾਂ ਨਵੇਂ ਉਮੀਦਵਾਰ ਉਤਾਰੇ ਜਾਣਗੇ। ਅਜੀਤ ਪਵਾਰ ਦੂਜੇ ਸੂਬਿਆਂ 'ਚ ਆਪਣੀ ਪਾਰਟੀ ਦੀ ਮੌਜੂਦਗੀ ਦਾ ਪਸਾਰ ਕਰਨਾ ਚਾਹੁੰਦੇ ਹਨ । ਉਹ ਇਸ ਨੂੰ ਇਕ ਸੱਚੀ ਰਾਸਟਰਵਾਦੀ ਕਾਂਗਰਸ ਪਾਰਟੀ ਵਜੋਂ ਸਥਾਪਤ ਕਰਨਾ ਚਾਹੁੰਦੇ ਹਨ। ਭਾਜਪਾ ਨੂੰ ਉਮੀਦ ਹੈ ਕਿ ਇਸ ਨਾਲ ਰਾਜਧਾਨੀ 'ਚ ਗੈਰ-ਭਾਜਪਾ ਵੋਟਾਂ ਵੀ ਵੰਡੀਆਂ ਜਾ ਸਕਦੀਆਂ ਹਨ ਤੇ ਪਾਰਟੀ ਨੂੰ ਮਦਦ ਮਿਲ ਸਕਦੀ ਹੈ।

## ਗੁਜਰਾਤ ਲਿਜਾ ਰਹੇ 1.30 ਕਰੋੜ ਦਾ ਸੋਨਾ ਤੇ 22.49 ਲੱਖ ਦੀ ਨਕਦੀ ਸਮੇਤ 3 ਗ੍ਰਿਫਤਾਰ

ਡੂੰਗਰਪੁਰ 12 ਜਨਵਰੀ। ਡੂੰਗਰਪੁਰ ਜਿਲ੍ਹੇ ਦੇ ਬਿਛੀਵਾੜਾ ਥਾਣਾ ਖੇਤਰ ਵਿਚ ਪੁਲਸ ਨੇ ਰਾਜਸਥਾਨ-ਗੁਜਰਾਤ ਬਾਰਡਰ 'ਤੇ ਇਕ ਵੱਡੀ ਕਾਰਵਾਈ ਕਰਦੇ ਹੋਏ 1.30 ਕਰੋੜ ਰੁਪਏ ਦਾ ਸੋਨਾ ਅਤੇ 22.49 ਲੱਖ ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਰਤਨਪੁਰ ਬਾਰਡਰ 'ਤੇ ਬੀਤੀ ਰਾਤ ਪੁਲਸ ਨੇ 3 ਸ਼ੱਕੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਐੱਸ. ਐੱਚ. ਓ. ਕੈਲਾਸ ਸੋਨੀ ਨੇ ਦੱਸਿਆ ਕਿ ਗੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੇ ਹਿੱਸੇ ਵਜੋਂ ਪੁਲਸ ਨੂੰ ਇਕ ਮੁਖਬਰ ਤੋਂ ਸੂਚਨਾ ਮਿਲੀ ਸੀ ਕਿ 3 ਨੌਜਵਾਨ ਇਕ ਬੱਸ ਵਿਚ ਸੋਨਾ ਅਤੇ ਨਕਦੀ ਲੈ ਕੇ ਜਾ ਰਹੇ ਹਨ। ਪੁਲਸ ਨੇ ਤੁਰੰਤ ਰਤਨਪੁਰ ਬਾਰਡਰ 'ਤੇ ਨਾਕਾਬੰਦੀ ਕਰ ਦਿੱਤੀ। ਇਸ ਦੌਰਾਨ 3 ਨੌਜਵਾਨ ਬੱਸ ਤੋਂ ਹੇਠਾਂ ਉਤਰ ਕੇ ਪੈਦਲ ਤੁਰਨ ਲੱਗੇ। ਉਨ੍ਹਾਂ ਕੋਲ ਇਕ ਝੋਲਾ ਸੀ, ਜੋ ਸ਼ੱਕੀ ਜਾਪਦਾ ਸੀ। ਪੁਲਸ ਨੇ ਨੌਜਵਾਨਾਂ ਨੂੰ ਰੋਕਿਆ ਅਤੇ ਉਨ੍ਹਾਂ ਕੋਲੋਂ ਪੁੱਛਗਿੱਛ ਕੀਤੀ, ਜਿਸ ਨਾਲ ਉਹ ਘਬਰਾ ਗਏ। ਬੈਗ ਦੀ ਤਲਾਸੀ ਲੈਣ 'ਤੇ 1 ਕਿਲੋ 478 ਗ੍ਰਾਮ ਸੋਨਾ ਅਤੇ ਗਹਿਣੇ ਬਰਾਮਦ ਹੋਏ, ਜਿਸ ਦੀ ਕੀਮਤ ਲੱਗਭਗ 1.30 ਕਰੋੜ ਰੁਪਏ ਹੈ। ਇਸ ਤੋਂ ਇਲਾਵਾ 22 ਲੱਖ 49 ਹਜਾਰ 817 ਰੁਪਏ ਨਕਦ ਵੀ ਬਰਾਮਦ ਕੀਤੇ ਗਏ। ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਵਿਚ ਸਿਰੋਹੀ ਨਿਵਾਸੀ ਚੰਦੂਲਾਲ ਪੁੱਤਰ ਜੈਸਾ ਸੈਨ, ਤੇਜਰਾਮ ਪੁੱਤਰ ਬਾਬਾਜੀ ਦੇਵਾਸੀ ਅਤੇ ਅਸੋਕ ਪੁੱਤਰ ਹੋਬਾਰਾਮ ਮੇਘਵਾਲ ਸਾਮਲ ਹਨ। ਨੌਜਵਾਨਾਂ ਤੋਂ ਸੋਨੇ ਅਤੇ ਨਕਦੀ ਦੇ ਸਰੋਤ ਬਾਰੇ ਪੁੱਛਗਿੱਛ ਕੀਤੀ ਗਈ ਪਰ ਉਹ ਤਸੱਲੀਬਖਸ ਜਵਾਬ ਨਹੀਂ ਦੇ ਸਕੇ। ਫਿਲਹਾਲ ਪੁਲਸ ਨੇ ਸੋਨਾ ਅਤੇ ਨਕਦੀ ਜਬਤ ਕਰ ਲਈ ਹੈ ਅਤੇ ਤਿੰਨਾਂ ਮੁਲਜਮਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਮਾਮਲੇ ਦੀ ਜਾਂਚ ਜਾਰੀ ਹੈ।

## ਪ੍ਰਸ਼ਾਂਤ ਕਿਸ਼ੋਰ ਤੋਂ ਬਾਅਦ ਬੀਪੀਐੱਸਸੀ ਨੇ ਖਾਨ ਸਰ ਅਤੇ ਗੁਰੂ ਰਹਿਮਾਨ ਨੂੰ ਭੇਜਿਆ ਕਾਨੂੰਨੀ ਨੋਟਿਸ

**ਏਜੰਸੀਆਂ**

ਪਟਨਾ 12 ਜਨਵਰੀ। ਬਿਹਾਰ ਪਬਲਿਕ ਸਰਵਿਸ ਕਮਿਸਨ (ਬੀਪੀਐੱਸਸੀ) ਨੇ ਸਨੀਵਾਰ ਨੂੰ ਕਿਹਾ ਕਿ ਉਸਨੇ 'ਰਾਜਨੇਤਾਵਾਂ ਸਮੇਤ ਕਈ ਵਿਅਕਤੀਆਂ' ਨੂੰ ਕਾਨੂੰਨੀ ਨੋਟਿਸ ਜਾਰੀ ਕੀਤੇ ਹਨ, ਜਿਨ੍ਹਾਂ ਨੂੰ 13 ਦਸੰਬਰ ਨੂੰ ਸੂਬੇ ਭਰ ਵਿਚ ਕਰਵਾਈ ਸਾਂਝੀ ਪ੍ਰਤੀਯੋਗੀ ਪ੍ਰੀਖਿਆ (ਸੀਸੀਈ) ਨੂੰ ਲੈ ਕੇ ਵਿਵਾਦ ਵਿਚ ਸੰਸਥਾ ਖਿਲਾਫ ਬੇਬੁਨਿਆਦ ਦੋਸ਼ ਲਗਾਏ ਹਨ। ਨਿਊਜ ਏਜੰਸੀ ਨਾਲ ਗੱਲ ਕਰਦੇ ਹੋਏ ਪ੍ਰੀਖਿਆ ਕੰਟਰੋਲਰ ਰਾਜੇਸ ਕੁਮਾਰ ਸਿੰਘ ਨੇ ਕਿਹਾ, "ਕਮਿਸਨ ਨੇ ਕਈ ਲੋਕਾਂ ਨੂੰ ਨੋਟਿਸ ਭੇਜਿਆ ਹੈ, ਜਿਸ ਵਿਚ ਸਿਆਸਤਦਾਨ ਅਤੇ ਕੋਚਿੰਗ ਸੈਂਟਰਾਂ ਨਾਲ ਜੁੜੇ ਕੁਝ ਲੋਕਾਂ ਨੇ 'ਤੇ ਬੇਬੁਨਿਆਦ ਦੋਸ ਲਗਾਏ ਹਨ ਅਤੇ ਜਲਦੀ ਹੀ ਕੁਝ ਹੋਰਨਾਂ ਨੂੰ ਨੋਟਿਸ ਭੇਜੇ ਜਾਣਗੇ। ਹਾਲਾਂਕਿ ਪ੍ਰੀਖਿਆ ਕੰਟਰੋਲਰ ਨੇ ਉਨ੍ਹਾਂ ਲੋਕਾਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਜਿਨ੍ਹਾਂ ਨੂੰ ਨੋਟਿਸ ਭੇਜਿਆ ਗਿਆ ਹੈ, ਪਰ ਜਨ ਸੁਰਾਜ ਪਾਰਟੀ ਦੇ ਉਪ-ਪ੍ਰਧਾਨ ਵਾਈ. ਵੀ. ਗਿਰੀ ਨੇ ਪੁਸਟੀ ਕੀਤੀ ਕਿ ਨੋਟਿਸ ਪ੍ਰਾਪਤ ਕਰਨ ਵਾਲਿਆਂ ਵਿੱਚੋਂ ਇਕ ਪਾਰਟੀ ਦੇ ਸੰਸਥਾਪਕ ਪ੍ਰਸਾਂਤ ਕਿਸੋਰ ਹਨ, ਜੋ ਮਰਨਵਰਤ 'ਤੇ ਹਨ। ਸਿਹਤ ਵਿਗੜਨ ਕਾਰਨ ਇਸ ਸਮੇਂ ਹਸਪਤਾਲ ਵਿਚ ਹਨ। ਗਿਰੀ ਨੇ ਕਿਹਾ ਕਿ ਨੋਟਿਸ 'ਗਲਤ ਲਿਖਿਆ ਗਿਆ ਹੈ ਅਤੇ ਇਸ ਨੂੰ ਨਜਰਅੰਦਾਜ ਕੀਤਾ ਜਾਣਾ ਚਾਹੀਦਾ ਹੈ।' ਬੀਪੀਐੱਸਸੀ ਨੋਟਿਸ ਵਿਚ ਪ੍ਰਸਾਂਤ ਕਿਸੋਰ ਨੂੰ ਏਕੀਕ੍ਰਿਤ 70ਵੀਂ ਸੀਸੀਈ ਵਿਚ ਬੇਨਿਯਮੀਆਂ ਦੇ ਸਬੰਧ ਵਿਚ ਆਪਣੇ ਦੋਸਾਂ ਦਾ ਸਮਰਥਨ ਕਰਨ ਲਈ ਸੱਤ ਦਿਨਾਂ ਦੇ ਅੰਦਰ 'ਅਖੰਡ ਅਤੇ ਪ੍ਰਮਾਣਿਤ ਸਬੂਤਾਂ ਅਤੇ ਸਬੂਤਾਂ ਦੇ ਪੂਰੇ ਵੇਰਵੇਂ



ਪ੍ਰਦਾਨ ਕਰਨ ਲਈ ਕਿਹਾ ਗਿਆ ਹੈ। ਨੋਟਿਸ 'ਚ ਕਿਸੋਰ 'ਤੇ ਅਪਮਾਨਜਨਕ ਅਤੇ ਬੇਬੁਨਿਆਦ ਬਿਆਨ ਦੇਣ ਦਾ ਦੋਸ ਲਗਾਇਆ ਗਿਆ ਹੈ। ਨੋਟਿਸ ਅਨੁਸਾਰ ਕਿਸੋਰ ਨੇ ਹਾਲ ਹੀ ਵਿਚ ਇਕ ਇੰਟਰਵਿਊ ਵਿਚ ਦੋਸ ਲਗਾਇਆ ਸੀ ਕਿ 'ਬੱਚਿਆਂ ਦੀਆਂ ਨੌਕਰੀਆਂ 1 ਕਰੋੜ ਤੋਂ 1.5 ਕਰੋੜ ਰੁਪਏ ਵਿਚ ਵੇਚੀਆਂ ਗਈਆਂ ਸਨ' ਅਤੇ ਦਾਅਵਾ ਕੀਤਾ ਸੀ ਕਿ ਇਹ ਘੁਟਾਲਾ '1,000 ਕਰੋੜ ਰੁਪਏ ਤੋਂ ਵੱਧ' ਦਾ ਸੀ। ਨੋਟਿਸ ਪ੍ਰਾਪਤ ਕਰਨ ਵਾਲਾ ਦੂਜਾ ਵਿਅਕਤੀ ਪਟਨਾ-ਅਧਾਰਤ ਟਿਊਟਰ ਅਤੇ ਯੂਟਿਊਬਰ ਖਾਨ ਸਰ ਹੈ, ਜਿਸ ਨੇ ਦੀ ਕਾਰਵਾਈ 'ਤੇ ਆਪਣੀ ਨਾਰਾਜਗੀ ਜਾਹਰ ਕੀਤੀ ਹੈ। ਖਾਨ ਸਰ ਨੇ ਕਿਹਾ, "ਹਾਂ, ਮੈਨੂੰ ਵਿਰੋਧ ਕਰ ਰਹੇ ਉਮੀਦਵਾਰਾਂ ਦੇ ਸਮਰਥਨ ਵਿਚ ਦਿੱਤੇ ਗਏ ਮੇਰੇ ਭਾਸਣਾਂ ਲਈ ਤੋਂ ਇਕ ਕਾਨੂੰਨੀ ਨੋਟਿਸ ਮਿਲਿਆ ਹੈ। ਮੈਂ ਆਪਣੇ ਵਕੀਲਾਂ ਨਾਲ ਸਲਾਹ ਕਰਕੇ ਜਲਦੀ ਹੀ ਆਪਣਾ ਜਵਾਬ ਭੇਜਾਂਗਾ। ਪਰ, ਮੈਂ ਇਕ ਗੱਲ ਜਰੂਰ ਕਹਿਣਾ ਚਾਹਾਂਗਾ ਕਿ ਮੈਂ ਵਿਦਿਆਰਥੀਆਂ ਦੀ ਭਲਾਈ ਲਈ ਲੜਦਾ ਰਹਾਂਗਾ। ਉਨ੍ਹਾਂ ਨੇ ਕਿਹਾ, 'ਅਸੀਂ 13 ਦਸੰਬਰ ਨੂੰ ਹੋਈ ਪ੍ਰੀਖਿਆ 'ਚ ਕਥਿਤ ਬੇਨਿਯਮੀਆਂ ਨਾਲ ਜੁੜੇ ਮੁੱਦੇ 'ਤੇ ਪਟਨਾ ਹਾਈ ਕੋਰਟ ਤੱਕ ਪਹੁੰਚ ਕਰਨ ਦੀ ਤਿਆਰੀ ਕਰ ਰਹੇ ਹਾਂ।"

## ਮਹਿਲਾ ਰਾਖਵਾਂਕਰਨ ਖਿਲਾਫ ਪਟੀਸ਼ਨਾਂ 'ਤੇ ਸੁਣਵਾਈ ਤੋਂ ਸੁਪਰੀਮ ਕੋਰਟ ਦੀ ਨਾਂਹ

ਨਵੀਂ ਦਿੱਲੀ, 12 ਜਨਵਰੀ। ਸੁਪਰੀਮ ਕੋਰਟ ਨੇ ਸਾਲ 2023 ਦੇ ਨਾਰੀ ਸਕਤੀ ਵੰਦਨ ਐਕਟ ਦੇ ਹੱਦਬੰਦੀ ਉਪਬੰਧ ਨੂੰ ਚੁਣੌਤੀ ਦੇਣ ਵਾਲੀਆਂ ਪਟੀਸਨਾਂ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿਚ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿਚ ਔਰਤਾਂ ਲਈ ਇਕ ਤਿਹਾਈ ਸੀਟਾਂ ਰਾਖਵੀਆਂ ਕਰਨ ਦੀ ਵਿਵਸਥਾ ਹੈ। ਜਯਾ ਠਾਕੁਰ ਤੇ ਨੈਸਨਲ ਫੈੱਡਰੇਸਨ ਆਫ ਇੰਡੀਅਨ ਵੂਮੈਨ ਨੇ



ਇਸ ਸਬੰਧੀ ਪਟੀਸਨਾਂ ਦਾਇਰ ਕੀਤੀਆਂ ਸਨ। 21 ਸਤੰਬਰ, 2023 ਨੂੰ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿਚ ਔਰਤਾਂ ਲਈ ਇਕ ਤਿਹਾਈ ਸੀਟਾਂ ਰਾਖਵੀਆਂ ਕਰਨ ਵਾਲੇ ਬਿੱਲ ਨੂੰ ਸੰਸਦ ਨੇ ਮਨਜੂਰੀ ਦੇ ਦਿੱਤੀ ਸੀ। ਇਸ ਕਾਨੂੰਨ ਨੂੰ ਲਾਗੂ ਕਰਨ ਵਿਚ ਥੋੜ੍ਹਾ ਸਮਾਂ ਲੱਗੇਗਾ ਕਿਉਂਕਿ ਮਰਦਮਸ਼ੁਮਾਰੀ ਕਰਾਉਣ ਸਮੇਤ ਹੱਦਬੰਦੀ (ਲੋਕ ਸਭਾ ਅਤੇ ਵਿਧਾਨ ਸਭਾਵਾਂ ਖੇਤਰਾਂ ਨੂੰ ਮੁੜ ਨਿਯਤ ਕਰਨ) ਦੀ ਕਵਾਇਦ ਨੂੰ ਪੂਰਾ ਕੀਤਾ ਜਾਣਾ ਅਜੇ ਬਾਕੀ ਹੈ। ਕਾਨੂੰਨ ਮੁਤਾਬਕ, ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਔਰਤਾਂ ਲਈ ਰਾਖਵਾਂਕਰਨ 15 ਸਾਲ ਤੱਕ ਜਾਰੀ ਰਹੇਗਾ ਅਤੇ ਸੰਸਦ ਬਾਅਦ ਵਿਚ ਲਾਭ ਦੀ ਮਿਆਦ ਵਧਾ ਸਕਦੀ ਹੈ।

## ਜੰਮੂ ਕਸ਼ਮੀਰ ਦੇ ਚਿਨਾਰ ਕੋਰ ਨੇ ਸ਼੍ਰੀਨਗਰ 110ਵਾਂ ਸਥਾਪਨਾ ਦਿਵਸ ਮਨਾਇਆ

ਸ਼੍ਰੀਨਗਰ 12 ਜਨਵਰੀ। ਜੰਮੂ ਕਸ਼ਮੀਰ 'ਚ ਸ਼੍ਰੀਨਗਰ ਸਥਿਤ ਚਿਨਾਰ ਕੋਰ ਦੇ ਜਨਰਲ ਅਫਸਰ ਕਮਾਂਡਿੰਗ (ਜੀਓਸੀ) ਲੈਫਟੀਨੈਂਟ ਜਨਰਲ ਪ੍ਰਸ਼ਾਂਤ ਸ਼੍ਰੀਵਾਸਤਵ ਨੇ ਐਤਵਾਰ ਨੂੰ 110ਵੇਂ ਸਥਾਪਨਾ ਦਿਵਸ ਮੌਕੇ ਚਿਨਾਰ ਯੁੱਧ ਸਮਾਰਕ, ਬਾਦਾਮੀ ਬਾਗ ਛਾਉਣੀ ਸ਼੍ਰੀਨਗਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਚਿਨਾਰ ਕੋਰ ਨੇ 'ਐਕਸ' 'ਤੇ ਇਕ ਪੋਸਟ 'ਚ ਕਹਿਾ ਕਿ ਸਥਾਪਨਾ ਦਿਵਸ 'ਤੇ ਜੀਓਸੀ ਨੇ ਸਾਰੇ ਰੈਂਕਾਂ, ਉਨ੍ਹਾਂ ਦੇ ਪਰਿਵਾਰਾਂ, ਦਿੱਗਜਾਂ ਅਤੇ ਸਿਵਲ ਕਰਮਚਾਰੀਆਂ ਨੂੰ ਹਾਰਦਿਕ ਸ਼ੁੱਭਕਾਮਨਾਵਾਂ ਦਿੱਤੀਆਂ।

## ਪੰਜਾਬ ਪੁਲਸ ਦੇ ਜਵਾਨ ਦੀ ਡਿਊਟੀ ਦੌਰਾਨ ਗਈ ਜਾਨ, ਮੁੱਖ ਮੰਤਰੀ ਮਾਨ ਨੇ ਕੀਤਾ ਵੱਡਾ ਐਲਾਨ

**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ/ਸੰਗਰੂਰ 12 ਜਨਵਰੀ। ਪੰਜਾਬ ਪੁਲਸ ਦਾ ਜਵਾਨ ਹਰਸਵੀਰ ਸਿੰਘ ਦੀ ਬੀਤੇ ਦਿਨੀਂ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਉਹ ਸੜਕ ਸੁਰੱਖਿਆ ਫੋਰਸ ਵਿਚ ਤਾਇਨਾਤ ਸੀ ਤੇ ਡਿਊਟੀ ਦੌਰਾਨ ਸੜਕ ਹਾਦਸੇ ਵਿਚ ਗੰਭੀਰ ਰੂਪ ਵਿਚ ਜਖਮੀ ਹੋ ਗਿਆ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਸ ਮੰਦਭਾਗੀ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਸ ਦੇ ਪਰਿਵਾਰ ਨੂੰ 1 ਕਰੋੜ ਰੁਪਏ ਸਰਕਾਰ ਵੱਲੋਂ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਬੈਂਕ ਵੱਲੋਂ ਵੀ ਜੀਵਨ ਬੀਮਾ ਤਹਿਤ 1 ਕਰੋੜ ਰੁਪਏ ਅਲੱਗ ਤੋਂ ਦਿੱਤੇ ਜਾਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਭਵਾਨੀਗੜ੍ਹ ਦੇ ਬਾਲਦ ਕੈਂਚੀਆਂ ਵਿਖੇ ਬੀਤੇ ਦਿਨੀ ਬਹੁਤ ਮੰਦਭਾਗੀ ਘਟਨਾ ਵਾਪਰੀ, ਡਿਊਟੀ 'ਤੇ ਤਾਇਨਾਤ ਦੇ ਮੁਲਾਜਮਾਂ ਦੀ ਗੱਡੀ ਹਾਦਸਾਗ੍ਰਸਤ ਹੋ ਗਈ। ਮੁਲਾਜਮ ਹਰਸਵੀਰ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ ਤੇ ਜਖਮੀ ਮੁਲਾਜਮ ਮਨਦੀਪ ਸਿੰਘ ਜੋਕਿ ਜੇਰੇ ਇਲਾਜ ਹੈ। ਅਸੀਂ ਉਨ੍ਹਾਂ ਦੀ ਜਲਦ ਸਿਹਤਯਾਬੀ ਦੀ ਕਾਮਨਾ ਕਰਦੇ ਹਾਂ। ਉਨ੍ਹਾਂ ਕਿਹਾ ਕਿ ਹਰਸਵੀਰ ਸਿੰਘ ਦੇ ਪਰਿਵਾਰ ਨਾਲ ਦਿਲੋਂ ਹਮਦਰਦੀ ਹੈ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਵੱਲੋਂ ਸਹਾਇਤਾ ਰਾਸੀ ਵਜੋਂ 1 ਕਰੋੜ ਰੁਪਏ ਪਰਿਵਾਰ ਨੂੰ ਦੇਵਾਂਗੇ ਤੇ ਨਾਲ ਹੀ ਬੈਂਕ ਵੱਲੋਂ ਵੀ ਜੀਵਨ ਬੀਮਾ ਤਹਿਤ 1 ਕਰੋੜ ਰੁਪਏ ਅਲੱਗ ਤੋਂ ਦਿੱਤੇ



ਜਾਣਗੇ। ਭਵਾਨੀਗੜ੍ਹ ਦੇ ਬਾਲਦ ਕੈਂਚੀਆਂ ਵਿਖੇ ਬੀਤੇ ਦਿਨੀ ਬਹੁਤ ਮੰਦਭਾਗੀ ਘਟਨਾ ਵਾਪਰੀ, ਡਿਊਟੀ 'ਤੇ ਤਾਇਨਾਤ ਦੇ ਮੁਲਾਜਮਾਂ ਦੀ ਗੱਡੀ ਹਾਦਸਾਗ੍ਰਸਤ ਹੋ ਗਈ। ਮੁਲਾਜਮ ਹਰਸਵੀਰ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ ਤੇ ਜਖਮੀ ਮੁਲਾਜਮ ਮਨਦੀਪ ਸਿੰਘ ਜੋਕਿ ਜੇਰੇ ਇਲਾਜ ਹੈ, ਜਲਦ ਸਿਹਤਯਾਬੀ ਦੀ ਕਾਮਨਾ ਕਰਦੇ ਹਾਂ। ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਰਿਆਂ ਨੂੰ ਅਪੀਲ ਕੀਤੀ ਹੈ ਕਿ ਸੰਘਣੀ ਧੁੰਦ ਕਾਰਨ ਸਫਰ ਦੌਰਾਨ ਬਚਾਅ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸੜਕਾਂ 'ਤੇ ਸਾਵਧਾਨੀ ਵਰਤਨੀ ਚਾਹੀਦੀ ਹੈ, ਹਰ ਕਿਸੇ ਦੀ ਜਾਨ ਬਹੁਤ ਕੀਮਤੀ ਹੈ। ਵਰਨਣਯੋਗ ਹੈ ਕਿ 25 ਸਾਲਾ ਕਾਂਸਟੇਬਲ ਹਰਸਵੀਰ ਸਿੰਘ ਵਾਸੀ ਦਸਮੇਸ ਨਗਰ ਭਵਾਨੀਗੜ੍ਹ ਇਸ ਸਮੇਂ ਸੜਕ ਸੁਰੱਖਿਆ ਫੋਰਸ ਭਵਾਨੀਗੜ੍ਹ ਲਈ ਆਪਣੀਆਂ ਸੇਵਾਵਾਂ ਦੇ ਰਿਹਾ ਸੀ। ਬੀਤੀ ਰਾਤ ਜਦੋਂ ਹਰਸਵੀਰ ਸਿੰਘ ਆਪਣੇ ਸਾਥੀ ਮੁਲਾਜਮਾਂ ਸਮੇਤ ਐੱਸ.ਐੱਸ.ਐੱਫ ਦੀ ਗੱਡੀ ਵਿਚ ਬੈਠਾ ਬਾਲਦ ਕੈਂਚੀਆਂ ਵਿਖੇ ਡਿਊਟੀ ਕਰ ਰਿਹਾ ਸੀ ਤਾਂ ਸਮਾਣਾ ਵੱਲੋਂ ਆ ਰਹੀ ਇਕ ਤੇਜ ਰਫਤਾਰ ਸਵਿਫਟ ਕਾਰ ਦੇ ਚਾਲਕ ਜੋ ਕਿ ਨਸੇ ਵਿਚ ਧੁੱਤ ਸੀ ਨੇ ਲਾਪਰਵਾਹੀ ਨਾਲ ਆਪਣੀ ਕਾਰ ਐੱਸ.ਐੱਸ.ਐੱਫ ਦੀ ਗੱਡੀ 'ਤੇ ਚੜ੍ਹਾ ਦਿੱਤੀ। ਇਸ ਹਾਦਸੇ ਦੌਰਾਨ ਡਰਾਈਵਰ ਸੀਟ 'ਤੇ ਬੈਠਾ ਹਰਸਵੀਰ ਸਿੰਘ ਗੰਭੀਰ ਰੂਪ 'ਚ ਜਖਮੀ ਹੋ ਗਿਆ। ਹਾਲਤ ਜ਼ਿਆਦਾ ਗੰਭੀਰ ਹੋਣ ਕਾਰਨ ਹਰਸਵੀਰ ਸੁਰੂ ਤੋਂ ਹੀ ਵੈਂਟੀਲੇਟਰ 'ਤੇ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਸੀ। ਪਟਿਆਲਾ ਤੋਂ ਬਾਅਦ ਉਸ ਨੂੰ ਇਲਾਜ ਲਈ ਪੀਜੀਆਈ ਚੰਡੀਗੜ੍ਹ ਲਿਜਾਇਆ ਗਿਆ ਜਿੱਥੇ ਸੁੱਕਰਵਾਰ ਸਨੀਵਾਰ ਦੀ ਦਰਮਿਆਨੀ ਰਾਤ ਹਰਸਵੀਰ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ। ਦੱਸ ਦੇਈਏ ਕਿ ਹਰਸਵੀਰ ਸਿੰਘ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤ ਸੀ ਜੋ ਹੁਣੇ-ਹੁਣੇ ਸਾਲ 2023 ਦੌਰਾਨ ਪੰਜਾਬ ਪੁਲਸ ਵਿਚ ਭਰਤੀ ਹੋਇਆ ਸੀ। ਹਰਸ਼ਵੀਰ ਦੀ ਮੌਤ ਤੋਂ ਬਾਅਦ ਪਿਤਾ ਸੁਖਬੀਰ ਸਿੰਘ ਤੇ ਪਰਿਵਾਰ ਦਾ ਰੋ-ਰੋ ਬੁਰਾ ਹਾਲ ਸੀ। ਹਰਸਵੀਰ ਦੀ ਮੌਤ ਨੇ ਹਰ ਇਕ ਨੂੰ ਝੰਜੋੜ ਕੇ ਰੱਖ ਦਿੱਤਾ ਤੇ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਹਰ ਵਿਅਕਤੀ ਦੀ ਨਮ ਅੱਖ ਆਖ ਰਹੀ ਸੀ ਕਿ ਲੋਕਾਂ ਦੀ ਜ਼ਿੰਦਗੀ ਬਚਾਉਂਦਾ ਬਚਾਉਂਦਾ ਅੱਜ ਹਰਸ਼ਵੀਰ ਆਪਣੀ ਜ਼ਿੰਦਗੀ ਹਾਰ ਗਿਆ। ਦੂਜੇ ਪਾਸੇ ਸਨੀਵਾਰ ਦੁਪਹਿਰ ਹਰਸਵੀਰ ਦਾ ਅੰਤਿਮ ਸੰਸਕਾਰ ਸਰਕਾਰੀ ਸਨਮਾਨਾਂ ਨਾਲ ਭਵਾਨੀਗੜ੍ਹ ਦੇ ਸਮਸਾਨਘਾਟ ਵਿਖੇ ਕੀਤਾ ਗਿਆ।

## 'ਮੈਂ ਟਰੰਪ ਨੂੰ ਹਰਾ ਦਿੰਦਾ ਪਰ...' ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਹਟਣ ਬਾਰੇ ਬਾਈਡੇਨ ਨੇ ਕੀਤਾ ਵੱਡਾ ਖੁਲਾਸਾ

ਵਾਸ਼ਿੰਗਟਨ, 12 ਜਨਵਰੀ। ਅਮਰੀਕਾ ਦੇ ਅਹੁਦਾ ਛੱਡ ਰਹੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਕਿਹਾ ਹੈ ਕਿ ਉਹ ਨਵੰਬਰ 'ਚ ਹੋਈਆਂ ਆਮ ਚੋਣਾਂ ਵਿਚ ਡੋਨਾਲਡ ਟਰੰਪ ਨੂੰ ਹਰਾ ਦਿੰਦੇ ਪਰ ਉਨ੍ਹਾਂ ਡੈਮੋਕ੍ਰੈਟਿਕ ਪਾਰਟੀ ਦੀ ਇਕਜੁੱਟਤਾ ਖਾਤਿਰ ਚੋਣਾਂ ਦੇ ਵਿਚਾਲੇ ਹੀ ਉਮੀਦਵਾਰੀ ਵਾਪਸ ਲੈਣ ਦਾ ਫੈਸਲਾ ਕਰ ਲਿਆ। ਬਾਈਡੇਨ ਨੇ ਵ੍ਹਾਈਟ ਹਾਊਸ 'ਚ ਕਿਹਾ, "ਪਾਰਟੀ ਨੂੰ ਇਕਜੁੱਟ ਕਰਨਾ ਜਰੂਰੀ ਹੈ ਅਤੇ ਜਦੋਂ ਪਾਰਟੀ ਇਸ ਗੱਲ ਨੂੰ ਲੈ ਕੇ ਫਿਕਰਮੰਦ ਸੀ ਕਿ ਮੈਂ ਅੱਗੇ ਵਧ ਸਕਾਂਗਾ ਜਾਂ ਨਹੀਂ ਤਾਂ ਮੈਂ ਸੋਚਿਆ ਕਿ ਪਾਰਟੀ ਨੂੰ ਇਕਜੁੱਟ ਕਰਨਾ ਬਿਹਤਰ ਹੋਵੇਗਾ। ਹਾਲਾਂਕਿ ਮੈਨੂੰ ਲੱਗਾ ਸੀ ਕਿ ਮੈਂ ਜਿੱਤ ਸਕਦਾ ਹਾਂ।" ਜੂਨ 'ਚ ਅਟਲਾਂਟਾ 'ਚ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਵਿਚਾਲੇ ਹੋਈ 'ਡਿਬੇਟ' ਵਿਚ ਬਾਈਡੇਨ (82) ਦੀ ਕਾਰਗੁਜਾਰੀ ਕੁਝ ਖਾਸ ਨਹੀਂ ਸੀ, ਜਿਸ ਤੋਂ ਬਾਅਦ ਉਨ੍ਹਾਂ ਦੀ ਹੀ ਪਾਰਟੀ ਦੇ ਮੈਂਬਰ ਬਾਈਡੇਨ ਦੇ ਇਸ ਅਹੁਦੇ ਦੀ ਦੌੜ 'ਚੋਂ ਹਟਣ ਦੀ ਗੱਲ ਕਰਨ ਲੱਗੇ ਸਨ ਅਤੇ ਆਖਰ ਬਾਈਡੇਨ ਨੇ ਟਰੰਪ ਖਿਲਾਫ ਰਾਸ਼ਟਰਪਤੀ ਅਹੁਦੇ ਦੀ ਦੌੜ 'ਚੋਂ ਹਟਣ ਦਾ ਫੈਸਲਾ ਕਰ ਲਿਆ। ਜੋਅ ਬਾਈਡੇਨ ਨੇ ਕਿਹਾ ਕਿ ਅਮਰੀਕਾ ਨੇ ਰੂਸ 'ਤੇ ਵੱਡੇ ਪੱਧਰ 'ਤੇ ਪਾਬੰਦੀਆਂ ਲਾਈਆਂ ਹਨ ਤਾਂ ਜੋ ਯੂਕ੍ਰੇਨ ਨੂੰ ਆਪਣੀ ਆਜਾਦੀ ਬਣਾਈ ਰੱਖਣ ਅਤੇ



ਮਾਸਕੋ ਖਿਲਾਫ ਲੜਨ 'ਚ ਮਦਦ ਮਿਲ ਸਕੇ। ਡੋਨਾਲਡ ਟਰੰਪ ਨੂੰ ਕਮਾਨ ਸੌਂਪਣ ਤੋਂ 10 ਦਿਨ ਪਹਿਲਾਂ ਬਾਈਡੇਨ ਪ੍ਰਸ਼ਾਸਨ ਨੇ ਉਨ੍ਹਾਂ ਕੰਪਨੀਆਂ ਤੇ ਸੰਸਥਾਵਾਂ 'ਤੇ ਪਾਬੰਦੀਆਂ ਲਾ ਦਿੱਤੀਆਂ ਹਨ, ਜੋ ਊਰਜਾ, ਖਾਸ ਤੌਰ 'ਤੇ ਗੈਸ ਦੀ ਬਰਾਮਦ 'ਚ ਰੂਸ ਦੀ ਮਦਦ ਕਰਦੀਆਂ ਹਨ। ਇਨ੍ਹਾਂ ਵਿਚ 2 ਕੰਪਨੀਆਂ ਭਾਰਤ ਦੀਆਂ ਹਨ।

## ਪੰਜਾਬ ਦੀ ਸਿਆਸਤ 'ਚ ਨਵਾਂ ਮੋੜ, ਸੁਖਬੀਰ ਬਾਦਲ ਹੋਏ ਸੁਰਖਰੂ, ਹੁਣ ਖੁੱਲ੍ਹ ਕੇ ਟੱਕਰਨਗੇ ਵਿਰੋਧੀਆਂ ਨੂੰ

**ਤੇਜਿੰਦਰ ਕੌਰ ਬੱਬਰ**

ਜਲੰਧਰ 12 ਜਨਵਰੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹਿ ਚੁੱਕੇ ਸੁਖਬੀਰ ਸਿੰਘ ਬਾਦਲ ਨੇ ਸ਼ੁੱਕਰਵਾਰ ਸ਼੍ਰੋਮਣੀ ਅਕਾਲੀ ਦਲ ਲਈ ਉੱਚ ਤਾਕਤੀ ਵਰਕਿੰਗ ਕਮੇਟੀ ਦੀ ਮੀਟਿੰਗ 'ਚ ਸ਼ਾਮਲ ਹੋ ਕੇ ਆਪਣਾ ਪਾਰਟੀ ਦੀ ਪ੍ਰਧਾਨਗੀ ਤੋਂ ਦਿੱਤਾ ਹੋਇਆ ਅਸਤੀਫਾ ਪ੍ਰਵਾਨ ਕਰਨ ਲਈ ਨਾ ਸਿਰਫ ਬੇਨਤੀ ਕੀਤੀ ਸਗੋਂ ਜੋਰ ਦੇ ਕੇ ਅਸਤੀਫਾ ਪ੍ਰਵਾਨ ਕਰਵਾਇਆ ਤਾਂ ਜੋ ਸ੍ਰੀ ਅਕਾਲ ਤਖਤ ਸਾਹਿਬ ਤੋਂ 2 ਦਸੰਬਰ ਨੂੰ ਹੋਏ ਆਦੇਸ਼ ਨੂੰ ਲਾਗੂ ਕਰਵਾਇਆ ਜਾ ਸਕੇ। ਸੁਖਬੀਰ ਬਾਦਲ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਤਾਂ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਇਕ ਨਿਮਾਣੇ ਸਿੱਖ ਵਜੋਂ ਪੇਸ਼ ਹੋਣ। ਸੁਖਬੀਰ ਬਾਦਲ ਨੂੰ ਸ਼ੰਕਾ ਸੀ ਕਿ ਪਾਰਟੀ ਦੀ ਵਰਕਿੰਗ ਕਮੇਟੀ ਕਿਤੇ ਪਹਿਲਾਂ ਵਾਂਗ ਅਸਤੀਫਾ ਪ੍ਰਵਾਨ ਕਰਨ ਬਾਰੇ ਫੈਸਲਾ ਅੱਗੇ ਨਾ ਪਾ ਦੇਵੇ, ਜਿਹੜਾ ਉਨ੍ਹਾਂ ਨੂੰ ਪ੍ਰਵਾਨ ਨਹੀਂ ਸੀ। ਸੁਖਬੀਰ ਬਾਦਲ ਨੇ 16 ਨਵੰਬਰ ਨੂੰ ਪਾਰਟੀ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਸ੍ਰੀ ਅਕਾਲ ਤਖਤ ਸਾਹਿਬ ਤੋਂ 2 ਦਸੰਬਰ ਨੂੰ ਸੁਖਬੀਰ ਬਾਦਲ ਸਮੇਤ ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਪਾਰਟੀ ਦੇ 10 ਸਾਲਾਂ ਦੇ ਕਾਰਜਕਾਲ ਦੌਰਾਨ ਹੋਈਆਂ ਗਲਤੀਆਂ ਲਈ ਸੇਵਾ ਲਗਾਈ ਗਈ ਸੀ, ਜੋ ਉਨ੍ਹਾਂ ਸਮੇਤ ਸਾਰੇ ਲੀਡਰਾਂ ਨੇ ਬਾਖੂਬੀ ਨਿਭਾਈ। ਆਪਣੇ



ਕੱਟੜ ਵਿਰੋਧੀਆਂ ਅਤੇ ਆਲੋਚਕਾਂ ਵੱਲੋਂ ਧਾਰਮਿਕ ਮੁੱਦਿਆਂ 'ਤੇ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਦਿਨ-ਰਾਤ ਚਲਾਏ ਜਾ ਅੰਧਾਧੁੰਦ ਕੂੜ ਪ੍ਰਚਾਰ ਹੇਠੋਂ ਵਿਚਾਰਧਾਰਕ ਜਮੀਨ ਖਿਸਕਾਉਂਦਿਆਂ, ਪਾਰਟੀ ਨੇ ਆਪਣੇ ਲੰਬੇ ਅਤੇ ਔਖੇ ਸਮੇਂ ਦੌਰਾਨ ਅਗਵਾਈ ਦਿੰਦੇ ਆ ਰਹੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਪ੍ਰਵਾਨ ਕਰਕੇ ਉਸ ਵੱਲੋਂ ਸਰਕਾਰ ਨੂੰ ਲੋਕਾਂ ਦੇ ਮੁੱਦਿਆਂ 'ਤੇ ਕਟਹਿਰੇ ਵਿਚ ਖੜ੍ਹਾ ਕਰਨ ਲਈ ਉਸ ਦੇ ਹੱਥ ਖੋਲ੍ਹ ਦਿੱਤੇ ਹਨ। ਯਾਦ ਰਹੇ ਕਿ ਨਵੰਬਰ ਵਿਚ ਅਸਤੀਫਾ ਦੇਣ ਤੋਂ ਲੈ ਕੇ ਅੱਜ ਤੱਕ ਉਹ ਪਾਰਟੀ ਮੀਟਿੰਗਾਂ ਤੋਂ ਦੂਰ ਰਹਿ ਰਹੇ ਸਨ। ਅਸਤੀਫਾ ਪ੍ਰਵਾਨ ਦੇ ਫੈਸਲੇ ਨਾਲ ਸੁਖਬੀਰ ਬਾਰੇ ਸ੍ਰੀ ਅਕਾਲ ਤਖਤ ਵੱਲੋਂ ਜਾਰੀ ਸਾਰੇ ਹੁਕਮਾਂ ਦੀ ਪੂਰੀ ਤਰ੍ਹਾਂ ਤਾਮੀਲ ਹੋ ਗਈ ਹੈ। ਇਸ ਤੋਂ ਪਹਿਲਾਂ ਆਪਣੇ ਉੱਤੇ ਹੋਏ ਜਾਨਲੇਵਾ ਹਮਲੇ ਦੀ ਪਰਵਾਹ ਨਾ ਕਰਦਿਆਂ ਉਨ੍ਹਾਂ ਨੇ ਪੂਰੀ ਤਰ੍ਹਾਂ ਅਡੋਲ ਰਹਿ ਕੇ ਧਾਰਮਿਕ ਸੇਵਾ ਨਿਰਵਿਘਨ ਪੂਰੀ ਕੀਤੀ ਸੀ ਹੁਣ ਸੁਖਬੀਰ ਬਾਦਲ ਦੇ ਹੱਥ, ਜੋ ਧਾਰਮਿਕ ਇਲਜਾਮਾਂ ਕਾਰਨ ਉਨ੍ਹਾਂ ਦੀ ਪਿੱਠ ਪਿੱਛੇ ਬੱਝੇ ਵਿਖਾਈ ਦਿੰਦੇ ਸਨ, ਉਹ ਪੂਰੀ ਤਰ੍ਹਾਂ ਖੁੱਲ੍ਹ ਗਏ ਹਨ। ਸਿਆਸੀ ਮਾਹਿਰਾਂ ਵੱਲੋਂ ਇਸ ਘਟਨਾਕ੍ਰਮ ਨੂੰ ਇਤਿਹਾਸਿਕ ਕਰਾਰ ਦਿੰਦਿਆਂ ਕਿਹਾ ਗਿਆ ਹੈ ਕਿ ਇਸ ਨਾਲ ਅਕਾਲੀ ਸਿਆਸਤ ਅਤੇ ਸੂਬੇ ਦੀ ਰਾਜਨੀਤੀ ਵਿਚ ਇਕ ਨਵਾਂ ਮੋੜ ਆ ਗਿਆ ਹੈ। ਸੁਖਬੀਰ ਸਿੰਘ ਬਾਦਲ ਵਰਗੇ ਤੇਜ ਤਰਾਰ ਆਗੂ ਅਕਾਲ ਤਖਤ ਸਾਹਿਬ ਪ੍ਰਤੀ ਨਿਮਰਤਾ ਅਤੇ ਵਚਨਬੱਧਤਾ ਵਿਖਾਉਣ ਅਤੇ ਮੁਕਤ ਹੋਣ ਤੋਂ ਬਾਅਦ ਲੋਕਾਂ ਦੇ ਮੁੱਦਿਆਂ ਨੂੰ ਲੈ ਕੇ ਸਰਕਾਰ ਉੱਤੇ ਵਰ੍ਹਦੇ ਨਜਰ ਆਉਣਗੇ, ਜਿਸ ਨਾਲ ਸੂਬੇ ਦੀ ਸਿਆਸਤ ਵਿਚ ਇਕ ਨਵੀਂ ਫਿਜਾ ਦਾ ਆਗਾਜ ਹੋਵੇਗਾ।

# ਪ੍ਰਾਈਵੇਟ ਡਾਕਟਰ ਦੀ ਅਣਗਹਿਲੀ ਨਾਲ ਨਵ ਜਨਮੀ ਬੱਚੀ ਦੀ ਮੌਤ, ਪਰਿਵਾਰ ਨੇ ਵੱਡੇ ਇਲਜਾਮ

ਗੁਰਦਾਸਪੁਰ 12 ਜਨਵਰੀ। ਗੁਰਦਾਸਪੁਰ ਵਿੱਚ ਇੱਕ ਪਰਿਵਾਰ ਨੇ ਨਿੱਜੀ ਹਸਪਤਾਲ ਦੇ ਡਾਕਟਰ ’ਤੇ ਦੋ ਮਹੀਨੇ ਦੀ ਬੱਚੀ ਦਾ ਗਲਤ ਇਲਾਜ ਕਰਨ ਦੇ ਦੋਸ਼ ਲਗਾਏ ਹਨ। ਬੱਚੀ ਦੀ ਇਲਾਜ ਦੌਰਾਨ ਮੌਤ ਹੋਣ ਤੋਂ ਬਾਅਦ ਪਰਿਵਾਰ ਨੇ ਹਸਪਤਾਲ ਦੇ ਬਾਹਰ ਹੰਗਾਮਾ ਕੀਤਾ ਤੇ ਹਸਪਤਾਲ ਦੇ ਮੁੱਖ ਗੇਟ ਦੇ ਬਾਹਰ ਧਰਨਾ ਲਗਾ ਦਿੱਤਾ। ਪਰਿਵਾਰ ਦਾ ਦੋਸ਼ ਹੈ ਕਿ ਬੱਚੀ ਨੂੰ ਗਲਤ ਇੰਜੈਕਸ਼ਨ ਲਗਾਇਆ ਗਿਆ ਜੋ ਬੱਚੀ ਨੂੰ ਰਿਐਕਸ਼ਨ ਕਰ ਗਿਆ ਜਿਸ ਕਰਕੇ ਉਸ ਦੀ ਮੌਤ ਹੋ ਗਈ ਹੈ ,ਜਦਕਿ ਡਾਕਟਰ ਦਾ ਕਹਿਣਾ ਹੈ ਕਿ ਬੱਚੀ ਜਨਮ ਤੋਂ ਹੀ ਕਈ ਬਿਮਾਰੀਆਂ ਨਾਲ ਪੀੜਤ ਸੀ ਅਤੇ ਉਸ ਦੀ ਮੌਤ ਇੰਫੈਕਸ਼ਨ ਕਾਰਨ ਮੌਤ ਹੋਈ ਹੈ । ਜਾਣਕਾਰੀ ਦਿੰਦਿਆਂ ਮ੍ਰਿਤਕ ਬੱਚੀ ਦੇ ਦਾਦਾ ਜੀਵਨ ਕੁਮਾਰ ਵਾਸੀ ਪਿੰਡ ਤਲਵੰਡੀ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਪੋਤਰੀ ਨੂੰ 20 ਤਰੀਕ ਨੂੰ ਗੁਰਦਾਸਪੁਰ ਦੇ ਇੱਕ ਨਿੱਜੀ ਬੱਚਿਆਂ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਸੀ। ਉਹ ਦੁੱਧ ਨਹੀਂ ਸੀ ਪੀਂਦੀ । ਹਸਪਤਾਲ ਦੇ ਡਾਕਟਰ ਨੇ ਕੁਝ ਦਿਨ ਦੀਆਂ ਦਵਾਈਆਂ ਦੇ ਕੇ ਕਿਹਾ ਕਿ ਬੱਚੀ ਬਿਲਕੁਲ ਠੀਕ-ਠਾਕ ਹੈ ਪਰ ਛੇ ਦਿਨ ਦਵਾਈ ਖਾਣ ਨਾਲ ਵੀ ਉਹ ਠੀਕ ਨਹੀਂ ਹੋਈ ਤਾਂ ਮੁੜ ਉਸ ਨੂੰ ਇਸੇ ਡਾਕਟਰ ਕੋਲ ਲਿਆਂਦਾ ਗਿਆ ਅਤੇ ਡਾਕਟਰ ਨੇ ਮੁੜ ਉਸ ਨੂੰ ਕੁਝ ਦਿਨ ਦੀਆਂ ਦਵਾਈਆਂ ਦੇ ਦਿੱਤੀਆਂ,ਪਰ ਬੱਚੀ ਨੂੰ ਫਰਕ ਨਾ ਪਿਆ ਤਾਂ ਡਾਕਟਰ ਵੱਲੋਂ 1 ਜਨਵਰੀ ਨੂੰ ਉਸ ਨੂੰ ਹਸਪਤਾਲ



ਵਿੱਚ ਐਡਮਿਟ ਕਰ ਲਿਆ ਗਿਆ ਤੇ ਸਾਰੇ ਟੈਸਟ ਸਕੈਨਿੰਗ ਆਦਿ ਕਰਵਾਉਣ ਤੋਂ ਬਾਅਦ ਕਿਹਾ ਕਿ ਇਹ ਬਿਲਕੁਲ ਠੀਕ-ਠਾਕ ਹੈ ਪਰ ਇਸ ਦਾ ਕੁਝ ਦਿਨ ਹਸਪਤਾਲ ਵਿੱਚ ਇਲਾਜ ਚੱਲੇਗਾ। ਬੱਚੀ ਦੇ ਦਾਦਾ ਨੇ ਦੋਸ਼ ਲਗਾਇਆ ਕਿ ਇਸ ਦੌਰਾਨ ਬੱਚੀ ਨੂੰ ਇੱਕ ਅਜਿਹਾ ਇੰਜੈਕਸ਼ਨ ਲਗਾ ਦਿੱਤਾ ਗਿਆ ਜੋ ਸ਼ਾਇਦ ਉਸ ਨੂੰ ਰਿਐਕਸ਼ਨ ਕਰ ਗਿਆ ਅਤੇ ਉਸ ਦਾ ਸਰੀਰ ਸੁੱਜਣਾ ਸ਼ੁਰੂ ਹੋ ਗਿਆ ਤੇ ਸਖਤ ਹੋ ਗਿਆ । ਜਿਸ ਤੋਂ ਬਾਅਦ 6 ਜਨਵਰੀ ਨੂੰ ਡਾਕਟਰ ਨੇ ਉਨ੍ਹਾਂ ਨੂੰ ਬਕਾਇਆ ਪੇਮੈਂਟ ਜਮਾਂ ਕਰਵਾਉਣ ਲਈ ਕਿਹਾ ਤੇ ਕਿਹਾ ਕਿ ਬੱਚੀ ਦਾ ਆਪਰੇਟ ਹੋਵੇਗਾ ਇਸ ਨੂੰ ਪੀਜੀਆਈ ਵਿਖੇ ਲੈ ਜਾਓ ਅਤੇ ਨਾਲ ਹੀ ਸਾਰੇ ਪ੍ਰਾਈਵੇਟ ਡਾਕਟਰ ਆਪਣੇ ਹਸਪਤਾਲ ਵਿਖੇ ਬੁਲਾ ਲਏ । ਬਾਅਦ ਵਿੱਚ ਬੱਚੀ ਨੂੰ ਅੰਮ੍ਰਿਤਸਰ ਦੇ ਇੱਕ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਜਿੱਥੇ ਉਹ 11:30 ਵਜੇ ਪਹੁੰਚੇ। ਬੱਚੀ ਦੇ ਦਾਦਾ ਦਾ ਕਹਿਣਾ ਹੈ ਕਿ ਇਲਾਜ ਦੌਰਾਨ ਅੰਮ੍ਰਿਤਸਰ ਦੇ ਡਾਕਟਰ ਨੇ ਮੰਨਿਆ ਹੈ ਕਿ ਬੱਚੀ ਦਾ ਪਹਿਲਾਂ ਗਲਤ ਇਲਾਜ ਦਿੱਤਾ ਗਿਆ ਹੈ। ਜਿਸ ਕਾਰਨ ਉਸ ਦੀ ਹਾਲਤ ਵਿਗੜੀ ਹੈ, ਜਿਸ ਦੇ ਪਰਿਵਾਰ ਕੋਲ ਬਕਾਇਦਾ ਸਬੂਤ ਵੀ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਡਾਕਟਰ ਖਿਲਾਫ ਕਾਰਵਾਈ ਕੀਤੀ ਜਾਵੇ । ਦੂਜੇ ਪਾਸੇ ਬੱਚੀ ਦਾ ਇਲਾਜ ਕਰਨ ਵਾਲੇ ਡਾਕਟਰ ਚੇਤਨ ਨੰਦਾ ਦਾ ਕਹਿਣਾ ਹੈ ਕਿ ਬੱਚਾ ਜਨਮ ਜਾਤ ਹੀ ਕਈ ਬਿਮਾਰੀਆਂ ਨਾਲ ਪੀੜਤ ਸੀ ਅਤੇ ਉਸ ਦਾ ਦਿਲ ਵੀ ਕਮਜੋਰ ਸੀ। ਪਰਿਵਾਰ ਉਸ ਨੂੰ ਉਨ੍ਹਾਂ ਕੋਲ ਲੈ ਕੇ ਆਇਆ ਸੀ, ਕਿਉਂਕਿ ਉਹ ਕਈ ਦਿਨਾਂ ਤੋਂ ਦੁੱਧ ਨਹੀਂ ਪੀ ਰਿਹਾ ਸੀ ਅਤੇ ਉਸ ਦੀ ਮੌਤ ਦਾ ਕਾਰਨ ਵੀ ਕਈ ਦਿਨਾਂ ਤੋਂ ਦੁੱਧ ਨਾਂ ਪੀਣਾ ਤੇ ਇਨਫੈਕਸ਼ਨ ਹੈ, ਜਿਸ ਬਾਰੇ ਪਰਿਵਾਰ ਨੂੰ ਪਹਿਲਾਂ ਹੀ ਦੱਸ ਦਿੱਤਾ ਜਾ ਚੁੱਕਿਆ ਸੀ ਕਿ ਉਸ ਦੀ ਹਾਲਤ ਗੰਭੀਰ ਹੈ ਪਰ ਪਰਿਵਾਰ ਨੇ ਬੱਚੀ ਦਾ ਇਲਾਜ ਕਰਨ ਦੀ ਮਿੰਨਤ ਕੀਤੀ ਤਾਂ ਹੀ ਉਨ੍ਹਾਂ ਨੇ ਇਲਾਜ ਸ਼ੁਰੂ ਕੀਤਾ ਸੀ। ਇਸ ਵਿੱਚ ਉਨ੍ਹਾਂ ਦੀ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਨਹੀਂ ਹੈ।

## ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਤੇਜ਼ਧਾਰ ਹਥਿਆਰ ਦਿਖਾ ਕੇ ਐਕਟਿਵਾ ਤੇ ਕੈਸ਼ ਲੁੱਟਿਆ

ਲੁਧਿਆਣਾ 12 ਜਨਵਰੀ। ਡਾਬਾ ਇਲਾਕੇ ਵਿਚ ਲੁਟੇਰੇ ਲਗਾਤਾਰ ਵਾਰਦਾਤਾਂ ਕਰ ਰਹੇ ਹਨ। ਕੰਮ ਤੋਂ ਘਰ ਜਾ ਰਹੇ ਨੌਜਵਾਨ ਨੂੰ ਮੋਟਰਸਾਈਕਲ ਸਵਾਰ 4 ਲੁਟੇਰਿਆਂ ਨੇ ਉਸ ਨੂੰ ਘੇਰ ਲਿਆ। ਤੇਜ਼ਧਾਰ ਹਥਿਆਰ ਦਿਖਾ ਕੇ ਲੁਟੇਰਿਆਂ ਨੇ ਨੌਜਵਾਨ ਤੋਂ ਐਕਟਿਵਾ, ਕੈਸ਼ ਅਤੇ ਮੋਬਾਈਲ ਲੁੱਟ ਲਿਆ ਤੇ ਧਮਕਾਉਂਦੇ ਹੋਏ ਫਰਾਰ ਹੋ ਗਏ। ਨੌਜਵਾਨ ਨੇ ਸ਼ਿਕਾਇਤ ਥਾਣਾ ਡਾਬਾ ਦੀ ਪੁਲਸ ਨੂੰ ਦਿੱਤੀ, ਜਿਸ ਤੋਂ ਬਾਅਦ ਪੁਲਸ ਨੇ ਗੋਬਿੰਦ ਚੌਧਰੀ ਦੀ ਸ਼ਿਕਾਇਤ ’ਤੇ ਅਣਪਛਾਤੇ ਲੁਟੇਰਿਆਂ ’ਤੇ ਕੇਸ ਦਰਜ



ਕੀਤਾ ਹੈ। ਪੁਲਸ ਸ਼ਿਕਾਇਤ ਵਿਚ ਗੋਬਿੰਦ ਚੌਧਰੀ ਨੇ ਦੱਸਿਆ ਕਿ ਉਹ ਪਿੰਡ ਲੋਹਾਰਾ ਵਿਚ ਰਹਿੰਦਾ ਹੈ ਅਤੇ ਫੈਕਟਰੀ ਵਿਚ ਕੰਮ ਕਰਦਾ ਹੈ। ਉਹ ਕੰਮ ਤੋਂ ਘਰ ਜਾ ਰਿਹਾ ਸੀ। ਜਦ ਉਹ ਦੇਸ਼ ਭਗਤ ਸਕੂਲ ਦੇ ਨੇੜੇ ਪੁੱਜਾ ਤਾਂ ਚਾਰ ਲੁਟੇਰਿਆਂ ਨੇ ਉਸ ਨੂੰ ਘੇਰ ਲਿਆ ਸੀ। ਉਸ ਨੇ ਦੱਸਿਆ ਕਿ ਮੁਲਜ਼ਮਾਂ ਦੇ ਕੋਲ ਤੇਜ਼ਧਾਰ ਹਥਿਆਰ ਸਨ। ਮੁਲਜ਼ਮਾਂ ਨੇ ਹਥਿਆਰਾਂ ਦੇ ਜੋਰ ’ਤੇ ਉਸ ਦੀ ਐਕਟਿਵਾ ਖੋਹ ਲਈ ਅਤੇ ਫਿਰ ਉਸ ਦੀ ਜੇਬ ਵਿਚੋਂ 12 ਹਜ਼ਾਰ ਰੁਪਏ ਅਤੇ ਮੋਬਾਈਲ ਕੱਢ ਲਿਆ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਨਸ਼ਾ ਸਮੱਗਲਰਾਂ ਖਿਲਾਫ ਪੁਲਸ ਦੀ ਸਖਤ ਕਾਰਵਾਈ ਜਾਰੀ

ਜੋਧਾਂ 12 ਜਨਵਰੀ। ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ ਵਿੱਢੀ ਗਈ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਇੰਸਪੈਕਟਰ ਦਵਿੰਦਰ ਸਿੰਘ ਮੁਖੀ ਥਾਣਾ ਜੋਧਾਂ ਨੇ ਦੱਸਿਆ ਕਿ 24 ਜੂਨ 2024 ਨੂੰ ਦਰਜ ਕੀਤੇ ਮੁਕੱਦਮੇ ਦੇ ਦੋਸ਼ੀ ਅਵਤਾਰ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਲਤਾਲਾ (ਜੰਡ ਰੋਡ) ਵਲੋਂ ਨਸ਼ਿਆਂ ਦੀ ਕਮਾਈ ਨਾਲ ਬਣਾਈ 53,31,592 ਰੁਪਏ ਦੀ ਜਾਇਦਾਦ ਜਬਤ ਕਰਵਾਈ ਗਈ ਹੈ। ਇਸ ਸਬੰਧੀ ਵਰਿੰਦਰ ਸਿੰਘ ਖੋਸਾ ਡੀ.ਐੱਸ.ਪੀ. ਦਾਖਾ ਨੇ ਦੱਸਿਆ ਕਿ ਜਬਤ ਕਰਵਾਈ ਪ੍ਰਾਪਰਟੀ ’ਚੋਂ ਪਿੰਡ ਲਤਾਲਾ ’ਚ ਇਕ ਰਿਹਾਇਸ਼ੀ ਮਕਾਨ, ਜਿਸ ਦੀ ਕੀਮਤ



41,27,750 ਰੁਪਏ, ਜਮੀਨ 1 ਰਕਬਾ ਅਤੇ 1 ਕਨਾਲ ਜਿਸ ਦੀ ਕੀਮਤ 6 ਲੱਖ 40 ਹਜਾਰ, ਆਈ.ਸੀ.ਆਈ.ਸੀ.ਆਈ. ਬੈਂਕ ਬਰਾਂਚ ਜੰਡ ਦੇ ਬੈਂਕ ਅਕਾਊਂਟ ’ਚੋਂ 5 ਲੱਖ, 63 ਹਜਾਰ, 842 ਰੁਪਏ ਜਮ੍ਹਾ ਸਨ, ਨੂੰ ਵੀ ਫਰੀਜ ਕਰਵਾਇਆ ਗਿਆ।

## ਸਕੂਲ ਤੋਂ ਪਰਤ ਰਹੀ 15 ਸਾਲਾ ਵਿਦਿਆਰਥਣ ‘ਤੇ ਡਿੱਗੀ ਦਰੱਖਤ ਦੀ ਟਾਹਣੀ, ਮੌਕੇ ‘ਤੇ ਹੋਈ ਮੌਤ

ਬੈਂਗਲੁਰੂ 12 ਜਨਵਰੀ। ਬੈਂਗਲੁਰੂ ਦੇ ਵੀਵੀ ਪੁਰਮ ਥਾਣਾ ਖੇਤਰ ‘ਚ ਸਨੀਵਾਰ ਨੂੰ ਇਕ ਦਰਦਨਾਕ ਹਾਦਸੇ ‘ਚ 15 ਸਾਲਾ ਲੜਕੀ ਦੀ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਤੇਜਸਵਿਨੀ ਵਜੋਂ ਹੋਈ ਹੈ। ਸੂਚਨਾ ਮਿਲਣ ‘ਤੇ ਮੌਕੇ ‘ਤੇ ਪਹੁੰਚੀ ਪੁਲਸ ਨੇ ਲਾਸ ਨੂੰ ਕਬਜੇ ‘ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਪੁਲਸ ਦਾ ਕਹਿਣਾ ਹੈ ਕਿ ਮਾਮਲੇ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਦਰਅਸਲ, ਘਟਨਾ ਉਦੋਂ ਵਾਪਰੀ ਜਦੋਂ ਤੇਜਸਵਿਨੀ ਸਕੂਲ ਤੋਂ ਘਰ ਪਰਤ ਰਹੀ ਸੀ। ਪੁਲਸ ਮੁਤਾਬਕ ਰਸਤੇ ‘ਚ ਅਚਾਨਕ ਇਕ ਦਰੱਖਤ



ਦੀ ਵੱਡੀ ਟਾਹਣੀ ਤੇਜਸਵਿਨੀ ‘ਤੇ ਡਿੱਗ ਗਈ। ਹਾਦਸੇ ਵਿਚ ਗੰਭੀਰ ਜਖਮੀ ਹੋਈ ਤੇਜਸਵਿਨੀ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇਸ ਹਾਦਸੇ ਤੋਂ ਬਾਅਦ ਤੇਜਸਵਿਨੀ ਦੇ ਪਰਿਵਾਰ ‘ਚ ਡੂੰਘਾ ਸੋਗ ਹੈ। ਹੋਣਹਾਰ ਅਤੇ ਪੜ੍ਹਾਈ ਵਿਚ ਚੰਗੀ ਮੰਨੀ ਜਾਂਦੀ ਤੇਜਸਵਿਨੀ ਦੀ ਅਚਾਨਕ ਹੋਈ ਮੌਤ ਕਾਰਨ ਪੂਰਾ ਇਲਾਕਾ ਸੋਗ ਵਿਚ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ ਅਤੇ ਇਸ ਸਬੰਧੀ ਮਾਮਲਾ ਦਰਜ ਕਰ ਲਿਆ ਗਿਆ ਹੈ। ਵੀਵੀ ਪੁਰਮ ਥਾਣੇ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਹ ਘਟਨਾ ਬਹੁਤ ਮੰਦਭਾਗੀ ਹੈ ਅਤੇ ਅਸੀਂ ਇਸ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਾਂ। ਇਸ ਦੇ ਨਾਲ ਹੀ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਰੁੱਖਾਂ ਦੀ ਨਿਯਮਤ ਜਾਂਚ ਅਤੇ ਦੇਖਭਾਲ ਨਹੀਂ ਕੀਤੀ ਜਾਂਦੀ, ਜਿਸ ਕਾਰਨ ਅਜਿਹੇ ਹਾਦਸੇ ਵਾਪਰਦੇ ਹਨ। ਉਨ੍ਹਾਂ ਮੰਗ ਕੀਤੀ ਹੈ ਕਿ ਸਬੰਧਤ ਵਿਭਾਗ ਇਸ ਮਾਮਲੇ ਵਿਚ ਜਵਾਬਦੇਹੀ ਤੈਅ ਕਰੇ ਅਤੇ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਕਦਮ ਚੁੱਕੇ।

## ਖੁਦ ਬਣਾਈ ਪਤਨੀ ਦੀ ਨਿੱਜੀ ਵੀਡੀਓ, ਚਚੇਰੇ ਭਰਾ ਨੂੰ ਭੇਜਣ ਮਗਰੋਂ ਫੇਸਬੁੱਕ ‘ਤੇ ਕਰ’ਤੀ ਅਪਲੋਡ

ਵੈੱਬ ਡੈਸਕ 12 ਜਨਵਰੀ। ਪਤੀ-ਪਤਨੀ ਦਾ ਰਿਸਤਾ ਬਹੁਤ ਪਵਿੱਤਰ ਹੁੰਦਾ ਹੈ ਤੇ ਹਿੰਦੂ ਰੀਤੀ-ਰਿਵਾਜਾਂ ਮੁਤਾਬਕ ਇਹ ਬੰਧਨ ਸੱਤ ਜਨਮਾਂ ਤੱਕ ਰਹਿੰਦਾ ਹੈ। ਪਰ ਇੱਕ ਪਤੀ ਨੇ ਇਸ ਪਵਿੱਤਰ ਰਿਸਤੇ ਨੂੰ ਤਾਰ-ਤਾਰ ਕਰ ਦਿੱਤਾ ਹੈ। ਕਿਉਂਕਿ ਉਸਨੇ ਆਪਣੀ ਪਤਨੀ ਦੀ ਇੱਕ ਇੰਟੀਮੇਟ ਵੀਡੀਓ ਬਣਾਈ ਅਤੇ ਉਸਦੀ ਸਹਿਮਤੀ ਤੋਂ ਬਿਨਾਂ ਇਸਨੂੰ ਫੇਸਬੁੱਕ ‘ਤੇ ਸਾਂਝਾ ਕੀਤਾ ਅਤੇ ਇੰਨਾ ਹੀ ਨਹੀਂ ਉਸਨੇ ਇਸਨੂੰ ਆਪਣੀ ਪਤਨੀ ਦੇ ਚਚੇਰੇ ਭਰਾ ਨਾਲ ਵੀ ਸਾਂਝਾ ਕੀਤਾ। ਇਸ ਤੋਂ ਬਾਅਦ ਮੁਲਜਮ ਪਤੀ ਨੇ ਇਲਾਹਾਬਾਦ ਹਾਈਕੋਰਟ ‘ਚ ਪਟੀਸਨ ਦਾਇਰ ਕਰਕੇ ਆਪਣੇ ਖਿਲਾਫ ਦਾਇਰ ਚਾਰਜਸੀਟ ਨੂੰ ਚੁਣੌਤੀ ਦਿੱਤੀ, ਜਿਸ ਨੂੰ ਹਾਈਕੋਰਟ ਨੇ ਖਾਰਜ ਕਰ ਦਿੱਤਾ ਅਤੇ ਸਖਤ ਟਿੱਪਣੀ ਕੀਤੀ। ਅਦਾਲਤ ਨੇ ਕਿਹਾ, ‘ਵਿਆਹ ਨਾ ਤਾਂ ਪਤੀ ਨੂੰ ਮਾਲਕੀ ਦਾ ਹੱਕ ਦਿੰਦਾ ਹੈ ਅਤੇ ਨਾ ਹੀ ਪਤਨੀ ‘ਤੇ ਕੰਟਰੋਲ। ਨਾ ਹੀ ਇਹ ਉਸਦੀ ਨਿੱਜਤਾ ਦੀ ਉਲੰਘਣਾ ਕਰਨ ਦਾ ਅਧਿਕਾਰ ਦਿੰਦਾ ਹੈ। ਫੇਸਬੁੱਕ ‘ਤੇ ਇੰਟੀਮੇਟ ਵੀਡੀਓ ਅਪਲੋਡ ਕਰਕੇ ਪਟੀਸਨਰ ਭਾਵ ਪਤੀ ਨੇ ਵਿਆਹੁਤਾ ਸਬੰਧਾਂ ਦੀ ਪਵਿੱਤਰਤਾ ਨੂੰ ਗੰਭੀਰਤਾ ਨਾਲ ਭੰਗ ਕੀਤਾ ਹੈ। ਮਾਮਲੇ ਦੀ ਸੁਣਵਾਈ ਕਰ ਰਹੇ ਜਸਟਿਸ ਵਿਨੋਦ ਦਿਵਾਕਰ ਦੀ ਬੈਂਚ ਨੇ ਕਿਹਾ ਕਿ ਪਤਨੀ-ਪਤੀ ਦਾ ਕੋਈ ਵਿਸਤਾਰ ਨਹੀਂ ਹੈ। ਇਸ ਦੀ ਬਜਾਇ, ਉਹ ਇੱਕ ਵਿਅਕਤੀ ਹੈ ਜਿਸ ਦੇ ਆਪਣੇ ਅਧਿਕਾਰ ਅਤੇ ਇੱਛਾਵਾਂ ਹਨ। ਉਸਦੀ ਭੌਤਿਕ ਗੋਪਨੀਯਤਾ ਦਾ ਆਦਰ ਕਰਨਾ ਸਿਰਫ ਇੱਕ ਕਾਨੂੰਨੀ ਜਿ਼ੰਮੇਵਾਰੀ ਨਹੀਂ ਹੈ। ਅਸਲ ਵਿੱਚ, ਇਹ ਪਤੀ ਦੀ ਨੈਤਿਕ ਜਿ਼ੰਮੇਵਾਰੀ ਹੈ ਕਿ ਉਹ ਸੱਚਮੁੱਚ ਬਰਾਬਰ ਦੇ ਰਿਸਤੇ ਨੂੰ ਸੁਧਾਰੇ। ਅਦਾਲਤ ਨੇ ਇਸ ਗੱਲ ‘ਤੇ ਵੀ ਜੋਰ ਦਿੱਤਾ ਕਿ ਪਤੀ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਪਤਨੀ ਦੇ ਭਰੋਸੇ ਅਤੇ ਵਫਾਦਾਰੀ ਦਾ ਸਨਮਾਨ ਕਰੇ। ਪਤੀ ਨੇ ਉਸ ਚਾਰਜਸੀਟ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ, ਜਿਸ ਵਿੱਚ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 67ਬੀ ਤਹਿਤ ਕੇਸ ਦੀ ਸਾਰੀ ਅਪਰਾਧਿਕ ਕਾਰਵਾਈ ਅਤੇ ਹੁਕਮ ਨੂੰ ਰੱਦ ਕਰ ਦਿੱਤਾ ਗਿਆ। ਇਹ ਵੀ ਦਲੀਲ ਦਿੱਤੀ ਕਿ ਸਿ਼ਕਾਇਤਕਰਤਾ ਦਾ ਕਾਨੂੰਨੀ ਤੌਰ ‘ਤੇ ਵਿਆਹੁਤਾ ਪਤੀ ਹੋਣ ਕਾਰਨ, ਧਾਰਾ 67 ਬੀ ਆਈਟੀ ਐਕਟ ਦੇ ਤਹਿਤ ਕੋਈ ਜੁਰਮ ਨਹੀਂ ਬਣਦਾ ਹੈ। ਦੂਜੇ ਪਾਸੇ, ਪਤੀ ਦੀ ਪਟੀਸਨ ਨੂੰ ਚੁਣੌਤੀ ਦਿੰਦੇ ਹੋਏ, ਏ.ਜੀ.ਏ. ਨੇ ਦਲੀਲ ਦਿੱਤੀ ਕਿ ਉਸ ‘ਤੇ ਗੰਭੀਰ ਦੋਸ ਹਨ ਅਤੇ ਭਾਵੇਂ ਸਿ਼ਕਾਇਤਕਰਤਾ ਬਿਨੈਕਾਰ ਦੀ ਕਾਨੂੰਨੀ ਤੌਰ ‘ਤੇ ਵਿਆਹੀ ਹੋਈ ਪਤਨੀ ਸੀ, ਉਸ ਕੋਲ ਉਸ ਦੀ ਅਸਲੀਲ ਵੀਡੀਓ ਬਣਾ ਕੇ ਸਿ਼ਕਾਇਤਕਰਤਾ ਦੇ ਚਚੇਰੇ ਭਰਾ ਨਾਲ ਸੇਅਰ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਇਲਾਹਾਬਾਦ ਹਾਈ ਕੋਰਟ ਨੇ ਕਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਪਤੀਆਂ ਨੂੰ ਵਿਕਟੋਰੀਅਨ ਯੁੱਗ ਦੀ ਪੁਰਾਣੀ ਮਾਨਸਿਕਤਾ ਨੂੰ ਤਿਆਗਣਾ ਚਾਹੀਦਾ ਹੈ ਅਤੇ ਇਹ ਅਹਿਸਾਸ ਕਰਨਾ ਚਾਹੀਦਾ ਹੈ ਕਿ ਪਤਨੀ ਦਾ ਸਰੀਰ, ਨਿੱਜਤਾ ਅਤੇ ਅਧਿਕਾਰ ਉਸ ਦੇ ਆਪਣੇ ਹਨ ਨਾ ਕਿ ਉਸ ਦੇ ਪਤੀ ਦੇ ਨਿਯੰਤਰਣ ਜਾਂ ਮਾਲਕੀ ਦੇ ਅਧੀਨ ਹਨ।

## ਚੰਡੀਗੜ੍ਹ ‘ਚ ਆਨਲਾਈਨ ਕਲਾਸ ਵਿਚ ਚੱਲੀ ਅਸ਼ਲੀਲ ਵੀਡੀਓ ਦੇ ਮਾਮਲੇ ਵਿਚ ਨਵਾਂ ਮੋੜ

ਚੰਡੀਗੜ੍ਹ 12 ਜਨਵਰੀ। ਬੀਤੇ ਦਿਨੀਂ ਆਨਲਾਈਨ ਕਲਾਸ ’ਚ ਅਸਲੀਲ ਵੀਡੀਓ ਚੱਲਣ ਦੇ ਮਾਮਲੇ ’ਚ ਸਕੂਲ ਪ੍ਰਬੰਧਕਾਂ ਨੇ ਸਾਈਬਰ ਸੈੱਲ ਨੂੰ ਲਿਖਤੀ ਸਿ਼ਕਾਇਤ ਦਿੱਤੀ ਹੈ। ਦੂਜੇ ਪਾਸੇ ਚੰਡੀਗੜ੍ਹ ਬਾਲ ਅਧਿਕਾਰ ਸੁਰੱਖਿਆ ਕਮਿਸਨ ਨੇ ਸੈਕਟਰ-46 ਸਥਿਤ ਸੇਂਟ ਮੈਰੀ ਸਕੂਲ ਤੋਂ ਜਵਾਬ ਮੰਗਿਆ ਹੈ। ਕਮਿਸਨ ਨੂੰ ਵੱਖ-ਵੱਖ ਅਖਬਾਰਾਂ ਰਾਹੀਂ ਜਾਣਕਾਰੀ ਮਿਲੀ ਕਿ ਸੇਂਟ ਮੈਰੀ ਸਕੂਲ ’ਚ 6ਵੀਂ ਜਮਾਤ ਦੀ ਗਣਿਤ ਦੀ ਆਨਲਾਈਨ ਕਲਾਸ ਦੌਰਾਨ ਅਸਲੀਲ ਵੀਡੀਓ ਚੱਲ ਪਈ। ਕਮਿਸਨ ਨੂੰ 8 ਜਨਵਰੀ ਨੂੰ ਫੋਨ ਕਾਲ ਰਾਹੀਂ ਮਾਮਲੇ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਸੀ। ਇਸ ਤੋਂ ਬਾਅਦ ਘਟਨਾ ਦੀ ਗੰਭੀਰਤਾ ਨੂੰ ਦੇਖਦਿਆਂ ਸਕੂਲ ਨੂੰ ਨੋਟਿਸ ਜਾਰੀ ਕੀਤਾ ਗਿਆ। ਕਮਿਸਨ ਨੇ ਸਟੇਟਸ ਰਿਪੋਰਟ ਦੋ ਦਿਨਾਂ ਦੇ ਅੰਦਰ ਮੰਗੀ ਹੈ ਤਾਂ ਜੋ ਗਲਤ ਕੰਮ ਕਰਨ ਵਾਲਿਆਂ ਖ਼ਿਲਾਫ ਕਾਰਵਾਈ ਕੀਤੀ ਜਾ ਸਕੇ। ਇਸ ਤੋਂ ਇਲਾਵਾ ਚੰਡੀਗੜ੍ਹ ਦੀ ਸਾਈਬਰ ਪੁਲਸ ਨੂੰ ਬੇਨਤੀ ਕੀਤੀ ਹੈ ਕਿ ਉਹ ਮਾਮਲੇ ਦੀ ਜਾਂਚ ਕਰਕੇ ਰਿਪੋਰਟ ਪੇਸ਼ ਕਰੇ। ਉੱਧਰ, ਸਕੂਲ ਦੀ ਕਾਰਜਕਾਰੀ ਪ੍ਰਿੰਸੀਪਲ ਨੇ ਕਿਹਾ ਕਿ ਮਾਮਲੇ ਸਬੰਧੀ ਸਾਈਬਰ ਸੈੱਲ ਕੋਲ ਸਿ਼ਕਾਇਤ ਦਰਜ ਕਰਵਾਈ ਗਈ ਹੈ। ਮਹਿਲਾ ਅਧਿਆਪਕਾ ਵੱਲੋਂ ਆਨਲਾਈਨ ਕਲਾਸ ਦੌਰਾਨ ਜਿਸ ਲਿੰਕ ਨਾਲ ਅਸਲੀਲ ਵੀਡੀਓ ਜਾਰੀ ਕੀਤਾ ਸੀ, ਉਸ ਨੂੰ ਡਿਲੀਟ ਕਰਵਾ ਦਿੱਤਾ ਗਿਆ ਸੀ। ਲਿੰਕ ਨਾਲ ਛੇੜਛਾੜ ਕਰਨ ਵਾਲਾ ਬੱਚਾ ਸਕੂਲ ਤੋਂ ਹੈ ਜਾਂ ਬਾਹਰੋਂ ਇਸ ਬਾਰੇ ਫਿ਼ਲਹਾਲ ਕੋਈ ਜਾਣਕਾਰੀ ਨਹੀਂ ਹੈ।

## ਓਵਰਸਪੀਡ ਟਰੱਕ ਨੇ ਸੜਕ ਪਾਰ ਕਰ ਰਹੀ ਔਰਤ ਨੂੰ ਦਰੜਿਆ

ਲੁਧਿਆਣਾ 12 ਜਨਵਰੀ। ਚੰਡੀਗੜ੍ਹ ਰੋਡ ਸਥਿਤ ਵਰਧਮਾਨ ਚੌਕ ਕੋਲ ਓਵਰਸਪੀਡ ਟਰੱਕ ਨੇ ਸੜਕ ਪਾਰ ਕਰ ਰਹੀ ਔਰਤ ਨੂੰ ਦਰੜ ਦਿੱਤਾ, ਜਿਸ ਨਾਲ ਉਹ ਬੁਰੀ ਤਰ੍ਹਾਂ ਜਖਮੀ ਹੋ ਗਈ ਅਤੇ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਡਰਾਈਵਰ ਟਰੱਕ ਛੱਡ ਕੇ ਮੌਕੇ ’ਤੋਂ ਫਰਾਰ ਹੋ ਗਿਆ। ਸੂਚਨਾ ਮਿਲਣ ਤੋਂ ਬਾਅਦ ਥਾਣਾ ਡਵੀਜ਼ਨ ਨੰ. 7 ਦੀ ਪੁਲਸ ਮੌਕੇ ’ਤੇ ਪੁੱਜ ਗਈ। ਪੁਲਸ ਨੇ ਔਰਤ ਦੀ ਲਾਸ਼ ਨੂੰ ਕਬਜੇ ’ਚ ਲੈ ਕੇ ਸਿਵਲ ਹਸਪਤਾਲ ਪਹੁੰਚਾਇਆ ਅਤੇ ਟਰੱਕ ਕਬਜੇ ’ਚ ਲੈ ਕੇ ਥਾਣੇ ਲੈ ਗਈ। ਇਸ ਮਾਮਲੇ ’ਚ ਪੁਲਸ ਨੇ ਟਰੱਕ ਚਾਲਕ ਖਿ਼ਲਾਫ ਕੇਸ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਜਾਣਕਾਰੀ ਅਨੁਸਾਰ ਟਰੱਕ ਹਿਮਾਚਲ ਪ੍ਰਦੇਸ਼ ਨੰਬਰ ਦਾ ਹੈ ਅਤੇ ਦੱਸਿਆ ਜਾ ਰਿਹਾ ਹੈ

## ਵਿਆਹ ਦੇ 11 ਦਿਨਾਂ ਬਾਅਦ ਲਾੜੀ ਨੇ ਚਾੜ੍ਹ ‘ਤਾ ਚੰਨ੍ਹ, ਚੱਕਰਾਂ ‘ਚ ਪਿਆ ਪਤੀ

ਜਲੰਧਰ/ਕਪੂਰਥਲਾ 12 ਜਨਵਰੀ। ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਨੇ ਐੱਨ. ਆਰ. ਆਈ. ਦੀ ਲਾੜੀ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਲਾੜੀ ਵਿਆਹ ਦੇ 11 ਦਿਨ ਬਾਅਦ ਹੀ ਗਹਿਣੇ ਲੈ ਕੇ ਫਰਾਰ ਹੋ ਗਈ ਸੀ। ਐੱਨ. ਆਰ. ਆਈ. ਨਾਲ ਵਿਆਹ ਕਰਨ ਵਾਲੀ ਨਵਨੀਤ ਕੌਰ ਵਾਸੀ ਮੀਰਪੁਰ (ਕਪੂਰਥਲਾ) ‘ਤੇ ਦੋਸ਼ ਹੈ ਕਿ ਉਹ ਐੱਨ. ਆਰ. ਆਈ. ਪਤੀ ਦੇ ਘਰ ਵਿਚੋਂ 20 ਹਜਾਰ ਦੀ ਨਕਦੀ, 2 ਹਜਾਰ ਰੁਪਏ ਯੂਰੋ, ਇਕ ਸੋਨੇ ਦੀ ਅੰਗੂਠੀ, ਇਕ ਸੋਨੇ ਦੀ ਚੈਨ, 5 ਤੋਲੇ ਸੋਨੇ ਦਾ ਸੈੱਟ, 2 ਡਾਇਮੰਡ ਰਿੰਗ ਅਤੇ ਮੋਬਾਇਲ ਫੋਨ ਚੋਰੀ ਕਰਕੇ ਲੈ ਗਈ ਸੀ। ਪੁਲਸ ਨੇ ਨਵਨੀਤ ਕੌਰ ਕੋਲੋਂ 2 ਰਿੰਗ, ਇਕ ਮੋਬਾਇਲ ਫੋਨ ਅਤੇ 20 ਹਜਾਰ ਰੁਪਏ ਬਰਾਮਦ ਕੀਤੇ ਹਨ। ਪੁਲਸ ਲਾੜੀ ਦੇ ਕਥਿਤ ਬੁਆਏਫਰੈਂਡ ਨਵਦੀਪ ਸਿੰਘ ਵਾਸੀ ਪਿੰਡ ਸ਼ੰਕਰ ਦੀ ਤਲਾਸ਼ ਵਿਚ ਰੇਡ ਕਰ ਰਹੀ ਹੈ। ਗ੍ਰਿਫਤਾਰ ਕੀਤੀ ਗਈ ਲਾੜੀ ਨੇ ਦਾਅਵਾ ਕੀਤਾ ਹੈ ਕਿ ਬਾਕੀ ਦੇ ਗਹਿਣੇ ਉਸ ਦੇ ਜਾਣਕਾਰ ਨਵਦੀਪ ਸਿੰਘ ਨਵੀ ਦੇ ਕੋਲ ਹਨ। ਪੁਲਸ ਲਾੜੀ ਨੂੰ ਰਿਮਾਂਡ ‘ਤੇ ਲੈ ਕੇ ਪੁੱਛਗਿੱਛ ਕਰੇਗੀ। ਲਾੜੀ ਦੀ ਗ੍ਰਿਫਤਾਰੀ ਦੀ ਪੁਸ਼ਟੀ ਕਰਦੇ ਹੋਏ ਐੱਸ. ਐੱਚ. ਓ. ਹਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਫਰਾਰ ਨਵਦੀਪ ਸਿੰਘ ਨੂੰ ਜਲਦੀ ਹੀ ਫੜ ਲਿਆ ਜਾਵੇਗਾ। ਦੋਵਾਂ ਖਿ਼ਲਾਫ ਬੀ. ਐੱਨ. ਐੱਸ. ਦੀ ਧਾਰਾ 331 (1), 305 (ਏ) ਅਤੇ 3 (50) ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਗਏ ਬਿਆਨ ਵਿਚ 37 ਸਾਲ ਦੇ ਅੰਮ੍ਰਿਤਪਾਲ ਸਿੰਘ ਵਾਸੀ ਕਟਹਿਰਾ ਮੁਹੱਲਾ ਨੇ ਕਿਹਾ ਸੀ



ਕਿ ਉਹ ਜਰਮਨ ਦਾ ਨਾਗਰਿਕ ਹੈ। ਵਿਆਹ ਲਈ ਭਾਰਤ ਆਇਆ ਸੀ। ਉਸ ਨੇ 20 ਦਸੰਬਰ ਨੂੰ ਸੁਲਤਾਨਪੁਰ ਲੋਧੀ ਦੇ ਮੀਰਪੁਰ ਦੀ ਰਹਿਣ ਵਾਲੀ ਨਵਦੀਪ ਕੌਰ ਨਾਲ ਵਿਆਹ ਕਰ ਲਿਆ ਸੀ। ਐੱਨ. ਆਰ. ਆਈ. ਦਾ ਦੋਸ਼ ਹੈ ਕਿ 31 ਦਸੰਬਰ ਨੂੰ ਉਸ ਦੀ ਪਤਨੀ ਇਕ ਸਾਜਿਸ਼ ਤਹਿਤ ਘਰ ਵਿਚੋਂ ਚੋਰੀ ਕਰਕੇ ਭੱਜ ਗਈ। ਉਸ ਨੂੰ ਪਤਾ ਲੱਗਾ ਕਿ ਇਸ ਸਾਜਿਸ਼ ਵਿਚ ਨਵਦੀਪ ਸਿੰਘ ਵੀ ਸ਼ਾਮਲ ਹੈ। ਘਰੋਂ ਉਕਤ ਗਹਿਣੇ ਅਤੇ ਕੈਸ਼ ਲੈ ਗਈ ਸੀ। ਪੁਲਸ ਨੇ ਦੋਸ਼ੀ ਲਾੜੀ ਦੇ ਖਿ਼ਲਾਫ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

## ਪਾਰਟੀ ਕਰਕੇ ਪਰਤ ਰਹੇ ਤਿੰਨ ਜਿਗਰੀ ਦੋਸਤਾਂ ਦੀ ਮੌਤ

ਭਾਦਸੋਂ/ਨਾਭਾ 12 ਜਨਵਰੀ। ਥਾਣਾ ਭਾਦਸੋਂ ਅਧੀਨ ਆਉਂਦੇ ਪਿੰਡ ਦਿੱਤੂਪੁਰ ਜੱਟਾਂ ਵਿਖੇ 3 ਨੌਜਵਾਨਾਂ ਦੀ ਪਿੰਡ ਦੇ ਟੋਭੇ ਵਿਚ ਡੁੱਬਣ ਕਾਰਨ ਮੌਤ ਹੋਣ ਦੀ ਦੁਖਦ ਘਟਨਾ ਵਾਪਰੀ ਹੈ। ਮਿਲੀ ਜਾਣਕਾਰੀ ਮੁਤਾਬਕ ਪਿੰਡ ਦਿੱਤੂਪੁਰ ਜੱਟਾਂ ਵਿਖੇ ਦੇਰ ਰਾਤ 9 ਵਜੇ ਦੇ ਕਰੀਬ ਤਿੰਨ ਨੌਜਵਾਨਾਂ ਦੀ ਪਿੰਡ ਦੇ ਟੋਬੇ ਵਿਚ ਡੁੱਬ ਕੇ ਮੌਤ ਹੋ ਗਈ ਜਦਕਿ ਇਨ੍ਹਾਂ ਦਾ ਇਕ ਸਾਥੀ ਬਚ ਗਿਆ। ਪ੍ਰਾਪਤ ਜਾਣਕਾਰੀ ਮੁਤਾਬਕ ਇੰਦਰਜੋਤ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਉਮਰ ਕਰੀਬ 22 ਸਾਲ, ਹਰਦੀਪ ਸਿੰਘ ਪੁੱਤਰ ਅਮਰਜੀਤ ਸਿੰਘ ਉਮਰ ਕਰੀਬ 25 ਸਾਲ ਅਤੇ ਕਮਲਪ੍ਰੀਤ ਸਿੰਘ ਉਮਰ ਕਰੀਬ 20 ਸਾਲ ਅਤੇ ਇਨ੍ਹਾਂ ਦਾ ਇਕ ਹੋਰ ਸਾਥੀ ਦੇਰ ਰਾਤ ਪਿੰਡ ਦਿੱਤੂਪਰ ਜੱਟਾਂ ਵਿਖੇ ਕਾਰ ਵਿਚ ਜਾ ਰਹੇ ਸਨ। ਇਸ ਦੌਰਾਨ ਅਚਾਨਕ ਕਾਰ ਦਾ ਸੰਤੁਲਨ ਵਿਗੜ ਗਿਆ ਅਤੇ ਕਾਰ ਗੁਰਦੁਆਰਾ ਸਾਹਿਬ ਨਜਦੀਕ ਟੋਭੇ ਵਿਚ ਡਿੱਗ ਗਈ। ਇਸ ਦੌਰਾਨ ਇੰਦਰਜੋਤ ਸਿੰਘ, ਹਰਦੀਪ ਸਿੰਘ ਅਤੇ ਕਮਲਪ੍ਰੀਤ ਸਿੰਘ ਦੀ ਡੁੱਬਣ ਕਾਰਨ ਮੌਤ ਹੋ ਗਈ ਜਦਕਿ ਇਨ੍ਹਾਂ ਦਾ ਇਕ ਸਾਥੀ ਦਲਵੀਰ ਸਿੰਘ ਦਾ ਬਚਾਅ ਹੋ ਗਿਆ। ਜਿ਼ਕਿਰਯੋਗ ਹੈ ਕਿ ਇਨ੍ਹਾਂ ਵਿਚੋਂ ਹਰਦੀਪ ਸਿੰਘ ਪੁੱਤਰ ਅਮਰਜੀਤ ਸਿੰਘ ਨੇਵੀ ਵਿਚ ਨੌਕਰੀ ਕਰਦਾ ਸੀ ਅਤੇ ਹੁਣ ਛੁੱਟੀ ‘ਤੇ ਆਇਆ ਸੀ।

## ਡੇਟਿੰਗ ਐਪ ’ਤੇ 700 ਤੋਂ ਜਿ਼ਆਦਾ ਔਰਤਾਂ ਨੂੰ ਠੱਗਿਆ, ਮੁਲਜਮ ਗ੍ਰਿਫਤਾਰ

ਨਵੀਂ ਦਿੱਲੀ 12 ਜਨਵਰੀ। ਵਿਦੇਸ਼ੀ ਮਾਡਲਾਂ ਦੀਆਂ ਤਸਵੀਰਾਂ ਦੀ ਵਰਤੋਂ ਕਰ ਕੇ ਵੱਖ-ਵੱਖ ਡੇਟਿੰਗ ਐਪਸ ਰਾਹੀਂ 700 ਤੋਂ ਵੱਧ ਔਰਤਾਂ ਨਾਲ ਠੱਗੀ ਮਾਰਨ ਵਾਲੇ ਮੁਲਜਮ 23 ਸਾਲਾ ਨੌਜਵਾਨ ਨੂੰ ਦਿੱਲੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਮੁਲਜਮ ਨੇ ਖੁਦ ਨੂੰ ਅਮਰੀਕਾ ਵਿਚ ਰਹਿਣ ਵਾਲਾ ਇਕ ਮਾਡਲ ਦੱਸ ਕੇ ਡੇਟਿੰਗ ਐਪ ’ਤੇ ਔਰਤਾਂ ਨਾਲ ਦੋਸਤੀ ਕੀਤੀ ਅਤੇ ਬਾਅਦ ਵਿਚ ਉਨ੍ਹਾਂ ਦਾ ਭਰੋਸਾ ਜਿੱਤ ਕੇ ਉਨ੍ਹਾਂ ਦੀਆਂ ਨਿੱਜੀ ਤਸਵੀਰਾਂ ਅਤੇ ਵੀਡੀਓਜ ਹਾਸਲ ਕਰ ਲਏ। ਇਸ ਤੋਂ ਬਾਅਦ ਮੁਲਜਮ ਨੇ ਤਸਵੀਰਾਂ ਅਤੇ ਵੀਡੀਓ ਸੋਸਲ ਮੀਡੀਆ ’ਤੇ ਸੇਅਰ ਕਰਨ ਦਾ ਡਰਾਵਾ ਦੇ ਕੇ ਕਈ ਔਰਤਾਂ ਤੋਂ ਮੋਟੀ ਰਕਮ ਵਸੂਲ ਕੀਤੀ। ਦਿੱਲੀ ਪੁਲਸ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪੱਛਮੀ ਜਿ਼ਲੇ ਦੇ ਸਾਈਬਰ ਥਾਣੇ ਨੇ ਤੁਸਾਰ ਬਿਸਟ ਨੂੰ ਔਰਤਾਂ ਨੂੰ ‘ਬੰਬਲ’ ਅਤੇ



‘ਸਨੈਪਚੈਟ’ ਵਰਗੇ ਆਨਲਾਈਨ ਪਲੇਟਫਾਰਮਾਂ ਦੀ ਦੁਰਵਰਤੋਂ ਕਰ ਕੇ ਫਸਾਉਣ, ਨਿੱਜੀ ਤਸਵੀਰਾਂ ਅਤੇ ਵੀਡੀਓ ਦੀ ਵਰਤੋਂ ਕਰ ਕੇ ਉਨ੍ਹਾਂ ਨੂੰ ਬਲੈਕਮੇਲ ਕਰ ਕੇ ਪੈਸੇ ਠੱਗਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਬਿਸਟ ਨੇ ਵੱਖ-ਵੱਖ ਆਨਲਾਈਨ ਡੇਟਿੰਗ ਪਲੇਟਫਾਰਮਾਂ ’ਤੇ 18 ਤੋਂ 30 ਸਾਲ ਦੀ ਉਮਰ ਦੀਆਂ ਔਰਤਾਂ ਨਾਲ ਜੁੜਨ ਲਈ ਫਰਜੀ ਪ੍ਰੋਫਾਈਲਾਂ ਦੀ ਵਰਤੋਂ ਕੀਤੀ। ਇਹ ਮਾਮਲਾ ਪਿਛਲੇ ਸਾਲ 13 ਦਸੰਬਰ ਨੂੰ ਸਾਹਮਣੇ ਆਇਆ ਸੀ, ਜਦੋਂ ਦਿੱਲੀ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਨੇ ਸਾਈਬਰ ਪੁਲਸ ਸਟੇਸਨ ਵਿਚ ਸਿ਼ਕਾਇਤ ਦਰਜ ਕਰਵਾਈ ਸੀ।

## ਡਰਾਈਵਿੰਗ ਸਿੱਖ ਰਹੇ ਨੌਜਵਾਨ ਨੇ 5 ਨੂੰ ਕੁਚਲਿਆ; 2 ਨੂੰ ਘਸੀੜਦੀ ਲੈ ਗਈ ਕਾਰ

ਕੈਥਲ 12 ਜਨਵਰੀ। ਸ਼ਨੀਵਾਰ ਨੂੰ ਚੀਕਾ ਅਨਾਜ ਮੰਡੀ ‘ਚ ਕੁਰਸੀਆਂ ‘ਤੇ ਬੈਠ ਕੇ ਗੱਲ ਕਰ ਰਹੇ 5 ਨੌਜਵਾਨਾਂ ਨੂੰ ਕਾਰ ਚਲਾਉਣਾ ਸਿੱਖ ਰਹੇ ਨੌਜਵਾਨ ਨੇ ਟੱਕਰ ਮਾਰ ਦਿੱਤੀ। ਪੂਰੀ ਘਟਨਾ ਦਾ ਸੀਸੀਟੀਵੀ ਵੀਡੀਓ ਵੀ ਸਾਹਮਣੇ ਆਇਆ ਹੈ। ਕਾਰ ਦੀ ਟੱਕਰ ਤੋਂ ਬਾਅਦ 3 ਨੌਜਵਾਨ ਉੱਥੇ ਹੀ ਡਿੱਗ ਗਏ, ਜਦੋਂ ਕਿ 2 ਨੂੰ ਉਹ ਘਸੀੜਦੇ ਹੋਏ ਲੈ ਗਿਆ। ਇਹ



ਹਾਦਸਾ ਹਰਿਆਣਾ ਦੇ ਕੈਥਲ ‘ਚ ਵਾਪਰਿਆ। ਹਾਲਾਂਕਿ ਇਸ ਹਾਦਸੇ ‘ਚ ਸਾਰਿਆਂ ਦੀ ਜਾਨ ਵਾਲ-ਵਾਲ ਬਚ ਗਈ। ਘਟਨਾ ਤੋਂ ਬਾਅਦ ਨੇੜੇ-ਤੇੜੇ ਮੌਜੂਦ ਲੋਕਾਂ ਨੇ ਕਾਰ ਸਵਾਰ 2 ਲੋਕਾਂ ਨੂੰ ਫੜ ਲਿਆ। ਇਸ ਹਾਦਸੇ ‘ਚ ਤਿੰਨ ਲੋਕਾਂ ਨੂੰ ਮਾਮੂਲੀ ਸੱਟ ਲੱਗੀ ਹੈ ਪਰ 2 ਨੌਜਵਾਨ ਜਿ਼ਆਦਾ ਜਖਮੀ ਹੋ ਗਏ ਹਨ, ਜਿਨ੍ਹਾਂ ਨੂੰ ਕਾਰ ਘਸੀੜਦੇ ਹੋਏ ਲੈ ਗਈ। ਜਖਮੀਆਂ ਨੂੰ ਚੀਕਾ ਦੇ ਸਰਕਾਰੀ ਹਸਪਤਾਲ ‘ਚ ਲਿਜਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਨੌਜਵਾਨ ਅਨਾਜ ਮੰਡੀ ‘ਚ ਕਾਰ ਚਲਾਉਣਾ ਸਿੱਖ ਰਿਹਾ ਸੀ। ਇਸ ਦੌਰਾਨ ਉੱਥੇ ਕੁਝ ਨੌਜਵਾਨ ਇਕੱਠੇ ਬੈਠ ਕੇ ਗੱਲ ਕਰ ਰਹੇ ਸਨ। ਉਸ ਸਮੇਂ ਕਾਰ ਚਲਾਉਣਾ ਸਿੱਖ ਰਹੇ ਨੌਜਵਾਨ ਨੇ ਬ੍ਰੇਕ ਦੀ ਜਗ੍ਹਾ ਐਕਸੀਲੇਟਰ ‘ਤੇ ਪੈਰ ਰੱਖ ਦਿੱਤਾ, ਜਿਸ ਨਾਲ ਕਾਰ ਸਾਹਮਣੇ ਬੈਠੇ ਸਾਰੇ ਨੌਜਵਾਨਾਂ ਨੂੰ ਕੁਚਲਦੇ ਹੋਏ ਨਿਕਲ ਗਈ। ਇਹ ਪੂਰੀ ਘਟਨਾ ਦੁਕਾਨ ‘ਚ ਲੱਗੇ ਕੈਮਰੇ ‘ਚ ਕੈਦ ਹੋ ਗਈ।

## ਦਾਤ ਵਿਖਾ ਕੇ ਹੌਲਦਾਰ ਤੋਂ ਮੋਬਾਇਲ ਤੇ ਨਕਦੀ ਖੋਹੀ, 24 ਘੰਟਿਆਂ ’ਚ ਇਕ ਮੁਲਜਮ ਕਾਬੂ

ਜਲੰਧਰ 12 ਜਨਵਰੀ। ਦਾਤ ਵਿਖਾ ਕੇ ਆਰਮੀ ਦੇ ਹੌਲਦਾਰ ਤੋਂ ਮੋਬਾਇਲ ਅਤੇ 1500 ਰੁਪਏ ਦੀ ਨਕਦੀ ਖੋਹਣ ਵਾਲੇ ਬਿਨਾਂ ਨੰਬਰੀ ਈ-ਰਿਕਸ਼ਾ ਚਾਲਕ ਨੂੰ ਜਿ਼ਲ੍ਹਾ ਦਿਹਾਤੀ ਪੁਲਸ ਦੇ ਥਾਣਾ ਪਤਾਰਾ ਦੇ ਐੱਸ. ਐੱਚ. ਓ. ਇੰਸ. ਹਰਦੇਵਪ੍ਰੀਤ ਸਿੰਘ ਦੀ ਟੀਮ ਨੇ ਸਿਰਫ 24 ਘੰਟਿਆਂ ਵਿਚ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ, ਜਦਕਿ ਉਸ ਦੇ ਇਕ ਹੋਰ ਸਾਥੀ ਦੀ ਗ੍ਰਿਫਤਾਰੀ ਲਈ ਪਤਾਰਾ ਪੁਲਸ ਵੱਲੋਂ ਰੇਡ ਕੀਤੀ ਜਾ ਰਹੀ ਹੈ। ਉੱਪ ਪੁਲਸ ਕਪਤਾਨ ਆਦਮਪੁਰ ਕੁਲਵੰਤ ਸਿੰਘ ਪੀ. ਪੀ. ਐੱਸ. ਨੇ ਦੱਸਿਆ ਕਿ ਮੁਲਜਮ ਦੀ ਪਛਾਣ ਮੋਨੂੰ ਪੁੱਤਰ ਪ੍ਰਮੋਦ ਪਾਸਵਾਨ ਵਾਸੀ ਦਾਤਾਰ ਨਗਰ ਰਾਮਾ ਮੰਡੀ ਜਲੰਧਰ ਵਜੋਂ ਹੋਈ ਹੈ। ਉਸਦੇ ਕਬਜੇ ਵਿਚੋਂ ਵਾਰਦਾਤ ਨੂੰ ਅੰਜਾਮ ਦੇਣ ਲਈ ਵਰਤਿਆ ਗਿਆ ਬਿਨਾਂ ਨੰਬਰੀ ਈ-ਰਿਕਸ਼ਾ ਵੀ ਬਰਾਮਦ ਕਰ ਲਿਆ ਹੈ। ਮੋਨੂੰ ਅਤੇ ਉਸ ਦੇ ਸਾਥੀ ਖਿ਼ਲਾਫ ਥਾਣਾ ਪਤਾਰਾ ਵਿਚ ਅੰਡਰ ਸੈਕਸ਼ਨ 304 (2), 3 (5) ਬੀ. ਐੱਨ. ਐੱਸ. ਤਹਿਤ ਆਰਮੀ ਵਿਚ ਹਵਲਦਾਰ ਵਜੋਂ ਤਾਇਨਾਤ ਵਿਜੇ ਬਲਜੀਤ ਪੁੱਤਰ ਦੁਲੀ ਚੰਦ ਵਾਸੀ ਪਿੰਡ ਕੀਰਤਪੁਰ ਥਾਣਾ ਚੌਬੇਪੁਰ ਜਿ਼ਲ੍ਹਾ ਕਾਹਨਪੁਰ ਨਗਰ ਯੂ. ਪੀ. ਹਾਲ ਵਾਸੀ 9 ਬਟਾਲੀਅਨ ਗਾਰਡਜ ਰੈਜੀਮੈਂਟ ਆਰਮੀ ਹੈੱਡਕੁਆਰਟਰ ਫਿਰੋਜਪੁਰ ਦੇ ਬਿਆਨਾਂ ’ਤੇ ਸਾਲ 2025 ਦੀ ਪਹਿਲੀ ਐੱਫ. ਆਈ. ਆਰ. ਦਰਜ ਕੀਤੀ ਗਈ ਹੈ। ਵਿਜੇ ਬਲਜੀਤ ਨੇ ਪਤਾਰਾ ਪੁਲਸ ਨੂੰ ਬਿਆਨ ਦਿੱਤੇ ਸਨ ਕਿ 2 ਜਨਵਰੀ ਨੂੰ ਉਹ ਆਰਜੀ ਡਿਊਟੀ ਸਬੰਧੀ ਆਰਮੀ ਹੈੱਡਕੁਆਰਟਰ ਫਿਰੋਜਪੁਰ ਤੋਂ ਟ੍ਰੇਨ ਵਿਚ ਆਰਮੀ ਹੈੱਡਕੁਆਰਟਰ ਜਲੰਧਰ ਕੈਂਟ ਆਇਆ ਸੀ। ਉਸਨੇ



ਰੇਲਵੇ ਸਟੇਸ਼ਨ ਤੋਂ ਈ-ਰਿਕਸ਼ਾ ਕੀਤਾ ਅਤੇ ਉਸ ਵਿਚ ਆਰਮੀ ਕੈਂਪ ਜਲੰਧਰ ਕੈਂਟ ਵੱਲ ਆ ਰਿਹਾ ਸੀ। ਈ-ਰਿਕਸ਼ਾ ਵਿਚ ਚਾਲਕ ਨਾਲ ਇਕ ਮੋਨਾ ਵਿਅਕਤੀ ਪਹਿਲਾਂ ਹੀ ਬੈਠਾ ਹੋਇਆ ਸੀ। ਰਾਤ ਦਾ ਸਮਾਂ ਹੋਣ ਕਾਰਨ ਉਸ ਨੂੰ ਰਸਤੇ ਬਾਰੇ ਕੁਝ ਨਹੀਂ ਪਤਾ ਲੱਗਾ, ਜਿਸ ਦਾ ਫਾਇਦਾ ਉਠਾਉਂਦਿਆ ਈ-ਰਿਕਸ਼ਾ ਚਾਲਕ ਉਸ ਨੂੰ ਜਲੰਧਰ ਕੈਂਟ ਲਿਜਾਣ ਦੀ ਬਜਾਏ ਥਾਣਾ ਪਤਾਰਾ ਅਧੀਨ ਪੈਂਦੇ ਪਿੰਡ ਭੋਜੋਵਾਲ ਦੀਆਂ ਝਾੜੀਆਂ ਵਿਚ ਲੈ ਆਇਆ। ਉਸ ਸਮੇਂ ਰਾਤ ਦੇ ਲੱਗਭਗ ਪੌਣੇ 10 ਵੱਜੇ ਸਨ। ਇਸ ਦੌਰਾਨ ਈ-ਰਿਕਸ਼ਾ ਵਿਚ ਪਹਿਲਾਂ ਤੋਂ ਹੀ ਬੈਠੇ ਹੋਏ ਵਿਅਕਤੀ ਅਤੇ ਈ-ਰਿਕਸ਼ਾ ਚਾਲਕ ਨੇ ਮਿਲ ਕੇ ਉਸ ਨੂੰ ਈ-ਰਿਕਸ਼ਾ ਤੋਂ ਹੇਠਾਂ ਉਤਾਰ ਲਿਆ ਅਤੇ ਦਾਤ ਦਿਖਾ ਕੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਉਸ ਨਾਲ ਕੁੱਟਮਾਰ ਕੀਤੀ।

### ਕੇਂਦਰੀ ਜੇਲ੍ਹ ਅੰਦਰੋਂ ਫਿਰ ਬਰਾਮਦ ਹੋਏ 6 ਪੁੜੀਆਂ ਤੰਬਾਕੂ

ਤਰਨਤਾਰਨ 12 ਜਨਵਰੀ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਅੰਦਰੋਂ ਜੇਲ ਪ੍ਰਸ਼ਾਸਨ ਨੇ 15 ਬੀਡੀਆਂ ਦੇ ਬੰਡਲ, 6 ਪੁੜੀਆਂ ਤੰਬਾਕੂ, 5 ਹੀਟਰ ਸਪਰਿੰਗ ਬਰਾਮਦ ਕਰਨ ’ਚ ਸਫਲਤਾ ਹਾਸਲ ਕੀਤੀ ਹੈ। ਜਿਸ ਦੇ ਚੱਲਦਿਆਂ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਇਕ ਹਵਾਲਾਤੀ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜੇਲ੍ਹ ਦੇ ਸਹਾਇਕ ਸੁਪਰਡੈਂਟ ਰਘਵੀਰ ਚੰਦ ਵੱਲੋਂ ਚਲਾਏ ਗਏ ਤਲਾਸ਼ੀ ਅਭਿਆਨ ਦੌਰਾਨ ਜੇਲ ਦੀ ਵਾਰਡ ਨੰਬਰ-12 ਦਾ ਜ਼ਿੰਦਰਾ ਖੋਲ ਕੇ ਅਚਾਨਕ ਚੈੱਕ ਕੀਤਾ ਗਿਆ ਤਾਂ ਉਸ ’ਚੋਂ ਤਿੰਨ ਲਾਵਾਰਿਸ ਫੈਂਕੇ ਬਰਾਮਦ ਕੀਤੇ ਗਏ, ਜਿਨ੍ਹਾਂ ਦੀ ਤਲਾਸ਼ੀ ਲੈਣ ਦੌਰਾਨ ਉਸ ’ਚੋਂ 15 ਬੀੜੀਆਂ ਦੇ ਬੰਡਲ, 6 ਪੁੜੀਆਂ ਤੰਬਾਕੂ, 5 ਹੀਟਰ ਸਪਰਿੰਗ, 2 ਵੱਖ-ਵੱਖ ਮੋਬਾਈਲ ਫੋਨ ਬਰਾਮਦ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਇਸ ਮਾਮਲੇ ’ਚ ਜੇਲ ਦੇ ਸਹਾਇਕ ਸੁਪਰਡੈਂਟ ਰਘਬੀਰ ਚੰਦ ਦੇ ਬਿਆਨਾਂ ਹੇਠ ਅਜੇ ਕੁਮਾਰ ਉਰਫ ਅਜੇ ਪੁੱਤਰ ਬਿਹਾਰੀ ਲਾਲ ਵਾਸੀ ਜਲੰਧਰ ਦੇ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਵਿਆਹ ਦੀਆਂ ਰਸਮਾਂ ਦੌਰਾਨ ਟਾਇਲਟ ਗਈ ਲਾੜੀ, ਫਿਰ ਜੋ ਹੋਇਆ ਸੁਣ ਉੱਡਣਗੇ ਤੁਹਾਡੇ ਹੋਸ਼

ਉੱਤਰ ਪ੍ਰਦੇਸ 12 ਜਨਵਰੀ। ਉੱਤਰ ਪ੍ਰਦੇਸ ਦੇ ਗੋਰਖਪੁਰ ‘ਚ ਇਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਇੱਥੇ ਵਿਆਹ ਦੌਰਾਨ ਲਾੜੀ ਨਕਦੀ ਅਤੇ ਗਹਿਣੇ ਲੈ ਕੇ ਭੱਜ ਗਈ। ਲਾੜੀ ਦੇ ਨਾਲ ਉਸ ਦੀ ਮਾਂ ਵੀ ਮੌਕੇ ਤੋਂ ਗਾਇਬ ਸੀ। ਇਸ ਤੋਂ ਬਾਅਦ ਲਾੜਾ ਇੰਤਜਾਰ ਕਰਦਾ ਹੈ ਪਰ ਲਾੜੀ ਵਾਪਸ ਨਹੀਂ ਪਰਤੀ। ਲਾੜੇ ਦਾ ਕਹਿਣਾ ਹੈ ਕਿ ਉਸ ਨੇ ਇਕ ਵਿਅਕਤੀ ਨੂੰ 30 ਹਜਾਰ ਰੁਪਏ ਦੇ ਕੇ ਰਿਸਤਾ ਤੈਅ ਕੀਤਾ ਸੀ। ਨਿਜੀ ਚੈਨਲ ਮੁਤਾਬਕ ਇਹ ਮਾਮਲਾ ਗੋਰਖਪੁਰ ਦੇ ਖਜਨੀ ਇਲਾਕੇ ਦਾ ਹੈ। ਇੱਥੇ 40 ਸਾਲਾ ਕਿਸਾਨ ਆਪਣੇ ਦੂਜੇ ਵਿਆਹ ਦੀਆਂ ਰਸਮਾਂ ਪੂਰੀਆਂ ਕਰ ਰਿਹਾ ਸੀ। ਉਸ ਦੀ ਪਹਿਲੀ ਪਤਨੀ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ ਸੀ। ਲਾੜਾ ਸੀਤਾਪੁਰ ਦੇ ਗੋਵਿੰਦਪੁਰ ਪਿੰਡ ਦਾ ਰਹਿਣ ਵਾਲਾ ਹੈ। ਉਸ ਨੇ ਵਿਚੋਲੇ ਦੀ ਮਦਦ ਨਾਲ ਵਿਆਹ ਲਈ 30 ਹਜਾਰ ਰੁਪਏ ਦੇ ਕੇ ਰਿਸਤਾ ਤੈਅ ਕੀਤਾ ਸੀ। ਲਾੜੇ ਦਾ ਕਹਿਣਾ ਹੈ ਕਿ ਵਿਆਹ ਤੋਂ ਪਹਿਲਾਂ ਉਸ ਨੇ ਲਾੜੀ ਨੂੰ ਸਾੜੀਆਂ ਅਤੇ ਗਹਿਣੇ ਦਿੱਤੇ ਸਨ। ਵਿਆਹ ਦਾ ਹੋਰ ਖਰਚਾ ਵੀ ਕੀਤਾ।ਇਸ ਤੋਂ ਬਾਅਦ ਉਹ ਵਿਆਹ ਕਰਵਾਉਣ ਲਈ ਆਪਣੇ ਪਰਿਵਾਰਕ ਮੈਂਬਰਾਂ ਨਾਲ ਮੰਦਰ ਪਹੁੰਚੀ, ਜਿੱਥੇ ਲਾੜੀ ਆਪਣੀ ਮਾਂ ਨਾਲ ਮੌਜੂਦ ਸੀ। ਵਿਆਹ ਦੀਆਂ ਰਸਮਾਂ ਸੁਰੂ ਹੁੰਦੇ ਹੀ ਲਾੜੀ ਨੇ ਟਾਇਲਟ ਜਾਣ ਦਾ ਬਹਾਨਾ ਬਣਾਇਆ ਅਤੇ ਵਾਪਸ ਨਹੀਂ ਪਰਤੀ। ਇਸ ਦੌਰਾਨ ਉਸ ਦੀ ਮਾਂ ਵੀ ਗਾਇਬ ਹੋ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਾੜੇ ਨੇ ਕਿਹਾ ਕਿ ਮੈਂ ਆਪਣੇ ਪਰਿਵਾਰ ਨੂੰ ਮੁੜ ਵਿਆਹ ਕਰਨ ਲਈ ਰਿਸਤਾ ਤੈਅ ਕੀਤਾ ਸੀ ਪਰ ਲਾੜੀ ਸਭ ਕੁਝ ਲੁੱਟ ਕੇ ਲੈ ਗਈ। ਇਸ ਮਾਮਲੇ ਸਬੰਧੀ ਗੋਰਖਪੁਰ ਦੇ ਐਸ.ਪੀ. (ਦੱਖਣੀ) ਜਤਿੰਦਰ ਕੁਮਾਰ ਨੇ ਦੱਸਿਆ ਕਿ ਅਜੇ ਤੱਕ ਇਸ ਮਾਮਲੇ ‘ਚ ਕੋਈ ਸਿ਼ਕਾਇਤ ਨਹੀਂ ਮਿਲੀ ਹੈ। ਜੇਕਰ ਕੋਈ ਸਿ਼ਕਾਇਤ ਮਿਲਦੀ ਹੈ ਤਾਂ ਸਾਰੀ ਘਟਨਾ ਦੀ ਜਾਂਚ ਕੀਤੀ ਜਾਵੇਗੀ।

# ਜਲੰਧਰ ‘ਚ 2 ਨੌਜਵਾਨਾਂ ਦਾ ਕਤਲ ਕਰਨ ਵਾਲਾ ਮਨੀ ਨੋਇਡਾ ਤੋਂ ਗ੍ਰਿਫਤਾਰ

ਜਲੰਧਰ 12 ਜਨਵਰੀ। 4 ਜਨਵਰੀ ਨੂੰ ਲੰਮਾ ਪਿੰਡ ਚੌਂਕ ਕੋਲ ਸਲਾਣੀ ਮਾਤਾ ਮੰਦਰ ਦੇ ਪਿੱਛੇ ਪੈਂਦੇ ਇਲਾਕੇ ਸ਼ਹੀਦ ਊਧਮ ਨਗਰ ਵਿਚ 2 ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਉਨ੍ਹਾਂ ਦਾ ਬੇਰਹਿਮੀ ਨਾਲ ਕਤਲ ਕਰਨ ਵਾਲੇ ਮੁਲਜਮ ਮਨੀਸ਼ ਕੁਮਾਰ ਉਰਫ ਮਨੀ ਮਿੱਠਾਪੁਰੀਆ ਪੁੱਤਰ ਸ਼ੀਸ਼ਨ ਕੁਮਾਰ ਵਾਸੀ ਪਿੰਡ ਮਿੱਠਾਪੁਰ ਥਾਣਾ ਡਿਵੀਜਨ ਨੰਬਰ 7 ਜਲੰਧਰ ਨੂੰ ਨੋਇਡਾ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਜਾਣਕਾਰੀ ਸੂਤਰਾਂ ਦੇ ਹਵਾਲੇ ਤੋਂ ਮਿਲੀ ਹੈ। ਹਾਲਾਂਕਿ ਅਧਿਕਾਰਤ ਤੌਰ ’ਤੇ ਕਿਸੇ ਵੀ ਅਧਿਕਾਰੀ ਨੇ ਇਸ ਦਾ ਖੁਲਾਸਾ ਨਹੀਂ ਕੀਤਾ। ਮਨੀ ਮਿੱਠਾਪੁਰੀਆ ਨੂੰ ਕੱਲ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਇਸ ਸਬੰਧੀ ਕਮਿਸ਼ਨਰੇਟ ਪੁਲਸ ਅਧਿਕਾਰੀ ਪ੍ਰੈੱਸ ਕਾਨਫਰੰਸ ਵਿਚ ਵਿਸਥਾਰ ਨਾਲ ਖੁਲਾਸਾ ਕਰ ਸਕਦੇ ਹਨ। ਮਨੀ ਮਿੱਠਾਪੁਰੀਆ ਨੂੰ ਕਾਬੂ ਕਰਨ ਲਈ ਕਮਿਸ਼ਨਰੇਟ ਪੁਲਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਰੇਡ ਕੀਤੀ ਜਾ ਰਹੀ ਸੀ। ਮਨੀ ਮਿੱਠਾਪੁਰੀਆ ਨੇ ਸ਼ਿਵਮ ਕੁਮਾਰ ਉਰਫ ਸ਼ਿਵੀ ਪੁੱਤਰ ਅਸ਼ਵਨੀ ਕੁਮਾਰ ਵਾਸੀ ਮਕਾਨ ਨੰਬਰ 556-ਬੀ ਮੋਤਾ ਸਿੰਘ ਨਗਰ ਨੇੜੇ ਬੱਸ ਅੱਡਾ ਜਲੰਧਰ ਅਤੇ ਵਿਨੈ ਕੁਮਾਰ ਤਿਵਾੜੀ ਪੁੱਤਰ ਸ਼ਿਪਾਹੀਆ ਤਿਵਾੜੀ ਵਾਸੀ ਬਸਤੀ ਸ਼ੇਖ ਥਾਣਾ ਡਿਵੀਜਨ ਨੰਬਰ 5 ਜਲੰਧਰ ਨੂੰ 9 ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਵਿਨੈ ਤਿਵਾੜੀ ਨੇ ਮੌਕੇ ’ਤੇ ਹੀ ਦਮ ਤੋੜ ਦਿੱਤੀ ਸੀ ਅਤੇ ਸ਼ਿਵਮ ਨੂੰ ਜਦੋਂ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਜਾ ਰਿਹਾ ਸੀ ਤਾਂ ਉਸਨੇ ਰਸਤੇ ਵਿਚ ਹੀ ਮਨੀ ਵਾਲੀਆ ਨੂੰ ਦੱਸਿਆ ਸੀ ਕਿ ਉਨ੍ਹਾਂ ’ਤੇ ਗੋਲੀਆਂ ਮਨੀ ਮਿੱਠਾਪੁਰੀਆ ਨੇ ਹੀ ਚਲਾਈਆਂ ਹਨ, ਜਿਸ ਤੋਂ ਬਾਅਦ ਥਾਣਾ ਰਾਮਾ ਮੰਡੀ ਦੀ ਪੁਲਸ ਨੇ ਮਨੀ ਵਾਲੀਆ ਦੇ ਬਿਆਨਾਂ ’ਤੇ ਬੀ. ਐੱਨ. ਐੱਸ. ਦੀਆਂ ਧਾਰਾਵਾਂ ਅਤੇ ਅਸਲਾ ਐਕਟ ਤਹਿਤ ਮਨੀ ਮਿੱਠਾਪੁਰੀਆ ਖਿ਼ਲਾਫ 3 ਨੰਬਰ ਐੱਫ. ਆਈ. ਆਰ. ਦਰਜ ਕਰਦਿਆਂ ਮੌਕੇ ਤੋਂ




ਦਿੱਲੀ ਨੰਬਰੀ ਇਕ ਸਵਿਫਟ ਕਾਰ, ਇਕ ਪਿਸਤੌਲ, 2 ਮੈਗਜੀਨਾਂ, 11 ਜਿ਼ੰਦਾ ਕਾਰਤੂਸ ਅਤੇ ਮਨੀ ਮਿੱਠਾਪੁਰੀਆ ਵੱਲੋਂ ਸ਼ਿਵੀ ਅਤੇ ਤਿਵਾੜੀ ’ਤੇ ਚਲਾਈਆਂ ਗਈਆਂ 9 ਗੋਲੀਆਂ ਦੇ ਖੋਲ ਬਰਾਮਦ ਕੀਤੇ ਸਨ। ਸ਼ਹੀਦ ਊਧਮ ਸਿੰਘ ਵਾਸੀ ਮਨੀ ਵਾਲੀਆ ਅਨੁਸਾਰ ਸ਼ਿਵਮ, ਤਿਵਾੜੀ ਅਤੇ ਮਨੀ ਮਿੱਠਾਪੁਰੀਆ ਇਕ ਹੀ ਕਾਰ ਵਿਚ ਸਵਾਰ ਹੋ ਕੇ 3 ਜਨਵਰੀ ਦੀ ਰਾਤ ਨੂੰ 12.15 ਵਜੇ ਉਸ ਦੇ ਘਰ ਆਏ ਸਨ ਅਤੇ ਤਿੰਨਾਂ ਨੇ 4 ਜਨਵਰੀ ਨੂੰ ਸਵੇਰੇ 5 ਵਜੇ ਉਸ ਦੇ ਘਰੋਂ ਚਲੇ ਜਾਣ ਦੀ ਗੱਲ ਕਹੀ ਸੀ। ਗ੍ਰਿਫਤਾਰ ਮੁਲਜਮ ਮਨੀ ਮਿੱਠਾਪੁਰੀਆ ਖਿ਼ਲਾਫ ਪਹਿਲਾਂ ਵੀ ਅਪਰਾਧਿਕ ਮਾਮਲੇ ਦਰਜ ਹਨ। ਉਸਦੀ ਸ਼ਿਵੀ ਅਤੇ ਤਿਵਾੜੀ ਨਾਲ ਕੋਈ ਪੁਰਾਣੀ ਰੰਜਿਸ਼ ਸੀ। ਫਿਰ ਉਹ ਜਲੰਧਰ ਤੋਂ ਚੰਡੀਗੜ੍ਹ ਚਲਾ ਗਿਆ ਅਤੇ ਉਥੇ ਹੀ ਕੰਮ ਕਰਨ ਲੱਗਾ ਸੀ। ਜਦੋਂ ਕੰਮ ਨਾ ਮਿਲਿਆ ਤਾਂ ਉਹ ਵਾਪਸ ਜਲੰਧਰ ਆ ਗਿਆ ਅਤੇ ਪੁਰਾਣੀ ਦੁਸ਼ਮਣੀ ਭੁੱਲ ਕੇ ਉਹ ਸ਼ਿਵਮ ਅਤੇ ਤਿਵਾੜੀ ਨਾਲ ਜੁੜ ਗਿਆ ਪਰ ਉਸ ਨੇ ਦੁਸ਼ਮਣੀ ਨੂੰ ਆਪਣੇ ਦਿਮਾਗ ਵਿਚ ਰੱਖਿਆ ਹੋਇਆ ਸੀ ਅਤੇ ਇਸੇ ਕਾਰਨ ਉਸ ਨੇ ਆਪਣੇ ਨਾਲ ਹੀ ਮਨੀ ਵਾਲੀਆ ਦੇ ਘਰ ਸੌਂ ਰਹੇ ਸ਼ਿਵਮ ਅਤੇ ਤਿਵਾੜੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਸ ਮਾਮਲੇ ਨੂੰ ਲੈ ਕੇ ਕਮਿਸ਼ਨਰੇਟ ਪੁਲਸ ਵੱਲੋਂ ਕਈ ਖੁਲਾਸੇ ਕੀਤੇ ਜਾਣ ਦੀ ਉਮੀਦ ਹੈ।

## ਆ ਗਿਆ ਏਲੀਅਨ; ਕਰ ਰਿਹਾ ਲੋਕਾਂ ‘ਤੇ ਹਮਲਾ, ਜਾਣੋ ਪੂਰੀ ਸੱਚਾਈ

ਬਾੜਮੇਰ 12 ਜਨਵਰੀ।ਏਲੀਅਨ ਵਰਗੇ ਜਾਨਵਰ ਦੀਆਂ ਤਸਵੀਰਾਂ ਨੇ ਸਨਸਨੀ ਮਚਾ ਰੱਖੀ ਹੈ। ਇਹ ਤਸਵੀਰਾਂ ਹੁਣ ਸੋਸ਼ਲ ਮੀਡੀਆ ‘ਤੇ ਤੇਜੀ ਨਾਲ ਵਾਇਰਲ ਹੋ ਰਹੀਆਂ ਹਨ। ਇਹ ਏਲੀਅਨ ਰਾਜਸਥਾਨ ਦੇ ਬਾੜਮੇਰ ‘ਚ ਵੇਖਿਆ ਗਿਆ ਹੈ। ਇਸ ਨੂੰ ਲੈ ਕੇ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਏਲੀਅਨ ਨੇ ਕੁਝ ਲੋਕਾਂ ‘ਤੇ ਹਮਲਾ ਕਰ ਕੇ ਉਨ੍ਹਾਂ ਨੂੰ ਜਖਮੀ ਵੀ ਕੀਤਾ ਹੈ। ਬਾੜਮੇਰ ਵਿਚ ਏਲੀਅਨ ਵਰਗੇ ਜਾਨਵਰ ਦੀਆਂ ਤਸਵੀਰਾਂ ਦੇ ਵਾਇਰਲ ਹੋਣ ਮਗਰੋਂ ਡਰ ਦਾ ਮਾਹੌਲ ਪੈਦਾ ਹੋ ਗਿਆ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਏਲੀਅਨ ਬਾੜਮੇਰ ਦੇ ਗੁੜਾਮਾਲਾਨੀ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਵੇਖਿਆ ਗਿਆ ਹੈ। ਇੰਟਰਨੈੱਟ ‘ਤੇ ਲੋਕ ਏਲੀਅਨ ਬਾਰੇ ਸਵਾਲ ਪੁੱਛ ਰਹੇ ਹਨ ਅਤੇ ਸਰਚ ਕਰ ਰਹੇ ਹਨ ਕਿ ਕੀ ਏਲੀਅਨ ਕਿੱਥੇ ਆਇਆ ਹੈ? ਕੀ ਭਾਰਤ ਵਿਚ ਏਲੀਅਨ ਆਏ ਹਨ? ਉੱਥੇ ਹੀ ਬਾੜਮੇਰ ਜੰਗਲਾਤ ਵਿਭਾਗ ਨੇ ਏਲੀਅਨ ਹੋਣ ਦੀ ਗੱਲ ਨੂੰ ਸਿਰੇ ਤੋਂ ਨਾਕਾਰ ਦਿੱਤਾ ਹੈ। ਦਰਅਸਲ ਏਲੀਅਨ ਨੂੰ ਲੈ ਕੇ ਜੋ ਤਸਵੀਰਾਂ ਵਾਇਰਲ ਹੋ ਰਹੀਆਂ ਹਨ, ਉਹ ਡਿਜੀਟਲ ਹਨ। ਸੋਸ਼ਲ ਮੀਡੀਆ ‘ਤੇ ਇਨ੍ਹਾਂ ਵੀਡੀਓ ਜਰੀਏ ਪਹਿਲਾਂ ਹੀ ਸਨਸਨੀ ਫੈਲਾਈ ਹੋਈ ਸੀ। ਹੁਣ ਬਾੜਮੇਰ ਦੇ ਜੰਗਲਾਤ ਵਿਭਾਗ ਵਲੋਂ ਵੀ ਇਹ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਇਹ ਤਸਵੀਰਾਂ ਹਨ।

# ਪੰਜਾਬ ਬੰਦ ਦੌਰਾਨ ਖੁੱਲ੍ਹੀਆਂ ਰਹਿਣਗੀਆਂ ਦੁਕਾਨਾਂ ! ਹੋ ਗਿਆ ਵੱਡਾ ਐਲਾਨ

ਬਰਨਾਲਾ , 12 ਜਨਵਰੀ। 12 ਜਨਵਰੀ। ਨੂੰ ਕਿਸਾਨਾਂ ਵੱਲੋਂ ਪੰਜਾਬ ਬੰਦ ਦਾ ਐਲਾਨ ਕੀਤਾ ਗਿਆ ਹੈ। ਇਸ ਬੰਦ ਤਹਿਤ ਸੜਕਾਂ, ਰੇਲਵੇ, ਸਰਕਾਰੀ ਦਫਤਰ, ਸਕੂਲ ਅਤੇ ਕਾਲਜ ਬੰਦ ਰਹਿਣਗੇ। ਇਸ ਬੰਦ ਦਾ ਮਕਸਦ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀਆਂ ਮੰਗਾਂ ਵੱਲ ਧਿਆਨ ਖਿੱਚਣਾ ਹੈ, ਜੋ ਇਸ ਸਮੇਂ ਮਰਨ ਵਰਤ ’ਤੇ ਹਨ। ਉਨ੍ਹਾਂ ਦੀ ਵਿਗੜਦੀ ਹਾਲਤ ਨੂੰ ਦੇਖਦੇ ਹੋਏ ਕਿਸਾਨ ਆਗੂ ਸਰਵਨ ਸਿੰਘ ਪੰਧੇਰ ਨੇ ਪੰਜਾਬ ਬੰਦ ਦੀ ਅਪੀਲ ਕੀਤੀ ਹੈ।ਪੰਜਾਬ ਵਪਾਰ ਮੰਡਲ ਨੇ ਕਿਸਾਨ ਅੰਦੋਲਨ ਦਾ ਤਾਂ ਸਮਰਥਨ ਕੀਤਾ ਹੈ ਪਰ ਨਾਲ ਹੀ ਇਹ ਵੀ ਸਪਸਟ ਕੀਤਾ ਹੈ ਕਿ ਬਾਜਾਰ ਬੰਦ ਨਹੀਂ ਕੀਤੇ ਜਾਣਗੇ। ਮੰਡਲ ਦਾ ਕਹਿਣਾ ਹੈ ਕਿ ਬਾਰ-ਬਾਰ ਬੰਦ ਦੇ ਐਲਾਨ ਨਾਲ ਰਾਜ ਦੀ ਆਰਥਿਕ ਹਾਲਤ ’ਤੇ ਨਕਾਰਾਤਮਕ ਪ੍ਰਭਾਅ ਪੈਂਦਾ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਆਪਣੀਆਂ ਮੰਗਾਂ ਨੂੰ ਲੈ ਕੇ ਮਰਨ ਵਰਤ ’ਤੇ ਹਨ। ਉਨ੍ਹਾਂ ਦੀ ਹਾਲਤ ਵਿਗੜ ਰਹੀ ਹੈ, ਜਿਸ ਕਾਰਨ ਕਿਸਾਨ ਜਥੇਬੰਦੀਆਂ ਦੀ ਚਿੰਤਾ ਵੱਧ ਗਈ ਹੈ। ਇਸ ਨੂੰ ਦੇਖਦੇ ਹੋਏ ਕਿਸਾਨ ਆਗੂ ਸਰਵਨ ਸਿੰਘ ਪੰਧੇਰ ਨੇ ਪੰਜਾਬ ਬੰਦ ਦੀ ਅਪੀਲ ਕੀਤੀ ਹੈ। ਪੰਜਾਬ ਵਪਾਰ ਮੰਡਲ ਦੇ ਮੀਤ ਪ੍ਰਧਾਨ ਅਤੇ ਵਪਾਰ ਮੰਡਲ ਬਰਨਾਲਾ ਦੇ ਪ੍ਰਧਾਨ ਅਨਿਲ ਬਾਂਸਲ ਨਾਣਾ ਨੇ ਕਿਹਾ ਕਿ ਕਿਸਾਨ ਅੰਦੋਲਨ ਦਾ ਸਮਰਥਨ ਕਰਦਿਆਂ ਵੀ ਬਾਜਾਰ ਬੰਦ ਕਰਨਾ ਵਿਆਵਹਾਰਕ ਨਹੀਂ ਹੈ। ਉਨ੍ਹਾਂ ਕਿਹਾ ਕਿ ਬਾਰ-ਬਾਰ ਬੰਦ ਦੇ ਐਲਾਨ ਨਾਲ ਰਾਜ ਦੀ ਆਰਥਿਕ ਗਤੀਵਿਧੀਆਂ ਵਿਚ ਰੁਕਾਵਟ ਪੈਂਦੀ ਹੈ। ਉਨ੍ਹਾਂ ਕਿਹਾ, “ਪੰਜਾਬ ਨੇ ਪਹਿਲਾਂ ਹੀ ਦਹਿਸ਼ਤਗਰਦੀ, ਮਹਾਮਾਰੀ ਅਤੇ ਆਰਥਿਕ ਸੰਕਟ ਦਾ ਸਾਹਮਣਾ ਕੀਤਾ ਹੈ। ਹੁਣ ਜਦੋਂ ਵਪਾਰ ਦੁਬਾਰਾ ਪਟੜੀ ’ਤੇ ਆ ਰਿਹਾ ਹੈ, ਤਾਂ ਬਾਰ-ਬਾਰ ਬੰਦ ਦਾ ਐਲਾਨ ਅਸਵੀਕਾਰਯੋਗ ਹੈ।“ ਅਨਿਲ ਬਾਂਸਲ ਨਾਣਾ ਨੇ ਕਿਹਾ ਕਿ ਰਾਜ ਦੀ ਆਰਥਿਕ ਹਾਲਤ ਪਹਿਲਾਂ ਹੀ ਕਮਜ਼ੋਰ ਹੈ। ਉਦਯੋਗਪਤੀਆਂ ਵੱਲੋਂ ਪੰਜਾਬ ਛੱਡ ਕੇ ਹੋਰ ਰਾਜਾਂ ਵਿਚ ਨਿਵੇਸ ਕਰਨ ਕਾਰਨ ਰਾਜ ’ਤੇ ਆਰਥਿਕ ਦਬਾਅ ਵਧ ਰਿਹਾ ਹੈ। ਇਨ੍ਹਾਂ ਹਾਲਾਤਾਂ ਵਿਚ ਛੋਟੇ ਦੁਕਾਨਦਾਰ ਅਤੇ ਵਪਾਰੀ ਹੀ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਅੱਗੇ ਕਿਹਾ, “ਕਿਸਾਨ ਅਤੇ ਵਪਾਰੀ ਇਕ-ਦੂਜੇ ਦੇ ਸਹਿਯੋਗੀ ਹਨ, ਨਾ ਕਿ ਵਿਰੋਧੀ। ਸਾਨੂੰ ਮਿਲ ਕੇ ਰਾਜ ਦੀਆਂ ਆਰਥਿਕ ਸਮੱਸਿਆਵਾਂ ਦਾ ਹੱਲ ਲੱਭਣਾ ਚਾਹੀਦਾ ਹੈ।“ ਵਪਾਰ ਮੰਡਲ ਅਨੁਸਾਰ, ਬਾਰ-ਬਾਰ ਬੰਦ ਹੋਣ ਨਾਲ ਹੀ ਆਰਥਿਕ ਗਤੀਵਿਧੀਆਂ ਪ੍ਰਭਾਵਿਤ ਹੁੰਦੀਆਂ ਹਨ, ਨਾਲ ਹੀ ਰਾਜ ਦੇ ਅਕਸ ’ਤੇ ਬੁਰਾ ਅਸਰ ਪੈਂਦਾ ਹੈ। ਵਪਾਰ ਮੰਡਲ ਨੇ ਕਿਹਾ ਕਿ ਸੰਘਰਸ ਅਤੇ ਅੰਦੋਲਨ ਆਪਣੀ ਥਾਂ ’ਤੇ ਹਨ, ਪਰ ਆਰਥਿਕ ਸਥਿਰਤਾ ਬਣਾਈ ਰੱਖਣਾ ਵੀ ਜਰੂਰੀ ਹੈ। ਵਪਾਰ ਮੰਡਲ ਨੇ ਰਾਜ ਸਰਕਾਰ ਅਤੇ ਕਿਸਾਨ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਲਦ ਤੋਂ ਜਲਦ ਇਸ ਮਾਮਲੇ ਨੂੰ ਸੁਲਝਾਉਣ ਲਈ ਗੱਲਬਾਤ ਕਰਨ, ਤਾਂ ਜੋ ਕੋਈ ਵੀ ਪੱਖ ਨੁਕਸਾਨ ਵਿਚ ਨਾ ਰਹੇ।

## ਨਾਬਾਲਗ ਪੋਤੇ ਨੇ ਕੁਹਾੜੀ ਮਾਰ ਦਾਦਾ-ਦਾਦੀ ਦਾ ਕੀਤਾ ਕਤਲ, ਇਸ ਕਾਰਨ ਉਤਾਰਿਆ ਮੌਤ ਦੇ ਘਾਟ

ਮਿਰਜਾਪੁਰ 12 ਜਨਵਰੀ। 14 ਸਾਲਾ ਇਕ ਮੁੰਡੇ ਨੇ ਕੁਹਾੜੀ ਨਾਲ ਵਾਰ ਕਰ ਕੇ ਆਪਣੇ ਦਾਦਾ-ਦਾਦੀ ਦਾ ਕਤਲ ਕਰ ਦਿੱਤਾ ਅਤੇ ਖੁਦ ਨੂੰ ਵੀ ਜਖਮੀ ਕਰ ਲਿਆ। ਪੁਲਸ ਦੇ ਇਕ ਸੀਨੀਅਰ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਘਟਨਾ ਉੱਤਰ ਪ੍ਰਦੇਸ਼ ਦੇ ਮਿਰਜਾਪੁਰ ਜਿ਼ਲ੍ਹੇ ਦੀ ਹੈ। ਅਧਿਕਾਰੀ ਨੇ ਦੱਸਿਆ ਕਿ ਘਟਨਾ ਸ਼ਨੀਵਾਰ ਦੇਰ ਸ਼ਾਮ ਵਾਪਰੀ। ਇੱਥੇ ਪੀਤਾਂਬਰ (85) ਅਤੇ ਉਸ ਦੀ ਪਤਨੀ ਹੀਰਾਵਤੀ (80) ‘ਤੇ ਉਨ੍ਹਾਂ ਦੇ ਪੋਤੇ ਨੇ ਕੁਹਾੜੀ ਨਾਲ ਵਾਰ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਦੋਵਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ ‘ਤੇ ਪੁਲਸ ਸੁਪਰਡੈਂਟ ਅਭਿਨੰਦਨ ਨੇ ਹੋਰ ਪੁਲਸ ਅਧਿਕਾਰੀਆਂ ਨਾਲ ਹਾਦਸੇ ਵਾਲੀ ਜਗ੍ਹਾ ਦਾ ਨਿਰੀਖਣ ਕੀਤਾ। ਪੁਲਸ ਸੁਪਰਡੈਂਟ ਨੇ ਦੱਸਿਆ,“ਦੋਸ਼ੀ ਮੁੰਡੇ ਦੀ ਮਾਨਸਿਕ ਸਥਿਤੀ ਠੀਕ ਨਹੀਂ ਹੈ। ਉਹ ਕੁਹਾੜੀ ਨਾਲ ਖੁਦ ‘ਤੇ ਵਾਰ ਕਰ ਰਿਹਾ ਸੀ। ਦਾਦਾ-ਦਾਦੀ ਨੇ ਰੋਕਮ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਉਨ੍ਹਾਂ ‘ਤੇ ਵੀ ਵਾਰ ਕਰ ਦਿੱਤਾ, ਜਿਸ ਨਾਲ ਦੋਹਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਇਸ ਤੋਂ ਬਾਅਦ ਉਸ ਨੇ ਖੁਦ ਨੂੰ ਜਖਮੀ ਕਰ ਲਿਆ।“ ਉਨ੍ਹਾਂ ਦੱਸਿਆ ਕਿ ਦੋਸ਼ੀ ਨੂੰ ਹਸਪਤਾਲ ‘ਚ ਦਾਖਲ ਕਰਵਾਇਆ ਗਿਆ ਹੈ ਅਤੇ ਸ਼ਿਕਾਇਤ ਦੇ ਆਧਾਰ ‘ਤੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 103 (ਕਤਲ) ਦੇ ਅਧੀਨ ਮਾਮਲਾ ਦਰਜ ਕਰ ਕੇ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਦੱਸਿਆ ਕਿ ਜੋੜੇ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

# ਪਹਿਲਾਂ ਘਰੇਲੂ ਝਗੜੇ ਮਗਰੋਂ ਕਰ’ਤਾ ਪਤਨੀ ਤੇ ਬੇਟੇ ਦਾ ਕਤਲ

ਵੈੱਬ ਡੈਸਕ 12 ਜਨਵਰੀ। ਰਾਜਸਥਾਨ ਦੇ ਹਨੂੰਮਾਨਗੜ੍ਹ ਜਿ਼ਲੇ ਦੇ ਭਾਦਰਾ ਥਾਣਾ ਖੇਤਰ ‘ਚ ਐਤਵਾਰ ਨੂੰ ਇਕ ਵਿਅਕਤੀ ਨੇ ਘਰੇਲੂ ਝਗੜੇ ਤੋਂ ਬਾਅਦ ਕਥਿਤ ਤੌਰ ‘ਤੇ ਆਪਣੀ ਪਤਨੀ ਅਤੇ 6 ਮਹੀਨੇ ਦੇ ਬੇਟੇ ਦਾ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਪੁਲਸ ਅਧਿਕਾਰੀ ਭੂਪ ਸਿੰਘ ਸਹਾਰਨ ਨੇ ਦੱਸਿਆ ਕਿ ਵਾਰਡ ਨੰਬਰ ਸੱਤ ਦੇ ਹਥਿਆਵਾਲਾ ਬਸੀ ਵਾਸੀ ਪ੍ਰੇਮ (25) ਨੇ ਐਤਵਾਰ ਸਵੇਰੇ ਆਪਣੀ ਪਤਨੀ ਰਾਧਿਕਾ (22) ਅਤੇ ਪੁੱਤਰ ਦਾ ਕਤਲ ਕਰ ਦਿੱਤਾ। ਉਸ ਨੇ ਦੱਸਿਆ ਕਿ ਕਤਲ ਤੋਂ ਬਾਅਦ ਦੋਸੀ ਕਮਰੇ ਨੂੰ ਤਾਲਾ ਲਗਾ ਕੇ ਗੋਗਾਮੇੜੀ ਮੇਲੇ ‘ਚ ਗਿਆ, ਜਿੱਥੇ ਇਕ ਹੈੱਡ ਕਾਂਸਟੇਬਲ ਨੇ ਉਸ ਨੂੰ ਖੂਨ ਨਾਲ ਲੱਥਪੱਥ ਕੱਪੜਿਆਂ ‘ਚ ਸੱਕੀ ਹਾਲਤ ‘ਚ ਘੁੰਮਦਾ ਦੇਖਿਆ ਅਤੇ ਉਸ ਤੋਂ ਪੁੱਛਗਿੱਛ ਕੀਤੀ, ਜਿਸ ਤੋਂ ਬਾਅਦ ਘਟਨਾ ਦਾ ਪਤਾ ਲੱਗਾ। ਸਹਾਰਨ ਨੇ ਦੱਸਿਆ ਕਿ ਮੁਲਜਮ ਨੇ ਪੁੱਛਗਿੱਛ ਦੌਰਾਨ ਆਪਣੀ ਪਤਨੀ ਅਤੇ ਪੁੱਤਰ ਦੇ ਕਤਲ




ਦੀ ਗੱਲ ਕਬੂਲੀ ਹੈ। ਅਧਿਕਾਰੀ ਨੇ ਦੱਸਿਆ ਕਿ ਲਾਸਾਂ ਨੂੰ ਪੋਸਟਮਾਰਟਮ ਲਈ ਹਸਪਤਾਲ ਦੇ ਮੁਰਦਾਘਰ ‘ਚ ਰਖਵਾਇਆ ਗਿਆ ਹੈ, ਜਦਕਿ ਮ੍ਰਿਤਕ ਦੇ ਰਿਸਤੇਦਾਰਾਂ ਦੇ ਹਰਿਆਣਾ ਤੋਂ ਇੱਥੇ ਪਹੁੰਚਣ ਤੋਂ ਬਾਅਦ ਪੋਸਟਮਾਰਟਮ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਮੁਲਜਮ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਫੋਰੈਂਸਿਕ ਸਾਇੰਸ ਲੈਬਾਰਟਰੀ (ਐੱਫਐੱਸਐੱਲ) ਦੀ ਟੀਮ ਨੇ ਮੌਕੇ ਤੋਂ ਨਮੂਨੇ ਲਏ ਹਨ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਸਹਾਰਨ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜਮ ਅਤੇ ਮ੍ਰਿਤਕ ਦੋਵੇਂ ਮੌਸੇਰੇ ਭਰਾ-ਭੈਣ ਸਨ। ਉਨ੍ਹਾਂ ਦੱਸਿਆ ਕਿ ਦੋ ਦਿਨ ਪਹਿਲਾਂ ਉਨ੍ਹਾਂ ਦੀ ਲੜਾਈ ਹੋਈ ਸੀ।

## ਰੇਲਵੇ ਟ੍ਰੈਕ ‘ਤੇ ਈਅਰਫੋਨ ਲਗਾ ਗੇਮ ਖੇਡ ਰਹੇ ਸਨ 3 ਦੋਸਤ, ਟਰੇਨ ਨੇ ਮਾਰੀ ਟੱਕਰ

ਨੈਸ਼ਨਲ ਡੈਸਕ 12 ਜਨਵਰੀ। ਬਿਹਾਰ ਦੇ ਬੇਤੀਆ ਜਿ਼ਲ੍ਹੇ ਵਿੱਚ ਇੱਕ ਦਰਦਨਾਕ ਹਾਦਸਾ ਵਾਪਰਿਆ, ਜਿਸ ਵਿੱਚ ਰੇਲ ਗੱਡੀ ਦੀ ਲਪੇਟ ਵਿੱਚ ਆਉਣ ਨਾਲ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ। ਇਹ ਤਿੰਨੇ ਨੌਜਵਾਨ ਕੰਨਾਂ ‘ਚ ਈਅਰਫੋਨ ਲਗਾ ਕੇ ਰੇਲਵੇ ਟਰੈਕ ‘ਤੇ ਬੈਠੇ ਮੋਬਾਈਲ ਗੇਮ ਖੇਡ ਰਹੇ ਸਨ। ਇਸ ਦੌਰਾਨ ਅਚਾਨਕ ਤੇਜ ਰਫਤਾਰ ਨਾਲ ਇਕ ਰੇਲ ਗੱਡੀ ਆ ਗਈ, ਜਿਸ ਨੇ ਉਹਨਾਂ ਨੂੰ ਟੱਕਰ ਮਾਰ ਦਿੱਤੀ। ਉਕਤ ਨੌਜਵਾਨਾਂ ਨੇ ਆਪਣੇ ਕੰਨਾਂ ਵਿਚ ਈਅਰਫੋਨ ਲਗਾਏ ਹੋਏ ਸਨ, ਜਿਸ ਕਾਰਨ ਉਹਨਾਂ ਨੂੰ ਆ ਰਹੀ ਟਰੇਨ ਦੀ ਆਵਾਜ ਸੁਣਾਈ ਨਹੀਂ ਦਿੱਤੀ



ਅਤੇ ਇਹ ਹਾਦਸਾ ਵਾਪਰ ਗਿਆ। ਇਹ ਘਟਨਾ ਮੁਫਾਸਿਲ ਥਾਣਾ ਖੇਤਰ ਦੇ ਪਿੰਡ ਮਾਨਸਾ ਟੋਲਾ ਨੇੜੇ ਵਾਪਰੀ ਹੈ। ਰਿਪੋਰਟ ਮੁਤਾਬਕ ਇਹ ਤਿੰਨੇ ਨੌਜਵਾਨ ਚੰਗੇ ਦੋਸਤ ਸਨ ਅਤੇ ਫਰੀ ਫਾਇਰ ਗੇਮ ਖੇਡਣ ਦੇ ਆਦੀ ਸਨ। ਉਹ ਟਰੈਕ ‘ਤੇ ਬੈਠ ਕੇ ਖੇਡਾਂ ਖੇਡਣ ‘ਚ ਇੰਨੇ ਮਗਨ ਸਨ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਰੇਲਗੱਡੀ ਆ ਰਹੀ ਹੈ। ਇਸ ਕਾਰਨ ਉਹਨਾਂ ਦੀ ਇੱਕਠੇ ਜਾਨ ਚਲੀ ਗਈ। ਇਸ ਘਟਨਾ ਤੋਂ ਬਾਅਦ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ ‘ਤੇ ਪਹੁੰਚ ਕੇ ਇਸ ਮਾਮਲੇ ਦੀ ਜਾਂਚ ਕਰਨੀ ਸੁਰੂ ਕਰ ਦਿੱਤੀ। ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਪੰਜਾਬ ‘ਆਪ’ ਦਾ ਵਫਦ ਰਾਜਪਾਲ ਨੂੰ ਮਿਲਿਆ, ਮੁੱਖ ਸਕੱਤਰ ਲਾਉਣ ਦਾ ਕੀਤਾ ਵਿਰੋਧ

ਚੰਡੀਗੜ੍ਹ 12 ਜਨਵਰੀ। ਪੰਜਾਬ ਦੀ ਆਮ ਆਦਮੀ ਪਾਰਟੀ ਦੇ ਇਕ ਵਫਦ ਨੇ ਅੱਜ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਦੌਰਾਨ ਚੰਡੀਗੜ੍ਹ ‘ਚ ਮੁੱਖ ਸਕੱਤਰ ਲਾਉਣ ਦਾ ਵਿਰੋਧ ਕੀਤਾ ਗਿਆ ਹੈ। ਵਫਦ ‘ਚ ਪੰਜਾਬ ਦੇ ਪਾਰਟੀ ਪ੍ਰਧਾਨ ਅਮਨ ਅਰੋੜਾ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੀ ਮੌਜੂਦ ਸਨ। ਅਮਨ ਅਰੋੜਾ ਨੇ ਕਿਹਾ ਕਿ ਇਸ ਤਰ੍ਹਾਂ ਕੇਂਦਰ ਵਲੋਂ ਪੰਜਾਬ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ, ਅਸੀਂ ਕਿਸੇ ਵੀ ਹਾਲਤ ‘ਚ ਬਰਦਾਸ਼ਤ ਨਹੀਂ ਕਰਾਂਗੇ। ਇਸ ਦੌਰਾਨ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੇਂਦਰ ਵਲੋਂ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੇ ਹੱਕ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੈਬਨਿਟ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਕੇਂਦਰ ਵਲੋਂ ਪੰਜਾਬ ਦਾ ਹੱਕ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨੂੰ ਲੈ ਕੇ ਅਸੀਂ ਦਿੱਲੀ ਦੀਆਂ ਬਰੂਹਾਂ ਤੱਕ ਲੜਾਂਗੇ।

## ਬੱਸ ਦੀ ਲਪੇਟ ‘ਚ ਆਉਣ ਕਾਰਨ ਸਾਈਕਲ ਸਵਾਰ ਔਰਤ ਦੀ ਮੌਤ

ਅਬੋਹਰ 12 ਜਨਵਰੀ। ਸ਼ੁੱਕਰਵਾਰ ਸਵੇਰੇ ਸਥਾਨਕ ਨਵੀਂ ਸੜਕ ’ਤੇ ਆਭਾ ਸਕੁਏਅਰ ਦੀ 100 ਫੁੱਟ ਸੜਕ ’ਤੇ ਪੀ. ਆਰ. ਟੀ. ਸੀ . ਬੱਸ ਦੀ ਲਪੇਟ ’ਚ ਆਉਣ ਨਾਲ ਸਾਈਕਲ ਸਵਾਰ ਇਕ ਔਰਤ ਦੀ ਮੌਤ ਹੋ ਗਈ। ਔਰਤ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੇ ਮੁਰਦਾਘਰ ’ਚ ਰੱਖਿਆ ਗਿਆ ਹੈ। ਜਾਣਕਾਰੀ ਅਨੁਸਾਰ ਸੁਭਾਸ਼ ਨਗਰ ਦੇ ਰਹਿਣ ਵਾਲੇ ਮੁਕੇਸ਼ ਕੁਮਾਰ ਦੀ ਪਤਨੀ ਸੋਨੀ ਦੇਵੀ (45) ਸਵੇਰੇ ਸਾਈਕਲ ’ਤੇ ਬੱਸ ਸਟੈਂਡ ਵੱਲ ਆ ਰਹੀ ਸੀ ਤਾਂ ਚੌਕ ਤੋਂ ਮੁੜਦੇ ਸਮੇਂ ਪੀ. ਆਰ. ਟੀ. ਸੀ. ਦੀ ਇਕ ਬੱਸ ਨੇ ਉਸ ਨੂੰ ਆਪਣੀ ਲਪੇਟ ’ਚ ਲੈ ਲਿਆ। ਜਿਸ ਕਾਰਨ ਔਰਤ ਦੀ ਬੱਸ ਹੇਠਾਂ ਆਉਣ ਨਾਲ ਮੌਤ ਹੋ ਗਈ। ਹਾਲਾਂਕਿ ਬੱਸ ਡਰਾਈਵਰ ਅਤੇ ਕੰਡਕਟਰ ਉਸ ਨੂੰ ਤੁਰੰਤ ਸਰਕਾਰੀ ਹਸਪਤਾਲ ਲੈ ਗਏ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਵਾਲੀ ਥਾਂ ’ਤੇ ਮੌਜੂਦ ਕੁਝ ਲੋਕਾਂ ਨੇ ਦੱਸਿਆ ਕਿ ਔਰਤ ਸਹੀ ਦਿਸ਼ਾ ’ਚ ਸਾਈਕਲ ਚਲਾ ਰਹੀ ਸੀ ਅਤੇ ਡਰਾਈਵਰ ਦੀ ਲਾਪਰਵਾਹੀ ਅਤੇ ਤੇਜ਼ ਰਫਤਾਰ ਕਾਰਨ ਔਰਤ ਦੀ ਜਾਨ ਚਲੀ ਗਈ। ਸੂਚਨਾ ਮਿਲਦੇ ਹੀ ਔਰਤ ਦਾ ਪਰਿਵਾਰ ਹਸਪਤਾਲ ਪਹੁੰਚ ਗਿਆ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਮੁੜ ਗੋਲੀਆਂ ਨਾਲ ਦਹਿਲਿਆ ਪੰਜਾਬ, ਸਰਪੰਚ ਨੇ ਸ਼ਰੇਆਮ ਕਰ ‘ਤੀ ਫਾਇਰਿੰਗ

ਟਾਂਡਾ ਉੜਮੁੜ 12 ਜਨਵਰੀ। ਟਾਂਡਾ ਅਧੀਨ ਪੈਂਦੇ ਪਿੰਡ ਮਸੀਤਪਲ ਕੋਟ ਵਿਖੇ ਬੀਤੀ ਰਾਤ ਪਿੰਡ ਦੇ ਹੀ ਸਰਪੰਚ ਵੱਲੋਂ ਪਿੰਡ ਵਿੱਚ ਗੋਲੀਆਂ ਚਲਾਉਣ ਕਾਰਨ ਅਸਲਾ ਐਕਟ ਅਧੀਨ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਸਬ ਡਿਵੀਜਨ ਟਾਂਡਾ ਦਵਿੰਦਰ ਸਿੰਘ ਬਾਜਵਾ ਅਤੇ ਥਾਣਾ ਟਾਂਡਾ ਮੁਖੀ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਪੁਲਸ ਨੇ ਇਹ ਮਾਮਲਾ ਕੁਲਦੀਪ ਕੌਰ ਗੁਰਦੇਵ ਸਿੰਘ ਵਾਸੀ ਪਿੰਡ ਮਸੀਤਪਲਕੋਟ ਦੇ ਬਿਆਨਾਂ ਦੇ



ਆਧਾਰ ‘ਤੇ ਪਿੰਡ ਦੇ ਸਰਪੰਚ ਸਰਬਜੀਤ ਸਿੰਘ ਪੁੱਤਰ ਮਨਜੀਤ ਸਿੰਘ ਖਿ਼ਲਾਫ ਦਰਜ ਕੀਤਾ ਹੈ। ਉਕਤ ਅਧਿਕਾਰੀਆਂ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਗਏ ਆਪਣੇ ਬਿਆਨ ਵਿੱਚ ਕੁਲਦੀਪ ਕੌਰ ਦੱਸਿਆ ਕਿ ਉਹ ਅੰਗਹੀਣ ਹੈ ਅਤੇ ਆਪਣੇ ਪਿੰਡ ਵਿੱਚ ਹੀ ਰਹਿੰਦੀ ਹੈ। ਉਸ ਦਾ ਪਿਤਾ ਵਿਦੇਸ ਹੋਣ ਕਾਰਨ ਅੰਗਹੀਣ ਹੋਣ ਦੀ ਹਾਲਤ ਵਿੱਚ ਉਸ ਦੀ ਭੂਆ ਕ੍ਰਿਸਨਾ ਦੇਵੀ ਵੱਲੋਂ ਉਸ ਦੀ ਦੇਖ ਭਾਲ ਕੀਤੀ ਜਾਂਦੀ ਹੈ। ਕੁਲਦੀਪ ਕੌਰ ਨੇ ਦੱਸਿਆ ਕਿ ਬੀਤੀ ਰਾਤ ਸਰਪੰਚ ਸਰਬਜੀਤ ਸਿੰਘ ਨੇ ਪਹਿਲਾਂ ਤਾਂ ਉਨ੍ਹਾਂ ਦੇ ਘਰ ਦਾ ਗੇਟ ਖੜ੍ਹਕਾਇਆ ਅਤੇ ਬਾਅਦ ਵਿੱਚ ਤਿੰਨ ਚਾਰ ਫਾਇਰ ਕਰਕੇ ਉਨਾਂ ਨੂੰ ਡਰਾਉਣ ਦੀ ਕੋਸਿ਼ਸ ਕੀਤੀ। ਕੁਲਦੀਪ ਕੌਰ ਨੇ ਹੋਰ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਕਤ ਵਿਅਕਤੀ ਪਹਿਲਾਂ ਵੀ ਅਕਸਰ ਹੀ ਉਨ੍ਹਾਂ ਦੇ ਘਰ ਦਾ ਦਰਵਾਜਾ ਖੜ੍ਹਕਾਉਂਦਾ ਰਹਿੰਦਾ ਸੀ ਅਤੇ ਉਨ੍ਹਾਂ ਨੂੰ ਆਵਾਜਾਂ ਮਾਰਦਾ ਰਹਿੰਦਾ ਸੀ। ਜਿਆਦਾ ਸਹਿਮਣ ਕਰਨ ਉਨ੍ਹਾਂ ਨੇ ਇਸ ਸਬੰਧੀ ਪੁਲਸ ਨੂੰ ਸੂਚਿਤ ਨਹੀਂ ਕੀਤਾ। ਟਾਂਡਾ ਪੁਲਸ ਨੇ ਹੁਣ ਉਕਤ ਸਰਪੰਚ ਖਿ਼ਲਾਫ ਅਸਲਾ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇ ਰੀ ਕਾਰਵਾਈ ਸੁਰੂ ਕਰ ਦਿੱਤੀ ਹੈ ਅਤੇ ਇਸ ਮਾਮਲੇ ਦੀ ਜਾਂਚ ਏ. ਐੱਸ. ਆਈ. ਅਮਰਜੀਤ ਸਿੰਘ ਵੱਲੋਂ ਕੀਤੀ ਜਾ ਰਹੀ ਹੈ।

### ਸਿਲੰਡਰ ਨੂੰ ਅੱਗ ਲੱਗਣ ਨਾਲ ਪਈਆਂ ਭਾਜੜਾਂ

ਬਠਿੰਡਾ 12 ਜਨਵਰੀ। ਸਥਾਨਕ ਨਛੱਤਰ ਨਗਰ ਗਲੀ ਨੰਬਰ-1 ਵਿਚ ਸਥਿਤ ਇੱਕ ਘਰ ਵਿਚ ਅਚਾਨਕ ਗੈਸ ਸਿਲੰਡਰ ਨੂੰ ਅੱਗ ਲੱਗ ਗਈ, ਜਿਸ ਨਾਲ ਆਸ-ਪਾਸ ਦੇ ਇਲਾਕੇ ਵਿਚ ਦਹਿਸਤ ਦਾ ਮਾਹੌਲ ਬਣ ਗਿਆ। ਗਲੀ ‘ਚ ਰਹਿਣ ਵਾਲੇ ਇਕ ਮਕਾਨ ਮਾਲਕ ਨੇ ਆਪਣੀ ਜਗ੍ਹਾ ‘ਤੇ ਕੁੱਝ ਕਮਰੇ ਬਣਾ ਕੇ ਕਿਰਾਏ ‘ਤੇ ਦੇ ਦਿੱਤੇ ਸਨ। ਉਕਤ ਮਕਾਨ ਦੇ ਇਕ ਕਮਰੇ ‘ਚ ਰਹਿ ਰਹੇ ਪਰਿਵਾਰ ਦੇ ਸਿਲੰਡਰ ਨੂੰ ਅਚਾਨਕ ਅੱਗ ਲੱਗ ਗਈ। ਕਮਰੇ ਵਿਚ ਪਏ ਸਿਲੰਡਰ ਦੀ ਪਾਈਪ ਨੂੰ ਅੱਗ ਲੱਗਣ ਕਾਰਨ ਪਰਿਵਾਰਕ ਮੈਂਬਰਾਂ ਨੇ ਉਸ ਨੂੰ ਕਮਰੇ ਦੇ ਬਾਹਰ ਵਿਹੜੇ ਵਿਚ ਰੱਖ ਦਿੱਤਾ

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son’s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
It is for general information that I, YASHPREET KAUR D/o RACHHPAL SINGH R/o Patti Malsian, Malsian, Jalandhar, Punjab-144701, declare that name of my father has been wrongly written as RACHHPAL SINGH JUDGE in my CBSE 12th class Educational Documents. The actual name of my father is RACHHPAL SINGH, which may be amended accordingly.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son’s service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

### ਟਰਾਂਸਪੋਰਟ ਵਿਭਾਗ ਵੱਲੋਂ ਸੜਕ ਸੁਰੱਖਿਆ ਮੁਹਿੰਮ ਦੇ ਮੱਦੇਨਜ਼ਰ ਚੈਕਿੰਗ ਜੋਰਾਂ 'ਤੇ

# ਚੈਕਿੰਗ ਦੌਰਾਨ ਆਵਾਜਾਈ ਨੇਮਾਂ ਦੀ ਉਲੰਘਣਾ ਦੇ 13 ਚਲਾਨ ਕੀਤੇ: ਨਮਨ ਮਾਰਕੰਨ

**ਪਟਿਆਲਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰਾਂਸਪੋਰਟ ਵਿਭਾਗ ਵੱਲੋਂ ਚੱਲ ਰਹੀ ਸੜਕ ਸੁਰੱਖਿਆ ਮੁਹਿੰਮ ਦੇ ਮੱਦੇਨਜ਼ਰ ਆਵਾਜਾਈ ਨੇਮਾਂ ਦੀ ਪਾਲਣਾ ਕਰਵਾਉਣ ਲਈ ਚੈਕਿੰਗ ਜੋਰਾਂ 'ਤੇ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਪਟਿਆਲਾ ਦੇ ਖੇਤਰੀ ਟਰਾਂਸਪੋਰਟ ਅਫ਼ਸਰ ਨਮਨ ਮਾਰਕੰਨ ਨੇ ਦੱਸਿਆ ਕਿ ਚੈਕਿੰਗ ਦੌਰਾਨ ਅੱਜ ਆਵਾਜਾਈ ਨੇਮਾਂ ਦੀ ਉਲੰਘਣਾਂ ਦੇ 12 ਚਲਾਨ ਕੀਤੇ ਗਏ ਹਨ। ਨਮਨ ਮਾਰਕੰਨ ਨੇ ਦੱਸਿਆ ਕਿ ਬੀਤੇ ਦਿਨ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਸੜ੍ਹਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੌਰਾਨ ਹਦਾਇਤ ਕੀਤੀ ਸੀ ਕਿ ਸੜਕ ਸੁਰੱਖਿਆ ਬਾਬਤ ਨਿਯਮਾਂ ਦੀ ਪਾਲਣਾ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਉਲੰਘਣਾ ਦੀ ਚੈਕਿੰਗ ਕਰਕੇ ਚਲਾਨ ਕੀਤੇ ਜਾਣ। ਆਰ.ਟੀ.ਓ. ਨੇ ਦੱਸਿਆ ਕਿ ਅੱਜ ਟਰਾਂਸਪੋਰਟ ਵਿਭਾਗ ਦੇ ਸਹਾਇਕ ਟਰਾਂਸਪੋਰਟ ਅਫ਼ਸਰ ਪਟਿਆਲਾ ਪਰਦੀਪ ਸਿੰਘ ਨੇ ਵੱਖ-ਵੱਖ ਥਾਵਾਂ 'ਤੇ ਚੈਕਿੰਗ ਕਰਕੇ 13 ਚਲਾਨ ਕੀਤੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚ ਸੇਫ ਸਕੂਲ ਵਾਹਨ ਪਾਲਿਸੀ ਲਾਗੂ ਕਰਵਾਉਣ ਲਈ ਸਾਹਮਣੇ ਆਈ ਉਲੰਘਣਾ ਕਰਕੇ ਇੱਕ ਸਕੂਲ ਬੱਸ ਦਾ ਚਲਾਨ ਕੀਤਾ ਗਿਆ। ਇਸ ਤੋਂ ਬਿਨ੍ਹਾਂ ਓਵਰਲੋਡ ਵਾਹਨਾਂ ਦੇ 7, ਨਿਰਧਾਰਤ ਉਚਾਈ ਤੋਂ ਉਚਾ ਮਾਲ ਭਰਨ ਕਰਕੇ 2 ਚਲਾਨ, ਟ੍ਰੈਕਟਰ ਟਰਾਲੀ ਦੀ ਵਪਾਰਕ ਮੰਤਵ ਲਈ ਵਰਤੋਂ ਦਾ 1, ਟੂਰਿਸਟ ਬੱਸ ਦੇ ਪਰਮਿਟ ਦੀ ਗ਼ਲਤ ਵਰਤੋਂ ਦਾ 1 ਅਤੇ ਬਿਨ੍ਹਾਂ ਦਸਤਾਵੇਜ 1 ਚਲਾਨ ਕੀਤਾ ਗਿਆ ਹੈ।


ਏ.ਟੀ.ਓ. ਪਟਿਆਲਾ ਪਰਦੀਪ ਸਿੰਘ ਸੜਕ ਸੁਰੱਖਿਆ ਮੁਹਿੰਮ ਦੇ ਮੱਦੇਨਜ਼ਰ ਚੈਕਿੰਗ ਕਰਦੇ ਹੋਏ।

ਏ.ਟੀ.ਓ. ਪਰਦੀਪ ਸਿੰਘ ਨੇ ਕਿਹਾ ਕਿ ਸੜਕ ਸੁਰੱਖਿਆ ਨੇਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਅਜਿਹੀ ਚੈਕਿੰਗ ਲਗਾਤਾਰ ਜਾਰੀ ਰਹੇਗੀ ਅਤੇ ਉਲੰਘਣਾ ਕਰਨ ਵਾਲਿਆਂ ਨਾਲ ਕੋਈ ਢਿੱਲ ਨਹੀਂ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੜਕ ਨੇਮਾਂ ਦੀ ਪਾਲਣਾਂ ਨਾ ਕਰਨ 'ਤੇ ਵੱਡੇ ਹਾਦਸੇ ਵਾਪਰਦੇ ਹਨ ਤੇ ਕਿਸੇ ਦੀ ਕੀਮਤੀ ਜਾਨ ਅਜਾਂਈ ਚਲੀ ਜਾਂਦੀ ਹੈ।

### ਸਿਹਤ ਮੰਤਰੀ ਵੱਲੋਂ ਪਟਿਆਲਾ ਨੂੰ ਹੋਰ ਸੁੰਦਰ ਤੇ ਬਿਹਤਰ ਬਣਾਉਣ ਲਈ ਸਮਾਜ ਸੇਵੀ ਸੰਸਥਾਵਾਂ ਨਾਲ ਬੈਠਕ

# ਪਟਿਆਲਾ ਦੀ ਬਿਹਤਰੀ ਲਈ ਹੋਰ ਵੀ ਸਮਾਜ ਸੇਵੀ ਸੰਸਥਾਵਾਂ ਆਪਣੀ ਭੂਮਿਕਾ ਨਿਭਾਉਣ: ਡਾ. ਬਲਬੀਰ ਸਿੰਘ

**ਪਟਿਆਲਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦੀ ਬਿਹਤਰੀ ਅਤੇ ਸ਼ਹਿਰ ਨੂੰ ਹੋਰ ਸੁੰਦਰ ਬਣਾਉਣ ਲਈ ਸ਼ਹਿਰ ਦੀਆਂ ਅਹਿਮ ਸਮਾਜ ਸੇਵੀ ਸੰਸਥਾਵਾਂ ਨਾਲ ਬੈਠਕ ਕਰਕੇ ਮਸਲੇ ਸੁਣੇ ਅਤੇ ਸੁਝਾਓ ਪ੍ਰਾਪਤ ਕੀਤੇ। ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਐਨ.ਜੀ.ਓਜ਼ ਵੱਲੋਂ ਉਠਾਏ ਗਏ ਮਸਲੇ ਤੁਰੰਤ ਹੱਲ ਕੀਤੇ ਜਾਣ ਅਤੇ ਦਿੱਤੇ ਗਏ ਸੁਝਾਵਾਂ 'ਤੇ ਵੀ ਅਮਲ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਸਮੇਤ ਹੋਰ ਜ਼ਿਲ੍ਹਾ ਅਧਿਕਾਰੀ ਵੀ ਮੌਜੂਦ ਸਨ।



ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਐਨ.ਜੀ.ਓਜ਼ ਤੇ ਜ਼ਿਲ੍ਹਾ ਅਧਿਕਾਰੀਆਂ ਨਾਲ ਬੈਠਕ ਕਰਦੇ ਹੋਏ। ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅਤੇ ਹੋਰ ਜ਼ਿਲ੍ਹਾ ਅਧਿਕਾਰੀ ਨਜ਼ਰ ਆ ਰਹੇ ਹਨ।

ਸਿਹਤ ਮੰਤਰੀ ਡਾ. ਬਲਬੀਰ ਸਿੰਘ, ਜਿਨ੍ਹਾਂ ਕੋਲ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਵੀ ਹੈ, ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇਹ ਸੋਚ ਹੈ ਕਿ ਪਟਿਆਲਾ ਸ਼ਹਿਰ 'ਚ ਪਿਛਲੀਆਂ ਸਰਕਾਰਾਂ ਸਮੇਂ ਜਿਹੜੀਆਂ ਕਮੀਆਂ ਰਹਿ ਗਈਆਂ ਹਨ, ਉਹ ਦੂਰ ਕਰਕੇ ਪਟਿਆਲਾ ਨੂੰ ਪੰਜਾਬ ਦਾ ਸਭ ਤੋਂ ਬਿਹਤਰ ਤੇ ਵਿਕਸਤ ਸ਼ਹਿਰ ਬਣਾਇਆ ਜਾਵੇ, ਇਸ ਲਈ ਉਹ ਸਮਾਜ ਸੇਵੀ ਸੰਸਥਾਵਾਂ ਨੂੰ ਨਾਲ ਲੈਕੇ ਚੱਲ ਰਹੇ ਹਨ। ਉਨ੍ਹਾਂ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਸੱਦਾ ਦਿੱਤਾ ਕਿ ਉਹ ਵੀ ਪਟਿਆਲਾ ਸ਼ਹਿਰ ਦੀ ਬਿਹਤਰੀ ਲਈ ਆਪਣੀ ਭੂਮਿਕਾ ਨਿਭਾਉਣ ਲਈ ਅੱਗੇ ਆਉਣ।

ਡਾ. ਬਲਬੀਰ ਸਿੰਘ ਨੇ ਜਨ ਹਿਤ ਸੰਮਤੀ, ਪਟਿਆਲਾ ਅਵਰ ਪ੍ਰਾਈਡ, ਹੈਲਥ ਅਵੇਰਨੈਸ ਸੁਸਾਇਟੀ, ਪਟਿਆਲਾ ਇੰਡਸਟਰੀਜ ਐਸੋਸੀਏਸ਼ਨ, ਯੂਥ ਫੈਡਰੇਸ਼ਨ ਆਫ਼ ਇੰਡੀਆ, ਸ੍ਰੀ ਪਰਸ਼ੂਰਾਮ ਬ੍ਰਾਹਮਣ ਸਭਾ, ਐਸ.ਡੀ.ਕੇ.ਐਸ. ਆਦਿ ਐਨ.ਜੀ.ਓਜ਼ ਦੇ ਨੁਮਾਇੰਦਿਆਂ ਵੱਲੋਂ ਉਠਾਏ ਗਏ ਸ਼ਹਿਰ ਸਬੰਧੀ ਵੱਖ-ਵੱਖ ਮਸਲੇ ਗੰਭੀਰਤਾ ਨਾਲ ਸੁਣੇ। ਉਨ੍ਹਾਂ ਨੇ ਇਨ੍ਹਾਂ ਮਸਲਿਆਂ ਬਾਬਤ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਹੱਲ ਕਰਨ ਦੇ ਨਿਰਦੇਸ਼ ਦਿੱਤੇ।

ਬੈਠਕ ਦੌਰਾਨ ਐਨ.ਜੀ.ਓਜ਼ ਨੇ ਸ਼ਹਿਰ ਵਿੱਚ ਟ੍ਰੈਫਿਕ ਦੀਆਂ ਦਿੱਕਤਾਂ, ਸਾਫ਼-ਸਫ਼ਾਈ, ਪਾਰਕਾਂ ਦੀ ਸਾਂਭ-ਸੰਭਾਲ, ਵੱਖ-ਵੱਖ ਅਧੂਰੇ ਵਿਕਾਸ ਪ੍ਰਾਜੈਕਟ, ਸੜਕਾਂ ਦੀ ਮੁਰੰਮਤ, ਅਵਾਰਾ ਪਸ਼ੂਆਂ ਤੇ ਗਲੀਆਂ ਦੇ ਕੁੱਤਿਆਂ, ਕਾਲੀ ਦੇਵੀ ਮੰਦਿਰ ਨਾਲ ਸਬੰਧਤ ਮਸਲੇ, ਗੁਰਦੁਆਰਾ ਦੁਖ ਨਿਵਾਰਨ ਸਾਹਿਬ ਤੇ ਮੰਦਿਰ ਨੇੜੇ ਪੈਦਲ ਪੁਲ 'ਤੇ ਲਗਾਏ ਗਏ ਐਸਕੇਲੇਟਰ ਦੇ ਨਾਲ ਚੱਲਣ ਬਾਰੇ, ਸ਼ਹਿਰ 'ਚ ਵਾਹਨਾਂ ਦੀ ਪਾਰਕਿੰਗ, ਬਾਰਾਂਦਰੀ ਦੀਆਂ ਮੁਸ਼ਕਿਲਾਂ, ਸ਼ਹਿਰ ਅੰਦਰਲੇ ਸਕੂਲਾਂ ਕਰਕੇ ਜਾਮ ਹੁੰਦੀਆਂ ਸੜਕਾਂ, ਨਵੇਂ ਬੱਸ ਅੱਡੇ ਨੇੜੇ ਲੱਗਦਾ ਜਾਮ, ਨਵੀਂ ਬਣ ਰਹੀ ਸਰਹਿੰਦ ਰੋਡ 'ਤੇ ਕਲੋਨੀਆਂ ਨੂੰ ਰਸਤੇ, ਸੜਕਾਂ ਕਿਨਾਰੇ ਦਰਖਤਾਂ ਦੀ ਛੰਗਾਈ, ਨਵੇਂ ਦਰਖਤ ਲਾਉਣੇ, ਨਸ਼ਿਆਂ ਤੇ ਸਕੂਟਰ-ਮੋਟਰਸਾਇਕਲ ਚੋਰੀਆਂ ਦੀਆਂ ਵਾਰਦਾਤਾਂ ਆਦਿ ਦੇ ਮਸਲੇ ਉਠਾਏ।

ਸਿਹਤ ਮੰਤਰੀ ਨੇ ਕਿਹਾ ਕਿ ਉਹ ਪਟਿਆਲਾ ਦੀ ਬਿਹਤਰੀ ਲਈ ਅਜਿਹੀਆਂ ਮੀਟਿੰਗਾਂ ਨਿਯਮਤ ਰੂਪ 'ਚ ਕਰਦੇ ਰਹਿਣਗੇ। ਉਨ੍ਹਾਂ ਨੇ ਇਸ ਦੌਰਾਨ ਨਗਰ ਨਿਗਮ, ਪੀਡੀਏ, ਜਲ ਸਪਲਾਈ, ਪੇਂਡੂ ਵਿਕਾਸ, ਲੋਕ ਨਿਰਮਾਣ, ਜੰਗਲਾਤ, ਸਕੂਲ ਸਿੱਖਿਆ, ਮੰਡੀ ਬੋਰਡ ਸਮੇਤ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪਟਿਆਲਾ ਦਿਹਾਤੀ ਹਲਕੇ ਨਾਲ ਸਬੰਧਤ ਆਪਣੇ ਪ੍ਰਾਜੈਕਟ ਬਣਾ ਕੇ ਲਿਆਉਣ ਤਾਂ ਕਿ ਇਨ੍ਹਾਂ ਨੂੰ ਪਾਸ ਕਰਵਾ ਕੇ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਹੱਲ ਕਰਨ ਅਤੇ ਵਿਕਾਸ ਕਾਰਜ ਜੰਗੀ ਪੱਧਰ 'ਤੇ ਕਰਵਾਏ ਜਾਣ।

ਬੈਠਕ ਮੌਕੇ ਏ.ਡੀ.ਸੀਜ਼ ਇਸ਼ਾ ਸਿੰਗਲ, ਨਵਰੀਤ ਕੌਰ ਸੇਖੋਂ, ਪੀ.ਡੀ.ਏ. ਦੇ ਏ.ਸੀ.ਏ. ਜਸ਼ਨਪ੍ਰੀਤ ਕੌਰ ਗਿੱਲ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਤੇ ਦੀਪਜੋਤ ਕੌਰ, ਐਸ.ਡੀ.ਐਮ. ਮਨਜੀਤ ਕੌਰ, ਸਹਾਇਕ ਕਮਿਸ਼ਨਰ (ਜ) ਰਿਚਾ ਗੋਇਲ, ਡੀ.ਐਸ.ਪੀ. ਮਨੋਜ ਗੋਰਸੀ, ਕਾਰਜਕਾਰੀ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਸਮੇਤ ਕੌਂਸਲਰ ਜਸਬੀਰ ਸਿੰਘ ਗਾਂਧੀ, ਹਰੀ ਚੰਦ ਬਾਂਸਲ, ਜਗਤਾਰ ਸਿੰਘ ਜੱਗੀ ਸਮੇਤ ਹੋਰ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਮੌਜੂਦ ਸਨ।

# ਦਿੱਲੀ 'ਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਨਾ ਤੈਅ : ਚੇਅਰਮੈਨ ਰਣਜੋਧ ਸਿੰਘ ਹਡਾਣਾ



**ਪਟਿਆਲਾ, 12 ਜਨਵਰੀ**
**-ਨਿਊਜ਼ਲਾਈਨ ਐਕਸਪ੍ਰੈਸ-**

ਦਿੱਲੀ 'ਚ ਪਿਛਲੇ ਸਾਲਾਂ ਦੌਰਾਨ ਹੋਏ ਵਿਕਾਸ ਅਤੇ ਖਾਸ ਕਰ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਲਿਆਂਦੀ ਕ੍ਰਾਂਤੀ ਨਾਲ ਦਿੱਲੀ *ਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਨਾ ਤੈਅ ਹੈ। ਇਹ ਪ੍ਰਗਟਾਵਾ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਦਿੱਲੀ ਪ੍ਰਚਾਰ ਸੰਬੰਧੀ ਗੱਲਬਾਤ ਦੌਰਾਨ ਕੀਤਾ। ਦੱਸਣਯੋਗ ਹੈ ਕਿ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਸੰਦੀਪ ਪਾਠਕ ਅਤੇ ਹੋਰਨਾਂ ਆਗੂਆਂ ਨੇ ਰਣਜੋਧ ਹਡਾਣਾ ਦੀ ਇਮਾਨਦਾਰੀ ਅਤੇ ਮਿਹਨਤ ਨੂੰ ਵੇਖਦਿਆ ਦਿੱਲੀ ਵਿਖੇ ਹੋਣ ਵਾਲੀਆ ਵਿਧਾਨ ਸਭਾ ਚੋਣਾਂ ਵਿੱਚ ਅਹਿਮ ਜਿੰਮੇਵਾਰੀ ਸੌਂਪੀ ਹੈ। ਉਨਾ ਕਿਹਾ ਕਿ ਆਮ ਆਦਮੀ ਪਾਰਟੀ ਭਾਰਤ ਦੀ ਇੱਕ ਸਿਆਸੀ ਪਾਰਟੀ ਹੈ ਜਿਸ ਨੂੰ ਹੁਣ ਰਾਸ਼ਟਰੀ ਪਾਰਟੀ ਦਾ ਦਰਜਾ ਮਿਲ ਚੁੱਕਾ ਹੈ। ਆਪ ਦਾ ਗਠਨ 2012 'ਚ ਭ੍ਰਿਸ਼ਟਾਚਾਰ ਦੇ ਖਿਲਾਫ ਖੜ੍ਹੇ ਹੋਏ ਅੰਨਾ ਅੰਦੋਲਨ *ਚੋਂ ਹੋਇਆ ਸੀ ਅਤੇ ਅੰਦੋਲਨ ਨਾਲ ਜੁੜੇ ਕੁਝ ਲੋਕਾਂ ਦਾ ਮੰਨਣਾ ਸੀ ਕਿ ਰਾਜਨੀਤੀ 'ਚ ਨਹੀਂ ਆਉਣਾ ਚਾਹੀਦਾ, ਪਰ ਸਾਬਕਾ ਆਈਆਰਐਸ ਅਧਿਕਾਰੀ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਨਾਲ ਜੁੜੇ ਕੁਝ ਲੋਕਾਂ ਦੀ ਰਾਏ ਵੱਖਰੀ ਸੀ ਅਤੇ ਉਹ ਇਹ ਕਹਿ ਕੇ ਅੱਗੇ ਵਧੇ ਕਿ ਉਹ ਰਾਜਨੀਤੀ ਵਿੱਚ ਆ ਕੇ ਰਾਜਨੀਤੀ ਦਾ ਚਿਹਰਾ ਬਦਲ ਦੇਣਗੇ। ਜਿਸ ਦਾ ਸਿੱਟਾ ਹੈ ਕਿ ਪੰਜਾਬ ਦੇ ਲੋਕਾਂ ਨੇ ਦਿਲੋਂ ਭਰੋਸਾ ਜਤਾਇਆ ਅਤੇ ਦਿੱਲੀ ਮਗਰੋਂ ਪੰਜਾਬ ਵਿੱਚ ਵੀ ਲੰਮੇ ਸਮੇਂ ਤੋਂ ਕਾਬਜ ਰਾਜਨੀਤਿਕ ਪਾਰਟੀਆਂ ਨੂੰ ਵਡੀ ਪਛਾੜ ਦੇ ਕੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਨਾਉਣ ਵਿੱਚ ਵੱਡਾ ਯੋਗਦਾਨ ਪਾਇਆ। ਚੇਅਰਮੈਨ ਹਡਾਣਾ ਨੇ ਕਿਹਾ ਕਿ ਦਿੱਲੀ ਚ ਮੁਹੱਲਾ ਕਲੀਨਿਕਾਂ ਦੇ ਰੂਪ ਚ ਲੋਕਾਂ ਦੇ ਘਰਾਂ ਤੱਕ ਸਿਹਤ ਸਹੂਲਤਾਂ ਪਹੁੰਚਾਈਆਂ ਗਈਆਂ। ਸਰਕਾਰੀ ਹਸਪਤਾਲਾਂ *ਚ ਵਧੀਆ ਇਲਾਜ, ਸਰਕਾਰੀ ਸਕੂਲਾਂ ਦਾ ਪੱਧਰ ਪ੍ਰਾਈਵੇਟ ਨਾਲੋਂ ਕਿਤੇ ਬਿਹਤਰ, ਬਿਨਾਂ ਰਿਸ਼ਵਤ ਸਰਕਾਰੀ ਨੌਕਰੀਆਂ, ਪਾਣੀ ਦੀ ਕਿੱਲਤ ਦੂਰ, ਬਿਜਲੀ ਦੇ ਬਿੱਲ ਜੀਰੋ ਆਦਿ ਦੀ ਸਹੂਲਤ ਤੋਂ ਇਲਾਵਾ ਮੁੜ ਸਰਕਾਰ ਬਨਣ ਮਗਰੋਂ ਔਰਤਾਂ ਨੂੰ 2,100 ਰੁਪਏ ਮਹੀਨਾ, ਬਜ਼ੁਰਗਾਂ ਲਈ ਮੁਫਤ ਸਿਹਤ ਸੰਭਾਲ ਅਤੇ ਆਟੋ ਚਾਲਕਾਂ ਲਈ 10 ਲੱਖ ਰੁਪਏ ਦਾ ਬੀਮਾ, ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਅਤੇ ਮੰਦਿਰ ਪੁਜਾਰੀਆਂ ਅਤੇ ਨੂੰ 18 ਹਜ਼ਾਰ ਰੁਪਏ ਤਨਖਾਹ ਆਦਿ ਦਿੱਤੀ ਜਾਵੇਗੀ। ਉਨਾ ਕਿਹਾ ਕਿ ਆਮ ਆਦਮੀ ਪਾਰਟੀ ਦਾ ਮਨੋਰਥ ਸਿਰਫ ਸੱਤਾ ਹਾਸਲ ਕਰਨਾ ਨਹੀਂ, ਸਗੋਂ ਲੋਕਾ ਸੇਵਾ ਵੀ ਹੈ।

# ਪੰਜਾਬ 'ਚ ਕਣਕ ਦੇ ਭਾਅ ਨੇ ਅਸਮਾਨ ਛੂਹਿਆ; ਆਟਾ 3800 ਰੁਪਏ ਪ੍ਰਤੀ ਕੁਇੰਟਲ ਤੱਕ ਪੁੱਜਣ ਦੀ ਸੰਭਾਵਨਾ

➢ ਮੰਗ ਅਤੇ ਸਪਲਾਈ ਵਿੱਚ ਪਾੜਾ ਵਧਿਆ ➢ ਕਿਸਾਨਾਂ ਦਾ ਕਣਕ ਬੀਜਾਈ 'ਤੇ ਲਾਗਤ ਖਰਚਾ ਵਧਿਆ

**ਚੰਡੀਗੜ੍ਹ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਵੇਲੇ ਜਦੋਂ ਕਣਕ ਦੀ ਫ਼ਸਲ ਜੋਬਨ 'ਤੇ ਹੈ ਤਾਂ ਅਗਲੀ ਵਾਢੀ ਤੋਂ ਤਿੰਨ ਮਹੀਨੇ ਪਹਿਲਾਂ ਪੰਜਾਬ 'ਚ ਕਣਕ ਦਾ ਭਾਅ ਹੁਣ 3500 ਰੁਪਏ ਪ੍ਰਤੀ ਕੁਇੰਟਲ ਨੂੰ ਛੂਹਣ ਲੱਗਿਆ ਹੈ। ਸੂਬੇ ਵਿੱਚ ਕਣਕ ਦੀ ਭਾਰੀ ਕਮੀ ਹੈ, ਜਿਸ ਕਰਕੇ ਕਣਕ ਦਾ ਭਾਅ ਪਹਿਲੀ ਵਾਰ ਇੰਨਾ ਵਧਿਆ ਹੈ। ਪਿਛਲੇ ਹਾੜ੍ਹੀ ਦੇ ਮੰਡੀਕਰਨ ਸੀਜ਼ਨ (ਅਪਰੈਲ 2024 ਵਿੱਚ) ਵਿੱਚ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2275 ਰੁਪਏ ਪ੍ਰਤੀ ਕੁਇੰਟਲ ਸੀ।



ਵੇਰਵਿਆਂ ਅਨੁਸਾਰ ਐਤਕੀਂ ਆਟੇ ਦਾ ਭਾਅ 3800 ਰੁਪਏ ਪ੍ਰਤੀ ਕੁਇੰਟਲ ਤੱਕ ਪੁੱਜਣ ਦੀ ਸੰਭਾਵਨਾ ਹੈ। ਕੱਲ੍ਹ ਆਟੇ ਦਾ ਭਾਅ 3600-3700 ਰੁਪਏ ਪ੍ਰਤੀ ਕੁਇੰਟਲ ਸੀ। ਪਿਛਲੇ ਸਾਲ ਮਈ ਵਿਚ ਇਹੋ ਭਾਅ 2650 ਰੁਪਏ ਪ੍ਰਤੀ ਕੁਇੰਟਲ ਦਾ ਸੀ। ਕਣਕ ਦੀ ਮੰਗ ਤੇ ਸਪਲਾਈ ਵਿੱਚ ਪਾੜੇ ਨੇ ਅੱਜ ਓਪਨ ਮਾਰਕੀਟ ਸੇਲ ਸਕੀਮ (ਓਐੱਮਐੱਸਐੱਸ) ਨਿਲਾਮੀ ਦੌਰਾਨ ਔਸਤ ਕੀਮਤਾਂ ਨੂੰ 3100 ਰੁਪਏ ਪ੍ਰਤੀ ਕੁਇੰਟਲ ਤੱਕ ਪਹੁੰਚਾ ਦਿੱਤਾ ਹੈ। ਪੰਜਾਬ ਵਿੱਚ ਆਟਾ ਮਿੱਲਾਂ, ਬਰੈੱਡ ਅਤੇ ਬੇਕਰੀ ਯੂਨਿਟ ਪ੍ਰੋਸੈਸਿੰਗ ਲਈ ਕਣਕ ਦੀ ਪ੍ਰਾਪਤੀ ਮਹਿੰਗਾ ਸੌਦਾ ਬਣ ਗਈ ਹੈ। ਭਾਰਤੀ ਖ਼ੁਰਾਕ ਨਿਗਮ ਦੇ ਸੂਤਰ ਆਖਦੇ ਹਨ ਕਿ ਕਣਕ ਦੀ ਥੋੜ੍ਹੀ ਮਾਤਰਾ ਵੀ 3500 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵਿਕ ਰਹੀ ਹੈ। ਮੌਜੂਦਾ ਕਣਕ ਦੀ ਫ਼ਸਲ ਇਸ ਵਾਰ ਕਾਫ਼ੀ ਪ੍ਰਭਾਵਿਤ ਹੋਈ ਹੈ, ਜਿਨ੍ਹਾਂ ਕਿਸਾਨਾਂ ਨੇ ਪਰਾਲੀ ਨੂੰ ਜ਼ਮੀਨ 'ਚ ਹੀ ਵਾਹ ਦਿੱਤਾ ਸੀ, ਉਨ੍ਹਾਂ ਨੂੰ ਕਣਕ ਦੀ ਦੁਬਾਰਾ ਬਿਜਾਈ ਕਰਨੀ ਪਈ ਹੈ। ਬਠਿੰਡਾ ਦੇ ਪਿੰਡ ਦਿਆਲਪੁਰਾ ਭਾਈਕਾ ਦੇ ਕਿਸਾਨ ਰਣਬੀਰ ਸਿੰਘ ਨੇ ਕਿਹਾ ਕਿ ਕਿਸਾਨਾਂ ਦੇ ਐਤਕੀਂ ਲਾਗਤ ਖ਼ਰਚੇ ਵਧ ਗਏ ਹਨ ਅਤੇ ਪ੍ਰਤੀ ਏਕੜ ਪਿੱਛੇ ਪੰਜ ਤੋਂ ਛੇ ਹਜ਼ਾਰ ਰੁਪਏ ਦਾ ਵਾਧੂ ਖਰਚਾ ਪੈ ਗਿਆ ਹੈ। ਬਾਜ਼ਾਰ ਵਿਚ ਆਟਾ ਮਿੱਲਾਂ ਵਾਲਿਆਂ ਨੂੰ ਕਾਫ਼ੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੱਧ ਭੁਗਤਾਨ ਦੇ ਬਾਵਜੂਦ ਆਟੇ ਦੀ ਸਪਲਾਈ ਪੂਰੀ ਨਹੀਂ ਹੈ। ਵੱਡੀਆਂ ਆਟਾ ਮਿੱਲਾਂ ਸਮਰੱਥਾ 'ਤੇ ਨਹੀਂ ਚੱਲ ਰਹੀਆਂ ਹਨ। ਪੰਜਾਬ ਫਲੋਰ ਮਿੱਲਜ਼ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਘਈ ਨੇ ਦੱਸਿਆ ਕਿ ਪ ਲੰਘੇ ਸਾਲ ਕੁੱਲ ਕਣਕ ਵਿੱਚੋਂ 95 ਫ਼ੀਸਦੀ ਤੋਂ ਵੱਧ ਕਣਕ ਦੀ ਸਰਕਾਰੀ ਖ਼ਰੀਦ ਏਜੰਸੀਆਂ ਵੱਲੋਂ ਕੀਤੀ ਗਈ ਸੀ ਅਤੇ ਪ੍ਰਾਈਵੇਟ ਖ਼ਰੀਦ ਘੱਟ ਰਹਿ ਗਈ ਸੀ। ਉਨ੍ਹਾਂ ਕਿਹਾ ਕਿ ਕਣਕ ਪ੍ਰੋਸੈਸਿੰਗ ਉਦਯੋਗ ਨੂੰ ਸੂਬੇ ਵਿੱਚ ਹਰ ਮਹੀਨੇ ਦੋ ਲੱਖ ਟਨ ਕਣਕ ਦੀ ਲੋੜ ਹੁੰਦੀ ਹੈ ਪਰ ਕਣਕ ਉਪਲਬਧ ਨਹੀਂ। ਐੱਫਸੀਆਈ ਨੇ ਦਸੰਬਰ ਤੋਂ ਸਟਾਕ ਨੂੰ ਬੰਦ ਕਰਨਾ ਸ਼ੁਰੂ ਕਰ ਦਿੱਤਾ ਤੇ ਹਰ ਹਫ਼ਤੇ ਨਿਲਾਮੀ ਵਿੱਚ 14000 ਮੀਟਰਿਕ ਟਨ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਬ੍ਰੈੱਡ ਤੇ ਬਿਸਕੁਟ ਪੈਦਾ ਕਰਨ ਵਾਲੇ ਬੌਨ ਗਰੁੱਪ ਆਫ਼ ਇੰਡਸਟਰੀਜ਼ ਦੇ ਮੁੱਖ ਕਾਰਜਕਾਰੀ ਅਫ਼ਸਰ ਪ੍ਰਵੀਨ ਗਰਗ ਨੇ ਕਿਹਾ ਕਿ ਮੰਗ ਅਤੇ ਸਪਲਾਈ ਵਿਚਲੇ ਖੱਪੇ ਨੂੰ ਪੂਰਨ ਲਈ ਐੱਫ਼ਸੀਆਈ ਨੂੰ ਹਰ ਹਫ਼ਤੇ ਓਐੱਮਐੱਸਐੱਸ ਤਹਿਤ ਹੋਰ ਕਣਕ ਜਾਰੀ ਕਰਨੀ ਚਾਹੀਦੀ ਹੈ। ਪਿਛਲੀ ਵਾਰ ਅਕਤੂਬਰ 'ਚ ਬਰਾਊਨ ਬਰੈੱਡ ਦੀ ਕੀਮਤ ਵਿੱਚ 5 ਰੁਪਏ ਦਾ ਵਾਧਾ ਕੀਤਾ ਸੀ।

ਭਾਰਤੀ ਖ਼ੁਰਾਕ ਨਿਗਮ (ਐੱਫਸੀਆਈ) ਦੇ ਖੇਤਰੀ ਜਨਰਲ ਮੈਨੇਜਰ ਬੀ ਸ੍ਰੀਨਿਵਾਸਨ ਨੇ ਕਿਹਾ ਕਿ ਕਣਕ ਪ੍ਰੋਸੈਸਿੰਗ ਉਦਯੋਗ ਨੂੰ ਆਮ ਤੌਰ 'ਤੇ ਜਨਵਰੀ ਅਤੇ ਅਪਰੈਲ ਦੇ ਵਿਚਕਾਰ ਅਨਾਜ ਦੀ ਘਾਟ ਝੱਲਣੀ ਪੈਂਦੀ ਹੈ।

# ਡਿਪਟੀ ਕਮਿਸ਼ਨਰ ਵੱਲੋਂ ਰਾਈਟ-ਟੂ- ਬਿਜ਼ਨੈਸ ਐਕਟ-2020 ਤਹਿਤ ਹੋਟਲ ਸਨਅਤ ਇਕਾਈ ਲੂਥਰਾ ਐਂਡ ਕੁਮਾਰ ਹਾਸਪਟੈਲਟੀ ਪ੍ਰਾਈਵੇਟ ਲਿਮਟਿਡ ਬਟਾਲਾ ਨੂੰ ਇਨ ਪ੍ਰਿੰਸੀਪਲ ਅਪਰੂਵਲ ਪੱਤਰ ਜਾਰੀ

**ਗੁਰਦਾਸਪੁਰ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਰਾਜ ਵਿਚ ਨਿਵੇਸ਼ ਦੇ ਮੌਕੇ ਵਧਾਉਣ 'ਤੇ ਰੋਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਉਦਯੋਗਪਤੀਆਂ ਨੂੰ ਉਨ੍ਹਾਂ ਦੇ ਕਾਰੋਬਾਰ ਨਾਲ ਸਬੰਧਿਤ ਕਈ ਤਰ੍ਹਾਂ ਦੀਆਂ ਸਹੂਲਤਾਂ ਆਨਲਾਈਨ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਸ ਨਾਲ ਉਦਯੋਗਪਤੀਆਂ ਨੂੰ ਵੱਖ-ਵੱਖ ਦਫ਼ਤਰ ਦੇ ਚੱਕਰ ਨਹੀਂ ਮਾਰਨੇ ਪੈਂਦੇ ਅਤੇ ਸਾਰੀਆਂ ਸਹੂਲਤਾਂ ਇੱਕੋ ਹੀ ਖਿੜਕੀ ਰਾਹੀਂ ਦੇ ਦਿੱਤੀਆਂ ਜਾਂਦੀਆਂ ਹਨ।

ਇਸੇ ਸਹੂਲਤ ਤਹਿਤ ਡਿਪਟੀ ਕਮਿਸ਼ਨਰ, ਸ੍ਰੀ ਉਮਾ ਸ਼ੰਕਰ ਗੁਪਤਾ ਵੱਲੋਂ ਯੋਗ ਪਾਈ ਗਈ ਹੋਟਲ ਸਨਅਤ ਦੀ ਇਕਾਈ, ਲੂਥਰਾ ਐਂਡ ਕੁਮਾਰ ਹਾਸਪਟੈਲਟੀ ਪ੍ਰਾਈਵੇਟ ਲਿਮਟਿਡ, ਬਟਾਲਾ ਦੇ ਮਾਲਕ ਮਾਨਿਕ ਲੂਥਰਾ ਨੂੰ ਅੱਜ ਪ੍ਰਵਾਨਗੀ ਪੱਤਰ ਜਾਰੀ ਕੀਤਾ ਗਿਆ। ਬਟਾਲਾ ਦੇ ਉੱਦਮੀ ਮਾਨਿਕ ਲੂਥਰਾ ਵੱਲੋਂ 21 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ ਜਿਸ ਨਾਲ 100 ਵਿਅਕਤੀਆਂ ਨੂੰ ਸਿੱਧੇ ਤੌਰ ਅਤੇ ਕਈ ਹੋਰਾਂ ਨੂੰ ਅਸਿੱਧੇ ਤੌਰ 'ਤੇ ਰੋਜ਼ਗਾਰ ਮਿਲੇਗਾ। ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਇੰਨ ਪ੍ਰਿੰਸੀਪਲ ਅਪਰੂਵਲ ਪੱਤਰ ਜਾਰੀ ਕਰਦੇ ਹੋਏ ਬਟਾਲਾ ਦੇ ਉੱਦਮੀ ਮਾਨਿਕ ਲੂਥਰਾ ਨੂੰ ਵਧਾਈ ਦੇਣ ਦੇ ਨਾਲ ਉਨ੍ਹਾਂ ਦੇ ਪ੍ਰੋਜੈਕਟ ਦੀ ਸਫਲਤਾ ਦੀ ਕਾਮਨਾ ਕੀਤੀ।

ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਨਅਤਾਂ ਨੂੰ ਹੋਰ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਈਟ-ਟੂ- ਬਿਜ਼ਨੈਸ ਐਕਟ-2020 ਤਹਿਤ ਯੋਗ ਸਨਅਤਾਂ ਨੂੰ ਇੰਨ ਪ੍ਰਿੰਸੀਪਲ ਅਪਰੂਵਲ ਦਿੱਤੀ ਜਾਂਦੀ ਹੈ।

ਇਸ ਮੌਕੇ ਜਨਰਲ ਮੈਨੇਜਰ ਸੁਖਪਾਲ ਸਿੰਘ ਨੇ ਦੱਸਿਆ ਕਿ ਰਾਈਟ-ਟੂ-ਬਿਜ਼ਨੈਸ ਐਕਟ 2020 ਤਹਿਤ ਇਨ ਪ੍ਰਿੰਸੀਪਲ ਅਪਰੂਵਲ ਪੱਤਰ ਜਾਰੀ ਕੀਤਾ ਗਿਆ ਹੈ। ਜਿਸ ਤਹਿਤ ਇਕਾਈ ਤੁਰੰਤ ਆਪਣੀ ਬਿਲਡਿੰਗ ਬਣਾਉਣ ਦਾ ਕੰਮ ਸ਼ੁਰੂ ਕਰ ਸਕਦੀ ਹੈ ਅਤੇ ਹੋਰਨਾ ਵਿਭਾਗਾਂ ਕੋਲੋਂ ਜੋ ਵੀ ਪ੍ਰਵਾਨਗੀਆਂ ਲੈਣੀਆਂ ਹਨ, ਉਹ ਸਾਢੇ ਤਿੰਨਾਂ ਸਾਲ ਦੇ ਵਿੱਚ ਲੈ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਇਸ ਇਕਾਈ ਰਾਹੀਂ ਵਿਅਕਤੀਆਂ ਨੂੰ ਘਰ ਦੇ ਨੇੜੇ ਹੀ ਰੋਜ਼ਗਾਰ ਮਿਲੇਗਾ।

ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਸਨਅਤਕਾਰ ਮਿਲਣੀ ਵਿਚ ਵੀ ਭਰੋਸਾ ਦਿਵਾਇਆ ਗਿਆ ਸੀ ਕਿ ਰਾਈਟ-ਟੂ- ਬਿਜ਼ਨੈਸ ਐਕਟ ਅਧੀਨ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਉਸੇ ਵਾਅਦੇ ਅਨੁਸਾਰ ਸਾਰੇ ਕੰਮ ਹੋ ਰਹੇ ਹਨ।

# ਆਰਮੀ ਸਰਵਿਸ ਕੋਰਪ ਵੱਲੋਂ ਅਗਨੀਵੀਰਵਾਯੂ ਦੀ ਭਰਤੀ ਸਬੰਧੀ ਆਨਲਾਈਨ ਰਜਿਸਟ੍ਰੇਸ਼ਨ ਮੁਹਿੰਮ ਸ਼ੁਰੂ

**ਚੰਡੀਗੜ੍ਹ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰਮੀ ਸਰਵਿਸ ਕੋਰਪ, ਅੰਬਾਲਾ ਵੱਲੋਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ (ਯੂ.ਟੀ.), ਜੰਮੂ ਅਤੇ ਕਸ਼ਮੀਰ (ਯੂ.ਟੀ.) ਅਤੇ ਲੱਦਾਖ (ਯੂ.ਟੀ.) ਦੇ ਯੋਗ ਅਣ-ਵਿਆਹੁਤਾ ਨੌਜਵਾਨਾਂ ਲਈ ਅਗਨੀ ਵੀਰ ਵਾਯੂ ਦੀ ਭਰਤੀ ਸਬੰਧੀ ਆਨਲਾਈਨ ਰਜਿਸਟ੍ਰੇਸ਼ਨ ਮੁਹਿੰਮ ਆਰੰਭ ਹੋ ਗਈ ਹੈ। ਇਹ ਰਜਿਸਟ੍ਰੇਸ਼ਨ 27 ਜਨਵਰੀ, 2025 ਤੱਕ ਜਾਰੀ ਰਹੇਗੀ ਅਤੇ 22 ਮਾਰਚ, 2025 ਨੂੰ ਆਨਲਾਈਨ ਪ੍ਰੀਖਿਆ ਲਈ ਜਾਵੇਗੀ।

ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਰਜਿਸਟ੍ਰੇਸ਼ਨ ਮੁਹਿੰਮ ਲਈ 01 ਜਨਵਰੀ, 2005 ਤੋਂ 01 ਜੁਲਾਈ 2008 (ਇਹ ਦੋਵੇਂ ਤਰੀਕਾਂ ਵੀ ਵਿੱਚ ਸ਼ਾਮਲ ਹਨ) ਦਰਮਿਆਨ ਜਨਮੇ ਬੱਚੇ ਯੋਗ ਹਨ। ਇਸ ਭਰਤੀ ਮੁਹਿੰਮ ਲਈ ਸਾਇੰਸ ਵਿਸ਼ੇ ਤੋਂ ਇਲਾਵਾ ਹਿਸਾਬ, ਅੰਗਰੇਜ਼ੀ ਅਤੇ ਫਿਜਿਕਸ ਵਿਸ਼ਿਆਂ ਨਾਲ 50 ਫੀਸਦੀ ਨੰਬਰਾਂ ਨਾਲ ਬਾਰ੍ਹਵੀਂ ਪਾਸ ਜਾਂ ਡਿਪਲੋਮਾ ਜਾਂ ਵੋਕੇਸ਼ਨਲ ਕੋਰਸ ਧਾਰਕ ਨੌਜਵਾਨ ਆਪਣੇ-ਆਪ ਨੂੰ ਰਜਿਸਟਰ ਕਰ ਸਕਦਾ ਹੈ।

ਇਸ ਭਰਤੀ ਮੁਹਿੰਮ ਸਬੰਧੀ ਜਿਆਦਾ ਜਾਣਕਾਰੀ agnipathvayu.cdac.in ਤੋਂ ਲਈ ਜਾ ਸਕਦੀ ਹੈ।

# 20000 ਰੁਪਏ ਰਿਸ਼ਵਤ ਲੈਂਦਾ ਪੰਚਾਇਤ ਸਕੱਤਰ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

**ਪਟਿਆਲਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਸੰਗਰੂਰ ਜ਼ਿਲ੍ਹੇ ਦੇ ਬਲਾਕ ਮੂਨਕ ਵਿਖੇ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰ ਵਿਖੇ ਤਾਇਨਾਤ ਪੰਚਾਇਤ ਸਕੱਤਰ ਪ੍ਰਿਥਵੀ ਸਿੰਘ ਨੂੰ 20000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਕੇਸ ਵਿੱਚ ਖੇਤਰੀ ਡਿਪਟੀ ਡਾਇਰੈਕਟਰ, ਲੋਕਲ ਫੰਡ ਆਡਿਟ, ਪਟਿਆਲਾ ਦੇ ਦਫ਼ਤਰ ਵਿੱਚ ਤਾਇਨਾਤ ਆਡਿਟ ਇੰਸਪੈਕਟਰ ਦਵਿੰਦਰ ਬਾਂਸਲ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਮਹਾਂ ਸਿੰਘ ਵਾਲਾ, ਮੂਨਕ ਵਾਸੀ ਗੁਰਵਿੰਦਰ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ ਜੋ ਕਿ ਸਾਬਕਾ ਸਰਪੰਚ ਦਾ ਪਤੀ ਹੈ।



ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਪੰਚਾਇਤ ਸਕੱਤਰ ਨੇ ਪਿੰਡ ਮਹਾਂ ਸਿੰਘ ਵਾਲਾ ਦੀ ਪੰਚਾਇਤ ਵੱਲੋਂ ਪਿਛਲੇ ਕਾਰਜਕਾਲ ਦੌਰਾਨ ਕਰਵਾਏ ਗਏ ਵਿਕਾਸ ਕਾਰਜਾਂ ਦਾ ਆਡਿਟ ਕਰਵਾਉਣ ਬਦਲੇ 20000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਰਿਸ਼ਵਤ ਉਕਤ ਦਵਿੰਦਰ ਬਾਂਸਲ, ਆਡਿਟ ਇੰਸਪੈਕਟਰ ਨਾਲ ਸਾਂਝੀ ਕੀਤੀ ਜਾਣੀ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਦੋਸ਼ੀ ਪੰਚਾਇਤ ਸਕੱਤਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਰਕਮ ਹਾਸਲ ਕਰਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਇਸ ਸਬੰਧ ਵਿੱਚ ਪੰਚਾਇਤ ਸਕੱਤਰ ਪ੍ਰਿਥਵੀ ਸਿੰਘ ਅਤੇ ਆਡਿਟ ਇੰਸਪੈਕਟਰ ਦਵਿੰਦਰ ਬਾਂਸਲ ਖ਼ਿਲਾਫ਼ ਵਿਜੀਲੈਂਸ ਬਿਓਰੋ ਦੇ ਥਾਣਾ ਪਟਿਆਲਾ ਰੇਂਜ ਵਿੱਚ ਕੇਸ ਦਰਜ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਹੋਰ ਤਫਤੀਸ਼ ਜਾਰੀ ਹੈ।

# ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ ਦੀਆਂ ਤੰਦਾਂ ਨੂੰ ਮਜਬੂਤ ਕਰਦਾ ਹੈ ਲੋਹੜੀ ਮੇਲਾ : ਬਾਵਾ, ਰਾਣਾ

**ਲੁਧਿਆਣਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲਵਾ ਸੱਭਿਆਚਾਰਕ ਮੰਚ ਪੰਜਾਬ ਦੀ ਮੀਟਿੰਗ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਮਲਕੀਤ ਸਿੰਘ ਦਾਖਾ ਅਤੇ ਮੰਚ ਦੇ ਪ੍ਰਧਾਨ ਜਸਬੀਰ ਸਿੰਘ ਰਾਣਾ ਝਾਂਡੇ ਦੀ ਪ੍ਰਧਾਨਗੀ ਹੇਠ ਸਰਕਟ ਹਾਊਸ ਵਿਖੇ ਹੋਈ ਜਿਸ ਵਿੱਚ ਵਾਈਸ ਚੇਅਰਮੈਨ ਸੁਖਵਿੰਦਰ ਸਿੰਘ ਬਸੈਮੀ, ਮਹਿਲਾ ਵਿੰਗ ਦੀ ਚੇਅਰਪਰਸਨ ਸਿੰਮੀ ਕਵਾਤਰਾ, ਮੰਚ ਦੀ ਪ੍ਰਧਾਨ ਇੰਦਰਜੀਤ ਕੌਰ ਓਬਰਾਏ, ਵਾਈਸ ਪ੍ਰਧਾਨ ਤਰਨਜੀਤ ਕੌਰ, ਸੋਨੀਆ ਅਲੱਗ, ਨਿੱਕੀ ਕੋਹਲੀ, ਸਵਰਨ ਕੌਰ ਸੱਗੂ, ਵਾਈਸ ਪ੍ਰਧਾਨ ਰੇਸ਼ਮ ਸੱਗੂ, ਜੋਗਿੰਦਰ ਸਿੰਘ ਜੰਗੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਇਸ ਸਮੇਂ ਸਮੁੱਚੀ ਮੰਚ ਦੀ ਕਾਰਜਕਾਰਨੀ ਨੇ 29ਵੇਂ ਲੋਹੜੀ ਮੇਲੇ 12 ਜਨਵਰੀ ਨੂੰ ਗੁਰੂ ਨਾਨਕ ਭਵਨ ਵਿਖੇ ਸਨਮਾਨਿਤ ਕੀਤੀਆਂ ਜਾ ਰਹੀਆਂ ਸ਼ਖਸ਼ੀਅਤਾਂ ਦੀ ਜਾਣਕਾਰੀ ਦਿੱਤੀ। ਉਨਾਂ ਦੱਸਿਆ ਕਿ ਹਰਦੀਪ ਸਿੰਘ ਗੋਲਡੀ ਯੂ.ਐੱਸ.ਏ. ਨੂੰ ਸਮਾਜ ਸੇਵਾ ਲਈ ਸੋਹਣ ਲਾਲ ਪਾਹਵਾ ਯਾਦਗਾਰੀ ਪੁਰਸਕਾਰ, ਗੁਰਜਤਿੰਦਰ ਸਿੰਘ ਰੰਧਾਵਾ (ਪ੍ਰਵਾਸੀ ਪੱਤਰਕਾਰ) ਨੂੰ ਬਾਬਾ ਸੋਹਣ ਸਿੰਘ ਭਕਨਾ ਯਾਦਗਾਰੀ ਪੁਰਸਕਾਰ ਦਿੱਤਾ ਜਾਵੇਗਾ। ਜਦਕਿ ਦਲਬੀਰ ਸਿੰਘ ਕਥੂਰੀਆ (ਪੰਜਾਬ, ਪੰਜਾਬੀ, ਪੰਜਾਬੀਅਤ) ਦੇ ਪਹਿਰੇਦਾਰ ਨੂੰ ਸੰਤ ਸਿੰਘ ਸੇਖੋਂ ਯਾਦਗਾਰੀ ਪੁਰਸਕਾਰ, ਜਗਦੇਵ ਮਾਨ ਉੱਘੇ ਗੀਤਕਾਰ ਨੂੰ ਦੇਵ ਥਰੀਕੇ ਯਾਦਗਾਰੀ ਪੁਰਸਕਾਰ, ਰਣਜੀਤ ਮਣੀ ਉੱਘੇ ਗਾਇਕ ਨੂੰ ਕੁਲਦੀਪ ਮਾਣਕ ਯਾਦਗਾਰੀ ਪੁਰਸਕਾਰ, ਮਲਕੀਤ ਰੌਣੀ ਪੰਜਾਬੀ ਫਿਲਮ ਆਰਟਿਸਟ ਨੂੰ ਵਰਿੰਦਰ ਯਾਦਗਾਰੀ ਪੁਰਸਕਾਰ, ਅਸ਼ੋਕ ਭੌਰਾ ਕਾਲਮ ਨਵੀਸ ਨੂੰ ਜਗਦੇਵ ਸਿੰਘ ਜਸੋਵਾਲ ਯਾਦਗਾਰੀ ਪੁਰਸਕਾਰ, ਪ੍ਰਿੰਸੀਪਲ ਮਨਜੀਤ ਸੋਢੀਆਂ ਨੂੰ ਡਾ. ਰਾਧਾ ਕ੍ਰਿਸ਼ਨਨ ਯਾਦਗਾਰੀ ਪੁਰਸਕਾਰ, ਇੰਦਰਜੀਤਪਾਲ ਕੌਰ ਭਿੰਡਰ ਕਹਾਣੀਕਾਰ ਨੂੰ ਦਲੀਪ ਕੌਰ ਟਿਵਾਣਾ ਯਾਦਗਾਰੀ ਪੁਰਸਕਾਰ, ਡਾ. ਗੁਰਪ੍ਰੀਤ ਘਦੌੜੇ ਨੂੰ ਡਾ. ਲਿਵਤਾਰ ਸਿੰਘ ਚਾਵਲਾ ਯਾਦਗਾਰੀ ਪੁਰਸਕਾਰ, ਗੁਰਪ੍ਰੀਤ ਸਿੰਘ ਮਿੰਟੂ ਹਸਨਪੁਰ ਨੂੰ ਮਨੁੱਖਤਾ ਦੀ ਸੇਵਾ ਭਾਈ ਘਨਈਆ ਜੀ ਯਾਦਗਾਰੀ ਪੁਰਸਕਾਰ, ਕਿਰਨ ਧਾਲੀਵਾਲ ਯੂਐਸਏ ਨੂੰ ਮਦਰ ਟੈਰੇਸਾ ਯਾਦਗਾਰੀ ਪੁਰਸਕਾਰ, ਡਾ. ਮੋਹਨਜੀਤ ਕੌਰ ਨੂੰ ਮਿਸ ਬਰਾਉਨ ਯਾਦਗਾਰੀ ਪੁਰਸਕਾਰ, ਰਾਜਵੀਰ ਕੌਰ ਹਾਕੀ ਓਲੰਪੀਅਨ ਨੂੰ ਧਿਆਨ ਚੰਦ ਯਾਦਗਾਰੀ ਪੁਰਸਕਾਰ ਪ੍ਰਦਾਨ ਕੀਤਾ ਜਾਵੇਗਾ। ਇਸ ਸਮੇਂ ਬੇਟੀਆਂ ਪਾਲਕ ਅਤੇ ਭਾਵਨਾ ਨੂੰ ਭਾਈ ਲਕਸ਼ਮਣ ਸਿੰਘ ਗੰਧਰਵ ਯਾਦਗਾਰੀ ਪੁਰਸਕਾਰ ਦਿੱਤਾ ਜਾਵੇਗਾ। ਸਮਾਗਮ ਵਿੱਚ ਬਲਵੀਰ ਸਿੰਘ ਲਹਿਰਾਂ ਅਤੇ ਦਲਜੀਤ ਸਿੰਘ ਦੋਨੋ ਯੂ.ਐੱਸ.ਏ ਨਿਵਾਸੀਆਂ ਜੋ ਪੰਜਾਬੀ ਸੱਭਿਆਚਾਰ ਦੀ ਸੇਵਾ ਅਮਰੀਕਾ ਦੀ ਧਰਤੀ ਤੇ ਕਰਦੇ ਹਨ, ਉਹਨਾਂ ਦਾ ਵੀ ਵਿਸ਼ੇਸ਼ ਸਨਮਾਨ ਹੋਵੇਗਾ। ਇਸ ਸਮੇਂ ਬਾਵਾ ਨੇ ਕਿਹਾ ਕਿ ਅਸੀਂ ਪੀ.ਸੀ ਕਲੱਬ ਦੇ ਧੰਨਵਾਦੀ ਹਾਂ ਜਿਨਾਂ ਨੇ ਮੇਲੇ ਨੂੰ ਸਰਪਰਸਤੀ ਦਿੱਤੀ ਅਤੇ ਲਖਮਿੰਦਰ ਕੌਰ, ਵਿੰਮੀ ਬਜਾਜ ਅਤੇ ਜਸਵਿੰਦਰ ਭੋਗਲ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ ਜਿਨਾਂ ਨੇ ਮੀਟਿੰਗ ਵਿੱਚ ਆਉਣ ਦਾ ਸਮਾਂ ਕੱਢਿਆ। ਇਸ ਸਮੇਂ ਪਾਰਿਕ ਸ਼ਰਮਾ ਨੂੰ ਮਾਲਵਾ ਸੱਭਿਆਚਾਰਕ ਮੰਚ ਦਾ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ।

ਇਸ ਸਮੇਂ ਬਾਵਾ ਅਤੇ ਰਾਣਾ ਝਾਂਡੇ ਨੇ ਕਿਹਾ ਕਿ ਧੀਆਂ ਦਾ ਲੋਹੜੀ ਮੇਲਾ ਸਮਾਜਿਕ ਅਤੇ ਪਰਿਵਾਰਿਕ ਰਿਸ਼ਤਿਆਂ ਦੀਆਂ ਤੰਦਾਂ ਨੂੰ ਮਜਬੂਤ ਕਰਦਾ ਹੈ। ਇਸ ਸਮੇਂ ਸ੍ਰੀ ਬਾਵਾ ਨੇ ਦੱਸਿਆ ਕਿ ਮੇਲੇ ਵਿੱਚ ਨਾਨੀ ਦਾਦੀ ਦਾ ਵੀ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ।

ਉਹਨਾਂ ਦੱਸਿਆ ਕਿ ਭਾਰਤ ਅਤੇ ਲੁਧਿਆਣਾ ਦਾ ਨਾਮ ਵਿਸ਼ਵ ਵਿੱਚ ਪਹੁੰਚਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਮੇਲੇ ਵਿੱਚ ਯਾਦ ਕੀਤਾ ਜਾਵੇਗਾ। ਜਿਨਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸਾਬਕਾ ਰਾਸ਼ਟਰਪਤੀ ਅਤੇ ਉੱਘੇ ਵਿਗਿਆਨੀ ਡਾ. ਅਬਦੁਲ ਕਲਾਮ, ਭਾਰਤ ਦੀ ਹਰ ਖੇਤਰ ਵਿੱਚ ਸੇਵਾ ਕਰਨ ਵਾਲੇ ਰਤਨ ਟਾਟਾ, ਸਰ ਗੰਗਾ ਰਾਮ ਜਿਨਾਂ ਦੀ ਪਾਕਿਸਤਾਨ ਵਿਚ ਵੀ ਵੱਡਮੁੱਲੀ ਸੇਵਾ ਹੈ, ਕਿਰਤੀਆਂ ਨੂੰ ਜਮੀਨਾਂ ਵੰਡਣ ਵਾਲੇ ਸਾਬਕਾ ਮੰਤਰੀ ਰਾਧਾ ਕ੍ਰਿਸ਼ਨ, ਖੇਤੀ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਵਡਮੁੱਲੀ ਸੇਵਾ ਕਰਨ ਵਾਲੇ ਡਾ. ਐਮ.ਐੱਸ ਰੰਧਾਵਾ (ਜਿੰਨਾਂ ਨੂੰ ਚੰਡੀਗੜ੍ਹ ਦਾ ਆਰਕੀਟੈਕਟ ਵੀ ਕਿਹਾ ਜਾਂਦਾ ਹੈ), ਵਿਸ਼ਵ ਵਿਚ ਲੁਧਿਆਣਾ ਦੀ ਪਹਿਚਾਣ ਸਾਈਕਲ ਇੰਡਸਟਰੀ ਵਿੱਚ ਬਣਾਉਣ ਵਾਲੇ ਸੋਹਣ ਲਾਲ ਪਾਹਵਾ (ਏਵਨ), ਓਮ ਪ੍ਰਕਾਸ਼ ਮੁੰਜਾਲ (ਹੀਰੋ ਸਾਈਕਲ), ਉੱਘੇ ਸਮਾਜਸੇਵੀ ਅਤੇ ਸਨਅਤਕਾਰ ਵਿਦਿਆਸਾਗਰ ਅਤੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਿਤ ਸ਼ਖਸ਼ੀਅਤਾਂ ਸੁਰਜੀਤ ਪਾਤਰ, ਯਮਲਾ ਜੱਟ, ਨਰਿੰਦਰ ਬੀਬਾ, ਕੁਲਦੀਪ ਮਾਣਕ, ਸੁਰਿੰਦਰ ਸ਼ਿੰਦਾ, ਇੰਦਰਜੀਤ ਹਸਨਪੁਰੀ, ਸੰਤ ਸਿੰਘ ਸੇਖੋਂ, ਦੇਵ ਥਰੀਕੇ, ਪ੍ਰੋਫੈਸਰ ਮੋਹਨ ਸਿੰਘ, ਮਹਿੰਦਰ ਸਿੰਘ ਚੀਮਾ ਅਤੇ ਲੋਹੜੀ ਮੇਲੇ ਦੇ ਜਨਮਦਾਤਾ ਜਗਦੇਵ ਸਿੰਘ ਜੱਸੋਵਾਲ ਸ਼ਾਮਿਲ ਹਨ। ਇਸ ਸਮੇਂ ਨਿਧੀ ਗਰਗ (ਡੀ.ਸੀ.ਬੀ) ਬੈਂਕ ਲੁਧਿਆਣਾ ਅਤੇ ਜਤਿਨ ਚੱਡਾ ਦਾ ਮੀਟਿੰਗ ਵਿਚ ਸ਼ਾਮਿਲ ਹੋਣ 'ਤੇ ਧੰਦਵਾਦ ਕੀਤਾ ਗਿਆ। ਇਸ ਸਮੇਂ ਮੀਟਿੰਗ ਵਿੱਚ ਜਗਜੀਵਨ ਸਿੰਘ ਗਰੀਬ, ਪਵਨ ਸਿਡਾਨਾ ਸਾਬਕਾ ਪ੍ਰਧਾਨ ਮੰਚ, ਅਸ਼ੋਕ ਵਰਮਾਨੀ, ਪਰਮਿੰਦਰ ਤੂਰ, ਕੁਲਦੀਪ ਬਾਵਾ, ਸਮਾਜਸੇਵੀ ਕੀਰਤੀ ਗਰੋਵਰ (ਸਨੇਹ ਵੈਲਫੇਅਰ ਐਸੋਸੀਏਸ਼ਨ), ਗਗਨਦੀਪ ਸਿੰਘ, ਅਮਰਪਾਲ ਸਿੰਘ, ਤਰਸੇਮ ਜਸੂਜਾ ਆਦਿ ਹਾਜ਼ਰ ਸਨ।

# ਨਗਰ ਕੌਂਸਲ ਨੇ ਪੁਲਿਸ ਪ੍ਰਸ਼ਾਸਨ ਦੀ ਮੱਦਦ ਨਾਲ ਹਟਾਏ ਨਜਾਇਜ਼ ਕਬਜ਼ੇ, ਮੱਛੀ ਮਾਰਕੀਟ ਕੀਤੀ ਖ਼ਤਮ



**ਮਾਛੀਵਾੜਾ ਸਾਹਿਬ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਕਾਰਜ ਸਾਧਕ ਅਫਸਰ ਹਰ ਨਰਿੰਦਰ ਸਿੰਘ ਸ਼ੇਰ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼ਹਿਰ ਦੇ ਸਮਰਾਲਾ ਮਾਰਗ ਤੇ ਕੀਤੇ ਗਏ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਦੀ ਮੁਹਿੰਮ ਦੁਬਾਰਾ ਤੋਂ ਫਿਰ ਸੁਰੂ ਹੋ ਗਈ ਹੈ। ਜਿਸ ਅਧੀਨ ਸਮਰਾਲਾ ਰੋਡ ਤੇ ਅਨਾਜ ਮੰਡੀ ਨਜ਼ਦੀਕ ਬਣੀ ਹੋਈ ਮੱਛੀ ਮਾਰਕੀਟ ਨੂੰ ਉਥੋਂ ਹਟਾ ਦਿੱਤਾ ਗਿਆ ਅਤੇ ਹੋਰਨਾਂ ਦੁਕਾਨਦਾਰਾ ਵੱਲੋਂ ਖੋਖੇ ਆਦਿ ਰੱਖ ਕੇ ਕੀਤੇ ਗਏ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਕੱਲ੍ਹ ਤੱਕ ਦਾ ਸਮਾਂ ਦੇ ਦਿੱਤਾ ਗਿਆ ਹੈ। ਨਗਰ ਕੌਂਸਲ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ ਨੇ ਦੱਸਿਆ ਕਿ ਸ਼ਹਿਰ ਵਿੱਚ ਨਗਰ ਕੌਂਸਲ ਦੀਆਂ ਥਾਵਾਂ ਤੇ ਕੀਤੇ ਗਏ ਨਜਾਇਜ਼ ਕਬਜ਼ਿਆਂ ਦੇ ਕਾਬਜ਼ਕਾਰਾਂ ਨੂੰ ਬਾਰ-ਬਾਰ ਕਹਿਣ ਦੇ ਬਾਵਜੂਦ ਜਿੱਥੋਂ ਨਜਾਇਜ਼ ਕਬਜ਼ੇ ਨਹੀਂ ਹਟਾਏ ਗਏ ਉਹਨਾਂ ਨੂੰ ਹਟਾਉਣ ਦੀ ਨਗਰ ਕੌਂਸਲ ਵੱਲੋਂ ਪੰਜਾਬ ਪੁਲਿਸ ਦੀ ਸਹਾਇਤਾ ਨਾਲ ਮੁਹਿੰਮ ਚਲਾਈ ਗਈ ਹੈ ਅਤੇ ਜੇਕਰ ਉਹ ਫਿਰ ਇਹਨਾਂ ਨਗਰ ਕੌਂਸਲ ਦੀਆਂ ਥਾਵਾਂ ਉੱਤੇ ਕਬਜ਼ਾ ਕਰਨਗੇ ਤਾਂ ਉਹਨਾਂ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਮਾਛੀਵਾੜਾ ਸਾਹਿਬ ਦੀ ਪਾਵਨ ਤੇ ਪਵਿੱਤਰ ਧਰਤੀ ਦੀ ਦਿੱਖ ਨੂੰ ਖ਼ੂਬਸੂਰਤ ਬਣਾਉਣ ਲਈ ਸ਼ਹਿਰ ਦੇ ਵੱਖ-ਵੱਖ ਪਾਸਿਆਂ ਤੋਂ ਆਉਂਦੇ ਰਸਤਿਆ ਨੂੰ ਖ਼ੂਬਸੂਰਤ ਦਿੱਖ ਦਿੱਤੀ ਜਾਵੇਗੀ ਅਤੇ ਸ਼ਹਿਰ ਦੇ ਸੁੰਦਰੀਕਰਨ ਲਈ ਵਿਸ਼ੇਸ਼ ਤੌਰ ਤੇ ਉਪਰਾਲੇ ਕੀਤੇ ਜਾਣਗੇ, ਜਿਸ ਅਧੀਨ ਨਜਾਇਜ਼ ਕਬਜ਼ੇ ਹਟਾਉਣੇ ਵੀ ਉਸੇ ਮੁਹਿੰਮ ਦਾ ਇੱਕ ਹਿੱਸਾ ਹੈ। ਉਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸ਼ਹਿਰ ਦੇ ਵਿਕਾਸ ਅਤੇ ਸੁੰਦਰੀਕਰਨ ਲਈ ਸ਼ਹਿਰਵਾਸੀ ਨਗਰ ਕੌਂਸਲ ਦਾ ਪੂਰਾ ਸਾਥ ਦੇਣ ਅਤੇ ਸਾਫ ਸ਼ਹਿਰ ਨੂੰ ਸਾਫ ਸੋਹਣਾ ਅਤੇ ਸੁੰਦਰ ਬਣਾਉਣ ਵਿੱਚ ਨਗਰ ਕੌਂਸਲ ਦੇ ਕਾਰਜਾਂ ਵਿੱਚ ਆਪਣਾ ਸਾਥ ਦੇਕੇ ਯੋਗਦਾਨ ਜਰੂਰ ਪਾਉਣ।

## ਮਹਿੰਦਰ ਸਿੰਘ ਮਾਨ ਦੀਆਂ ਤਿੰਨ ਗ਼ਜ਼ਲਾਂ



9915803554

ਡਾਕਟਰਾਂ ਤੇ ਵੈਦਾਂ ਤੋਂ ਠੀਕ ਨਾ ਹੋ ਸਕਿਆ ਜਿਹੜਾ ਰੋਗੀ,
ਉਸ ਨੂੰ ਕਿੱਦਾਂ ਠੀਕ ਕਰੇਗਾ ਦਰ-ਦਰ ਫਿਰਨੇ ਵਾਲਾ ਜੋਗੀ।

ਉਸ ਬੁੱਢੇ ਦੇ ਨਾਂ 'ਤੇ ਖੂਬ ਪਕੌੜੇ ਤੇ ਰਸਗੁੱਲੇ ਚੱਲੇ,
ਜਿਸ ਨੇ ਭੁੱਖਾ ਤੇ ਪਿਆਸਾ ਰਹਿ ਕੇ ਆਪਣੀ ਆਯੂ ਸੀ ਭੋਗੀ।

ਕੋਠੀ 'ਚ ਰਹੇ ਸ਼ਾਨੋ ਸ਼ੌਕਤ ਨਾਂ' ਸਾਡੇ ਪਿੰਡ 'ਚ ਇਕ ਜੋਗੀ,
ਦਿਲ 'ਚ ਕਈ ਵਾਰ ਸਵਾਲ ਇਹ ਆਏ, ਉਹ ਜੋਗੀ ਹੈ ਜਾਂ ਭੋਗੀ।

ਇਹ ਦਾਜ ਦੀ ਲਾਹਣਤ ਹੋਰ ਪਤਾ ਨ੍ਹੀ ਕੀ-ਕੀ ਰੰਗ ਦਿਖਾਏਗੀ,
ਇਸ ਹੱਥੋਂ ਤੰਗ ਹੋ ਕੇ ਮਰ ਗਈ ਕਿਧਰੇ ਗੀਤਾ, ਕਿਧਰੇ ਗੋਗੀ।

ਉਹ ਹਾਲੇ ਵੀ ਬੱਸਾਂ ਵਿਚ ਅੱਖਾਂ ਦਾ ਸੁਰਮਾ ਵੇਚੀ ਜਾਵੇ,
ਜੋ ਹੁਣ ਤਕ ਬਣਾ ਚੁੱਕਾ ਹੈ ਸੈਆਂ ਨੂੰ ਅੱਖਾਂ ਦੇ ਰੋਗੀ।

ਘਿਉ, ਆਟਾ, ਦਾਲਾਂ ਤੇ ਖੰਡ ਦੇ ਭਾਅ ਵਧਦੇ ਜਾਂਦੇ ਤੇਜ਼ੀ ਨਾਂ',
ਅੱਜ ਕਲ੍ਹ ਭੁੱਖੇ ਰਹਿਣਾ ਸਿੱਧ ਹੋ ਸਕਦੈ ਹੱਦੋਂ ਵੱਧ ਉਪਯੋਗੀ।

ਸਭ ਕੁਝ ਹੀ ਜਿਸ ਨੇ ਸਮਝ ਲਿਆ ਹੈ ਸ਼ਰਾਬ ਨੂੰ ,
ਉਹ ਸਾੜ ਬੈਠੂ ਆਪਣੀ ਜੀਵਨ-ਕਿਤਾਬ ਨੂੰ।

ਹੋਈ ਸੀ ਉਸ ਦੀ ਹੋਂਦ ਨਾ ਹੋਇਆਂ ਜਹੀ ਉਦੋਂ,
ਜਦ ਕਾਲੀ ਬੱਦਲੀ ਨੇ ਲਿਆ ਸੀ ਢਕ ਮਤਾਬ ਨੂੰ।

ਉਨ੍ਹਾਂ ਨੂੰ ਅੰਤ ਖ਼ਾਲੀ ਹੱਥੀਂ ਪਰਤਣਾ ਪਿਆ,
ਤੋੜਨ ਜੋ ਆਏ ਸਨ ਮੇਰੇ ਦਿਲ ਦੇ ਗੁਲਾਬ ਨੂੰ।

ਦਿਲ ਕਰਦਾ ਏ ਖ਼ੁਸ਼ੀ 'ਚ ਉਦੋਂ ਖੀਵਾ ਹੋਣ ਨੂੰ,
ਜਦ ਚੜ੍ਹ ਕੇ ਵਗਦਾ ਤੱਕਾਂ ਮੈਂ ਸੱਚ ਦੇ ਚਨਾਬ ਨੂੰ।

ਮੈਂ ਆਪ ਰਾਹ ਆਪਣਾ ਚੁਣਨਾ ਸੀ ਦੋਸਤੋ,
ਮੈਂ ਕਿਉਂ ਭਲਾ ਉਡੀਕਦਾ ਉਸ ਦੇ ਜਵਾਬ ਨੂੰ?

ਇਸ ਵਿੱਚੋਂ ਗੀਤ ਦੁਖੀਆਂ ਦੇ ਦੁੱਖਾਂ ਦੇ ਮਿਲਣਗੇ,
ਜਦ ਖੋਲ੍ਹਿਆ ਗਿਆ ਮੇਰੇ ਦਿਲ ਦੀ ਕਿਤਾਬ ਨੂੰ।



ਪਾਏ ਜੋ ਰਾਹੋਂ, ਕੁਰਾਹੇ ਜਾਣੋਂ ਪਿਆਰੇ ਯਾਰ ਨੂੰ,
ਦੱਸੋ ਕੀ ਰਾਹ ਦੱਸੇਗਾ ਉਹ ਬਾਕੀ ਦੇ ਸੰਸਾਰ ਨੂੰ।

ਉਸ ਨੂੰ ਖ਼ੁਦ ਹੀ ਮਾਰਿਆ ਹੈ ਦਾਜ ਦੇ ਲਾਲਚੀਆਂ ਨੇ,
ਜ਼ਹਿਰ ਖਾ ਕੇ ਮਰਨ ਦੀ ਕੀ ਲੋੜ ਸੀ ਮੁਟਿਆਰ ਨੂੰ।

ਸਾਰੀਆਂ ਚੀਜ਼ਾਂ ਦੀ ਕੀਮਤ ਵਧ ਰਹੀ ਹੈ ਦਿਨ-ਬ-ਦਿਨ,
ਖ਼ਾਲੀ ਹੱਥੀਂ ਕਾਮੇ ਕੀ ਲੈਣਾ ਜਾ ਕੇ ਬਾਜ਼ਾਰ ਨੂੰ।

ਹੁੰਦਾ ਹੈ ਕਾਬਿਲ ਲੋਕਾਂ ਦੇ ਪਿਆਰ ਦਾ ਉਹ ਡਾਕਟਰ,
ਜੋ ਸਦਾ ਵਧੀਆ ਦਵਾ ਦਿੰਦਾ ਹੈ ਹਰ ਬਿਮਾਰ ਨੂੰ।

ਜਿਸ ਦੇ ਵਿਚ ਸੱਚ, ਝੂਠ ਦਾ ਕੀਤਾ ਨਿਤਾਰਾ ਹੁੰਦਾ ਹੈ,
ਲੋਕ ਪੜ੍ਹਦ ਨੇ ਬੜੇ ਚਾਅ ਨਾਲ ਉਸ ਅਖ਼ਬਾਰ ਨੂੰ।

ਤਾਂ ਕਿ ਮੇਰੇ ਕੋਲ ਨਾ ਫ਼ਿਕਰਾਂ ਦਾ ਰਾਖਸ਼ ਆ ਸਕੇ,
ਮੈਂ ਹਮੇਸ਼ਾ ਕੋਲ ਰੱਖਾਂ ਆਸ਼ਾ ਦੀ ਤਲਵਾਰ ਨੂੰ।

ਕੁਝ ਪਲਾਂ ਦੇ ਵਿਚ ਤੂੰ ਇਸ ਦੇ ਨਾਲ ਖ਼ੁਦ ਸੜ ਜਾਣਾ ਹੈ,
ਦਿਲ ਦੇ ਵਿੱਚੋਂ ਕੱਢ ਦੇ ਯਾਰਾ, ਘਿਰਣਾ ਦੇ ਅੰਗਾਰ ਨੂੰ।

# ਦੀਪਕ ਗ਼ਜ਼ਲ ਸਕੂਲ ਦਾ ਜਾਨਸ਼ੀਨ ਗੁਰਦਿਆਲ ਰੌਸ਼ਨ



ਕੁਲਦੀਪ ਸਿੰਘ ਬੰਗੀ

94174-07778

*ਰੌਸ਼ਨ ਦੀ ਸ਼ਾਇਰੀ ਵਿਚ ਮਹਿਬੂਬ ਦੀਆਂ ਅਦਾਵਾਂ ਤੋਂ ਲੈ ਕੇ ਰਾਜਸੀ ਤੇ ਧਾਰਮਿਕ ਦੰਭ ਤੋਂ ਇਲਾਵਾ ਮਨੁੱਖੀ ਰਿਸ਼ਤਿਆਂ ਦੀ ਬਾਤ ਪਾਉਂਦੇ ਰੰਗ ਵੀ ਮਿਲਦੇ ਹਨ...*

ਗੁਰਦਿਆਲ ਰੌਸ਼ਨ ਦਾ ਜਨਮ 1 ਸਤੰਬਰ 1955 ਨੂੰ ਬੁਰੇ-ਟੁੱਟੇ ਪਰਿਵਾਰ ਵਿਚ ਮਾਤਾ ਸ੍ਰੀਮਤੀ ਚੇਨਣ ਕੌਰ ਅਤੇ ਪਿਤਾ ਗੁਰਦੇਵ ਸਿੰਘ ਦੇ ਘਰ, ਪਿੰਡ ਲੜੋਆ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਹੋਇਆ। ਗੁਰਦਿਆਲ ਰੌਸ਼ਨ ਨੇ ਬਾਲ ਉਮਰੇ ਮੁਸ਼ਕਲ ਹਾਲਾਤ ਹੋਣ ਦੇ ਬਾਵਜੂਦ ਲਗਨ ਅਤੇ ਮਿਹਨਤ ਨਾਲ ਆਪਣੀ ਪੜ੍ਹਾਈ ਜਾਰੀ ਰੱਖੀ। ਜਿਸ ਦੇ ਸਿੱਟੇ ਵਜੋਂ ਉਹ ਉੱਚ ਯੋਗਤਾ ਪ੍ਰਾਪਤ ਕਰ, ਸਿਨ 1976 ਵਿਚ ਬਤੌਰ ਕਲਾ ਅਧਿਆਪਕ ਸਰਕਾਰੀ ਸੇਵਾ ਵਿਚ ਆ ਗਿਆ। ਲਗਪਗ 38 ਸਾਲ ਅਧਿਆਪਨ ਕਿੱਤੇ ਵਜੋਂ ਸੇਵਾ ਨਿਭਾਈ। ਗੁਰਦਿਆਲ ਰੌਸ਼ਨ ਅੱਜ-ਕੱਲ ਸੇਵਾ ਮੁਕਤ ਹੋ ਆਪਣੇ ਪਰਿਵਾਰ ਸਮੇਤ ਦੋ ਬੇਟੀਆਂ ਅਤੇ ਦੋ ਬੇਟਿਆਂ ਨਾਲ ਨਿਊ ਅਸ਼ੋਕ ਨਗਰ, ਲੁਧਿਆਣਾ ਵਿਖੇ ਰਹਿ ਰਿਹਾ ਹੈ।

ਗੁਰਦਿਆਲ ਰੌਸ਼ਨ ਦੇ ਦੱਸਣ ਅਨੁਸਾਰ ਉਸ ਅੰਦਰ ਸ਼ਾਇਰੀ ਕੁਦਰਤੀ ਤੌਰ 'ਤੇ ਬਚਪਨ ਤੋਂ ਹੀ ਸੀ। ਨਿੱਕੀ ਉਮਰੇ ਹੀ ਉਹ ਬਾਲ ਸਾਹਿਤ ਪੜ੍ਹਨ ਲੱਗਾ। ਜ਼ਿੰਦਗੀ ਬਿਲਾਸ, ਨਸੀਹਤ ਬਿਲਾਸ ਤੇ ਹੋਰ ਰਸਾਲੇ ਪੜ੍ਹਨੇ ਉਸ ਨੂੰ ਚੰਗੇ ਲੱਗਦੇ ਸਨ। ਪ੍ਰਾਇਮਰੀ ਪੱਧਰ 'ਤੇ ਉਹ ਆਪਣੇ ਵੱਲੋਂ ਲਿਖੀਆਂ ਰਚਨਾਵਾਂ ਬਾਲ ਸਭਾ ਵਿਚ ਬੋਲਣ ਤੇ ਗਾਉਣ ਲੱਗਾ। ਅੱਠਵੀਂ ਕਲਾਸ ਤਕ ਪਹੁੰਚਦੇ-ਪਹੁੰਚਦੇ ਉਹ ਪੰਜਾਬੀ ਦੇ ਮਿਆਰੀ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪਣਾ ਸ਼ੁਰੂ ਹੋ ਗਿਆ ਸੀ। ਰੌਸ਼ਨ ਨੇ ਸਾਹਿਤ ਦੀ ਗ਼ਜ਼ਲ ਵਿਧਾ ਨਾਲ ਜੁੜਨ ਅਤੇ ਇਸ ਦੀਆਂ ਬਾਰੀਕੀਆਂ ਨੂੰ ਜਾਣਨ ਲਈ ਬਕਾਇਦਾ ਸਵਰਗੀ ਜਨਾਬ ਦੀਪਕ ਜੈਤੋਈ ਨੂੰ ਆਪਣਾ ਗੁਰੂ ਧਾਰਿਆ। ਜੈਤੋਈ ਨੇ ਆਪਣੇ ਇਸ ਸ਼ਾਗਿਰਦ 'ਤੇ ਐਸੀ ਰਹਿਮਤ ਕੀਤੀ ਕਿ ਰੌਸ਼ਨ ਸਾਹਿਤ ਦੇ ਖੇਤਰ ਵਿਚ ਧਰੂ ਤਾਰੇ ਵਾਂਗ ਚਮਕਣ ਲੱਗਾ। ਗੁਰਦਿਆਲ ਰੌਸ਼ਨ ਦਾ ਸਾਹਿਤਕ ਸਫ਼ਰ ਪਿਛਲੇ ਪੰਜ ਦਹਾਕਿਆਂ ਤੋਂ ਲਗਾਤਾਰ ਜਾਰੀ ਹੈ। ਪਹਿਲੇ ਸਮਿਆਂ ਵਿਚ ਜਿੱਥੇ ਉਹ ਆਲ ਇੰਡੀਆ ਰੇਡੀਓ 'ਤੇ ਪ੍ਰਮਾਣਿਤ ਸ਼ਾਇਰ ਸੀ, ਉੱਥੇ ਉਸ ਨੇ ਪ੍ਰਮੁੱਖ ਅਖ਼ਬਾਰਾਂ ਵਿਚ ਪ੍ਰਸਿੱਧ ਕਾਲਮ ਵੀ ਚਲਾਏ, ਜਿਸ ਵਿਚ 'ਗ਼ਜ਼ਲ ਮਹਿਫ਼ਲ', 'ਸੱਤ ਸਵਾਲ, 'ਜੰਗਲ ਦੇ ਵਾਸੀ ਤੇ 'ਗ਼ਜ਼ਲ ਚਿੱਤਰ', 'ਸ਼ੀਸ਼ਾ ਬੋਲਦਾ ਹੈ', ਆਦਿ ਹਰ ਹਫ਼ਤੇ ਛਪਦਾ ਰਿਹਾ।

ਰੌਸ਼ਨ ਦੇ ਲਿਖੇ ਗੀਤ ਅਤੇ ਗ਼ਜ਼ਲਾਂ ਨੂੰ ਨਾਮਵਰ ਗਾਇਕਾਂ ਨੇ ਗਾ ਕੇ ਖ਼ੂਬ ਨਾਮਣਾ ਖੱਟਿਆ। ਗੁਰਦਿਆਲ ਰੌਸ਼ਨ ਦਾ ਸਭ ਤੋਂ ਪਹਿਲਾ ਗ਼ਜ਼ਲ ਸੰਗ੍ਰਹਿ, 'ਸੂਹੇ ਬੁੱਲ੍ਹ ਜ਼ਰਦ ਮੁਸਕਾਨ' 1984 ਵਿਚ ਆਇਆ। 'ਕਾਲੇ ਹਾਸ਼ੀਏ ' 1990, 'ਰੰਗਾਂ ਦੇ ਸਿਰਨਾਵੇਂ' 1997, 'ਰੰਗਾਂ ਦੀ ਇਬਾਰਤ' 2000, 'ਤ੍ਰਿਕਾਲ' 2002, 'ਹੁਣ ਤਕ' 2003, 'ਤੇਰੇ ਬਿਨਾਂ' 2004, 'ਜ਼ਲਜ਼ਲੇ ਤੋਂ ਬਾਅਦ' 2007, ਸ਼ਬਦਾਂ ਦੀ ਪਰਵਾਜ਼' 2007, 'ਹੁਣ ਤਕ ਦਾ ਸਫ਼ਰ' 2009, 'ਆਪਣੇ ਰੂਬਰੂ' 2013, 'ਰੁੱਤਾਂ ਦਾ ਮਾਤਮ' 2014, 'ਮੰਜ਼ਰੀ ਗ਼ਜ਼ਲਾਂ' '2016, 'ਮਨ ਦਾ ਰੇਗਿਸਤਾਨ' 2017, 'ਮਹਿਫ਼ਲ' 2017, ਅਤੇ 'ਰੰਗ ਰੰਗ ਦੇ ਲੋਕ' ਕਿਤਾਬ ਦਾ ਕਾਰਜ ਛਪਾਈ ਅਧੀਨ ਹੈ। ਗੀਤ ਸੰਗ੍ਰਹਿ, 'ਗੀਤਾਂ ਦੇ ਬੋਲ' 1991, 'ਮੇਰੇ ਗੀਤ ਸੁਣ' 1997, ਰੰਗ ਹੱਸੇ ਰੰਗ ਰੋਏ' 1999, 'ਰੰਗਾਂ ਦਾ ਦਰਿਆ' 2002, 'ਮਿੱਟੀ ਦੀ ਆਵਾਜ਼' 2010,'ਧਰਤੀ ਦੀ ਫੁਲਕਾਰੀ' 2014, 'ਜ਼ਿੰਦਗੀ ਦਾ ਮਰਸੀਆ' 2017, 'ਮੈਂ ਭਾਰਤ ਹਾਂ' 2017, 'ਸ਼ਹਿਰ ਤੇ ਜੰਗਲ' 2017 ਤੋਂ ਇਲਾਵਾ ਬਾਲ ਗੀਤ ਅਤੇ ਸੰਪਾਦਿਤ ਪੁਸਤਕਾਂ ਦੀ ਕੁੱਲ ਗਿਣਤੀ ਅੱਧੇ ਸੈਂਕੜੇ ਦੇ ਕਰੀਬ ਹੈ।

ਰੌਸ਼ਨ ਦੀ ਸ਼ਾਇਰੀ ਵਿਚ ਮਹਿਬੂਬ ਦੀਆਂ ਅਦਾਵਾਂ ਤੋਂ ਲੈ ਕੇ ਰਾਜਨੀਤਿਕ, ਆਰਥਿਕ, ਧਾਰਮਿਕ ਦੰਭ ਤੇ ਮਨੁੱਖੀ ਰਿਸ਼ਤਿਆਂ ਦੀ ਬਾਤ ਪਾਉਂਦੇ ਰੰਗ ਮਿਲਦੇ ਹਨ। ਉਹ ਸਮਾਜ ਅੰਦਰ ਪਈਆਂ ਬੇਨਿਯਮੀਆਂ ਦੇ ਖ਼ਿਲਾਫ਼ ਝੰਡਾ ਵੀ ਚੁੱਕਦਾ ਹੈ, ਜਿਵੇਂ...



*ਦੱਸ ਜਾ, ਮਜ਼ਾਰ ਉੱਤੇ ਚਾਦਰ ਚੜ੍ਹਾਉਣ ਵਾਲੇ,*
*ਥਾਂ ਥਾਂ ਤੋਂ ਲੀਰਾਂ ਲੀਰਾਂ ਤੇਰਾ ਲਿਬਾਸ ਕਿਉਂ ਹੈ?*

*ਇਕ ਮੁੱਦਤ ਤੋਂ ਵਿਛੜੇ ਸੱਜਣਾ*
*ਮਿਲਣ ਲਈ ਕੋਈ ਥਾਂ ਲਿਖਣਾ।*
*ਆਪਣੀ ਹਾਲਤ ਬਾਰੇ ਮੈਨੂੰ ,*
*ਚਿੱਠੀ ਵਿਚ ਦੋ ਸਤਰਾਂ ਲਿਖਣਾ।*

*ਭੁਠ ਨਹੀਂ ਨਾ ਪੂਰੀ ਹੋਈ ਗਲ਼ੀ-ਬਾਤੀ ਭੁੱਖ,*
*'ਰੌਸ਼ਨ' ਜਿਸਮ ਕਿਸੇ ਬੰਦੇ ਦਾ ਢਕਦਾ ਨਹੀਂ ਰੁਮਾਲ।*

ਗੁਰਦਿਆਲ ਰੌਸ਼ਨ ਮੁੱਢ ਤੋਂ ਹੀ ਵਿਲੱਖਣ ਸ਼ਖ਼ਸੀਅਤ ਤੇ ਤਬੀਅਤ ਦਾ ਮਾਲਕ ਰਿਹਾ ਹੈ। ਉਸ ਨੇ ਗ਼ਜ਼ਲ ਦੀ ਬਿਹਤਰੀ ਲਈ ਦਿਨ ਰਾਤ ਸਖ਼ਤ ਮਿਹਨਤ ਕੀਤੀ। ਗ਼ਜ਼ਲ ਅੱਜ ਜਿਸ ਮੁਕਾਮ 'ਤੇ ਹੈ ਉਸ ਨੂੰ ਇਸ ਸਥਾਨ 'ਤੇ ਪਹੁੰਚਾਉਣ ਵਾਲਿਆਂ ਵਿਚ ਗੁਰਦਿਆਲ ਰੌਸ਼ਨ ਦਾ ਨਾਂ ਮੂਹਰਲੀ ਕਤਾਰ ਵਿਚ ਆਉਂਦਾ ਹੈ। ਰੌਸ਼ਨ ਨੇ ਸ਼ਾਇਰੀ ਦੀ ਸਿਰਫ਼ ਲਾਜ ਹੀ ਨਹੀਂ ਪਾਲੀ ਬਲਕਿ ਗ਼ਜ਼ਲ ਵਿਚ ਨਵੇਂ ਨਵੇਂ ਕੀਰਤੀਮਾਨ ਵੀ ਸਥਾਪਿਤ ਕੀਤੇ। ਸਭ ਤੋਂ ਪਹਿਲਾਂ ਇੱਕੋ ਜ਼ਮੀਨ 'ਤੇ ਸੈਂਕੜੇ ਸ਼ਿਅਰ ਲਿਖੇ।

ਰੌਸ਼ਨ ਦੀ ਪ੍ਰਤਿਭਾ, ਲਗਨ, ਮਿਹਨਤ, ਸਿਰੜ ਤੇ ਕਾਬਲੀਅਤ ਨੂੰ ਵੇਖਦੇ ਹੋਏ, ਦੀਪਕ ਜੈਤੋਈ ਸਾਹਿਬ ਨੇ ਉਨ੍ਹਾਂ ਨੂੰ 'ਦੀਪਕ ਗ਼ਜ਼ਲ ਸਕੂਲ' ਦਾ ਜਾਨਸ਼ੀਨ ਬਣਾ ਕੇ ਇਕ ਵੱਡੀ ਜ਼ਿੰਮੇਵਾਰੀ ਸੌਂਪ ਦਿੱਤੀ। ਜਿਸ ਨੂੰ ਰੌਸ਼ਨ ਹੁਣ ਤਕ ਬਾਖ਼ੂਬੀ ਨਿਭਾ ਰਿਹਾ ਹੈ। ਰੌਸ਼ਨ ਦੇ ਸੈਂਕੜੇ ਹੀ ਸ਼ਗਿਰਦ ਇਸ ਖੇਤਰ ਵਿਚ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ। ਰੌਸ਼ਨ ਅਨੁਸਾਰ ਉਸਤਾਦੀ ਸ਼ਾਗਿਰਦੀ ਪਰੰਪਰਾ ਨੂੰ ਜਾਰੀ ਰੱਖਣ ਵਿਚ ਹੀ ਗ਼ਜ਼ਲ ਦਾ ਭਲਾ ਹੈ। ਕੁਝ ਲੋਕ ਇਸ ਦੀ ਵਿਰੋਧਤਾ ਕਰਦੇ ਹਨ, ਜਦੋਂ ਕਿ ਆਪਣੀ ਸੂਝ ਅਤੇ ਕਿਤਾਬਾਂ ਨਾਲ ਡਿਗਰੀਆਂ ਹਾਸਲ ਨਹੀਂ ਹੁੰਦੀਆਂ, ਅਧਿਆਪਕਾਂ ਤੋਂ ਸਿੱਖਿਆ ਹਾਸਿਲ ਕਰਨੀ ਪੈਂਦੀ ਹੈ ਉਸੇ ਤਰ੍ਹਾਂ ਚਿੱਤਰਕਾਰੀ, ਸੰਗੀਤ ਤੇ ਗ਼ਜ਼ਲ ਸਕੂਲ ਇਕ ਨਰੋਈ ਪਰੰਪਰਾ ਹੈ, ਜਿਸ ਨਾਲ ਗ਼ਜ਼ਲ ਵਿਧਾ ਨਵੀਆਂ ਬੁਲੰਦੀਆਂ ਛੂਹ ਰਹੀ ਹੈ। ਮਾਣ-ਸਨਮਾਨ ਦੀ ਗੱਲ ਕਰੀਏ ਤਾਂ ਸੈਂਕੜੇ ਹੀ ਨਾਮਵਰ ਸੰਸਥਾਵਾਂ ਵੱਲੋਂ ਰੌਸ਼ਨ ਦਾ ਸਨਮਾਨ ਕੀਤਾ ਗਿਆ। ਢੁੱਡੀਕੇ ਵਰਗੀਆਂ ਕੁਝ ਹੋਰ ਸੰਸਥਾਵਾਂ ਨੇ ਤਾਂ ਦੁਬਾਰਾ-ਦੁਬਾਰਾ ਵੀ ਮਾਣ ਦਿੱਤਾ ਪਰ ਰੌਸ਼ਨ ਅਨੁਸਾਰ ਅਸਲੀ ਸਨਮਾਨ ਉਸ ਦੇ ਸ਼ਗਿਰਦ ਅਤੇ ਉਸ ਦੀ ਸ਼ਾਇਰੀ ਨੂੰ ਪਿਆਰ ਕਰਨ ਵਾਲੇ ਦੇਸ਼ਾਂ ਵਿਦੇਸ਼ਾਂ 'ਚ ਬੈਠੇ ਚਾਹੁੰਣ ਵਾਲਿਆਂ ਦਾ ਵਸੀਹ ਘੇਰਾ ਹੈ। •

## ਕਵਿਤਾਵਾਂ

### ਆਈ ਬਸੰਤ



ਆਈ ਬਸੰਤ ਬਈ ਆਈ ਬਸੰਤ
ਸਭਨਾਂ ਤਾਈਂ ਭਾਈ ਬਸੰਤ
ਪਟਿਆਲੇ ਵਿਚ ਲੱਗੇ ਮੇਲਾ
ਛੱਡ ਕੇ ਲੋਕੀ ਜਾਣ ਝਮੇਲਾ
ਗੁਰਦੁਆਰੇ ਰੌਣਕ ਲੱਗੇ
ਚਾਅ ਵਿਚ ਮੇਰਾ ਪੈਰ ਨਾ ਲੱਗੇ
ਸਭਨਾਂ ਪਹਿਨੇ ਪੀਲੇ ਵਸਤਰ
ਲਾਹ 'ਤੇ ਸਭ ਨੇ ਗਲ ਤੋਂ ਖੱਦਰ
ਲੰਗਰ ਦੇ ਵਿਚ ਪੀਲੇ ਚੌਲ਼
ਲੋਕਾਂ ਛਕ ਲਏ ਭਰ ਕੇ ਕੌਲ਼
ਗੁੱਡੀਆਂ ਨੇ ਮੱਲਿਆ ਅਸਮਾਨ
ਕਿੱਧਰੇ ਧੂੜ੍ਹ ਖਾਂਦੇ ਜਾਨ
ਕਿੱਧਰੇ ਜਾਵੇ ਕੱਟੀ ਡੋਰ
ਐਪਰ ਗੁੱਡੀਆਂ ਉੱਡਣ ਹੋਰ
ਕਿੱਧਰੇ ਢਾਡੀ ਗਾਉਂਦੇ ਵਾਰਾਂ
ਕਿਤੇ ਕਵੀਸ਼ਰ ਕਰਨ ਵਿਚਾਰਾਂ
ਲੋਕਾਂ ਕੀਤੇ ਨੇ ਇਸ਼ਨਾਨ
ਦਿਲ ਖੋਲ੍ਹ ਕੇ ਕੀਤਾ ਦਾਨ
ਜਿੱਥੇ ਜਿੱਥੇ ਮੇਲਾ ਲੱਗਦਾ
ਬਾਲ ਤੇ ਬੁੱਢਾ ਓਥੇ ਜਾਂਦਾ
ਤੇਗ਼ ਬਹਾਦਰ ਗੁਰੂ ਧਿਆਈਏ
ਮਨ ਇੱਛਤ ਫਲ ਉਥੋਂ ਪਾਈਏ॥



• ਪ੍ਰੋ. ਸੁਲੱਖਣ ਮੀਤ

94633 29939

### ਗੁੰਡਾਗਰਦੀ

ਗੁੰਡਾਗਰਦੀ ਕਵਿਤਾ ਨਹੀਂ ਪੜ੍ਹਦੀ
ਕਤਲ ਹੋਈ ਵਿਚਾਰਧਾਰਾ ਦੀ ਲਾਸ਼ ਦਾ
ਚਿਹਰਾ ਪੜ੍ਹ ਕੇ ਠਹਾਕਾ ਲਗਾਉਂਦੀ ਹੈ ਗੁੰਡਾਗਰਦੀ।
ਗੁੰਡਾਗਰਦੀ ਕਤਲ ਹੋਏ ਸੱਚ ਨੂੰ
ਅਸ਼ਲੀਲ ਤੇ ਜ਼ਲੀਲ ਵਿਸ਼ਲੇਸ਼ਣਾਂ ਨਾਲ
ਸ਼ਰਮਸਾਰ ਕਰਦੀ ਹੈ।
ਗੁੰਡਾਗਰਦੀ ਸ਼ਰਾਬ ਦੀ ਬੋਤਲ 'ਚੋਂ
ਨਿਕਲਿਆ ਜਿੰਨ ਨਹੀਂ ਹੁੰਦੀ
ਇਹ ਅੰਦਰਲੇ ਕੂੜੇ ਦੀ ਬੋ-ਮਾਰੀ ਕਿਲਕਾਰੀ ਹੁੰਦੀ।
ਗੁੰਡਾਗਰਦੀ ਕਲਾ ਨਹੀਂ ਹੁੰਦੀ ਨਾ ਕਲਾਕਾਰ ਹੁੰਦੀ
ਇਹ ਸ਼ਬਦ ਸੂਹਜ ਤੋਂ ਸੱਖਣੇ ਮਨੁੱਖ ਦੀ
ਡਿੱਗੀ ਹੋਈ ਸੋਚ ਦਾ ਨਿਕਲਿਆ ਜਨਾਜ਼ਾ ਹੁੰਦੀ।
ਗੁੰਡਾਗਰਦੀ ਨੂੰ ਭਰਮ ਹੁੰਦਾ
ਕਿ ਵਸਤਾਂ, ਸੰਸਥਾਵਾਂ, ਰੁਤਬਿਆਂ 'ਤੇ
ਉਸ ਦੇ ਖ਼ੌਫ਼ ਦਾ ਹੀ ਰਾਜ ਹੁੰਦਾ।
ਗੁੰਡਾਗਰਦੀ ਗੰਦੀ ਗਾਲ੍ਹ ਹੁੰਦੀ
ਹੋਛਾ ਤੇ ਹੈਂਕੜ 'ਚ ਲਿਬੜਿਆ ਹਥਿਆਰ ਹੁੰਦੀ ਹੈ।
ਗੁੰਡਾਗਰਦੀ ਦੇ ਕਈ ਰੰਗ, ਰੂਪ ਹਨ
ਇਹ ਚਿੱਟੇ ਕੱਪੜਿਆਂ ਪਿੱਛੇ ਛੁਪੀ
ਸ਼ਾਲੀਨਤਾ ਦੀ ਮਕਾਰੀ ਵੀ ਹੁੰਦੀ
ਬੀਬੇ ਸ਼ਬਦਾਂ ਪਿੱਛੇ ਛੁਪੇ ਜ਼ਹਿਰੀ ਤੀਰ ਵੀ।
ਵੱਡੇ ਕਾਰਜਾਂ 'ਚ ਰੁੱਝੇ ਹੋਣ ਦਾ ਵਿਖਾਵਾ ਕਰਦੀ
ਨੀਅਤ ਦਾ ਖੋਟ ਵੀ ਹੁੰਦੀ ਗੁੰਡਾਗਰਦੀ।
ਆਓ! ਆਪੋ ਆਪਣੇ ਗਰਾਂ ਦਾ ਚੱਕਰ ਲਾਈਏ
ਤੇ ਉਨ੍ਹਾਂ ਗੁੰਡਿਆਂ ਦੀ ਸ਼ਨਾਖ਼ਤ ਕਰੀਏ
ਜਿਹੜੇ ਤੁਹਾਡੇ ਧੀਮੇ ਬੋਲਾਂ ਤੇ ਸੂਖਮ ਸੁਹਜ ਨੂੰ
ਵਲੂੰਧਰ ਦੇਣਾ ਚਾਹੁੰਦੇ।



• ਮਲਵਿੰਦਰ, 9779591344

## ਸ਼ਬਦੋ ਵਣਜਾਰਿਓ

# ਰਕਮ



ਪਰਮਜੀਤ ਢੀਂਗਰਾ

94173-58120

*ਰਕਮ, ਰੁਕੇ ਦੀ ਨਾਤੇਦਾਰੀ ਰੋਕੜ ਜਾਂ ਵਹੀ ਖ਼ਾਤੇ ਨਾਲ ਹੈ। ਇਹ ਸ਼ਬਦ ਦਰਾਵੜੀ ਤੇ ਆਰੀਅਨ ਜ਼ੁਬਾਨਾਂ 'ਚ ਵਰਤਿਆ ਜਾਂਦਾ ਹੈ। ਜਾਨ ਪਲੈਟਸ ਰੋਕੜ ਦਾ ਜਨਮ ਸੰਸਕ੍ਰਿਤ ਦੀ ਰੋਕ ਧਾਤੂ ਤੋਂ ਮੰਨਦਾ ਹੈ। ਰੋਕੜ ਦਾ ਅਰਥ ਉਹ ਵਹੀ ਵੀ ਹੈ ਜਿਸ 'ਚ ਰਕਮ ਲਿਖੀ ਜਾਂਦੀ ਹੈ...*

ਸ਼ਬਦਾਂ ਦੀ ਖਸਲਤ ਜਾਣਨ ਲਈ ਉਨ੍ਹਾਂ ਨਾਲ ਜੁੜੇ ਸ਼ਬਦਾਂ/ਸੰਕਲਪਾਂ ਦੇ ਰਿਸ਼ਤਿਆਂ ਦੀ ਪਛਾਣ ਜ਼ਰੂਰੀ ਹੈ। ਇਕ ਸ਼ਬਦ ਹੈ ਰਕਮ ਜਾਂ ਰੋਕੜ। ਆਮ ਤੌਰ 'ਤੇ ਇਸ ਸ਼ਬਦ ਦੀ ਵਰਤੋਂ ਨਕਦੀ ਲਈ ਕੀਤੀ ਜਾਂਦੀ ਹੈ। ਰੋਕੜ ਇਕ ਤਰ੍ਹਾਂ ਦਾ ਵਹੀ ਖਾਤਾ ਹੈ। ਰਕਮ ਮੂਲ ਰੂਪ ਵਿਚ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦਾ ਇਕ ਅਰਥ ਲਿਖਣਾ ਵੀ ਹੈ। ਹਿਸਾਬ ਦੇ ਹਿੰਦਸੇ, ਹਿਸਾਬ ਦਾ ਸਵਾਲ, ਧਨ, ਰੁਪਿਆ, ਪੈਸਾ, ਲਿਖਤ, ਲਿਖਾਈ ਸਭ ਇਸ ਨਾਲ ਜੁੜੇ ਅਰਥ ਹਨ। ਸੰਸਕ੍ਰਿਤ ਸ਼ਬਦ ਰਕਮ ਨਾਲ ਵੀ ਇਹਦੀ ਸਾਂਝੇਦਾਰੀ ਹੈ। ਜਿੱਥੇ ਇਸ ਦਾ ਅਰਥ ਚਮਕਦਾਰ ਜਾਂ ਉਜਲਾਪਨ ਹੈ। ਇਸੇ ਤਰ੍ਹਾਂ ਸੰਸਕ੍ਰਿਤ ਰਕਮ ਦਾ ਅਰਥ ਹੈ-ਸੋਨਾ ਜਾਂ ਲੋਹਾ। ਹਿਬਰੂ ਵਿਚ ਰਕਮ ਦਾ ਅਰਥ ਹੈ-ਕਸੀਦਾਕਾਰੀ ਜਾਂ ਕਢਾਈ ਕਰਨਾ ਜਦ ਕਿ ਫਿਨੀਸ਼ੀ ਵਿਚ ਇਹਦਾ ਅਰਥ ਬੁਣਨਾ ਹੈ।

ਫਿਨੀਸ਼ੀ ਤੇ ਹਿਬਰੂ ਵਿਚ ਜੇ ਰਕਮ ਦੇ ਅਰਥਾਂ ਨੂੰ ਵਾਚੀਏ ਤਾਂ ਕਸੀਦਾਕਾਰੀ ਅਤੇ ਬੁਣਾਈ ਮੂਲ ਰੂਪ ਵਿਚ ਕਪੜੇ ਨੂੰ ਹੋਰ ਅਨਮੋਲ ਜਾਂ ਮਹਿੰਗਾ ਕਰਨਾ ਦੇ ਤੁਲ ਹਨ। ਬੁਣਾਈ, ਸਿਲਾਈ, ਕਢਾਈ ਆਦਿ ਰਾਹੀਂ ਉਨ੍ਹਾਂ ਦਾ ਮੁੱਲ ਵਧਦਾ ਹੈ, ਵਸਤੂ ਨੂੰ ਕੀਮਤੀ ਬਣਾਉਣ ਦੇ ਇਹ ਸਾਧਨ ਹਨ। ਇਹੀ ਰਕਮ ਕਰ ਰਹੀ ਹੈ-ਉਹ ਮੁਲਵਾਨ ਬਣ ਰਹੀ ਹੈ। ਰਕਮ ਵਿਚ ਲਿਖਣ ਜਾਂ ਅੰਕਿਤ ਕਰਨ ਦੇ ਅਰਥ ਸਪਸ਼ਟ ਹਨ। ਇਵੇਂ ਜੇਵਰ 'ਤੇ ਸੋਨੇ, ਚਾਂਦੀ ਦੀ ਮਹੀਨ ਕਾਰੀਗਰੀ ਤੋਂ ਲੈ ਕੇ ਧਾਤ ਦੇ ਟੋਟਿਆਂ 'ਤੇ ਮੁਲਾਂਕਣ, ਹਿਸਾਬ ਕਿਤਾਬ ਲਿਖਣ ਦੇ ਭਾਵ ਵੀ ਇਸ ਵਿਚ ਸ਼ਾਮਲ ਹਨ। ਰਕਮ ਨਾਲ ਸਬੰਧਿਤ ਪੰਜਾਬੀ ਵਿਚ ਅਨੇਕਾਂ ਮੁਹਾਵਰੇ ਮਿਲਦੇ ਹਨ, ਜਿਵੇਂ-ਰਕਮ ਉਤਾਰਨਾ, ਦਰਜ ਕਰਨਾ (ਕਰਜ਼ਾ, ਲਾਹੁਣਾ) ਰਕਮ ਸਿਰ ਟੁਟਣਾ (ਕਿਸੇ ਦੇ ਗਲ ਪੈਸੇ ਪੈ ਜਾਣਾ), ਰਕਮ ਉਤਾਰਨਾ, ਦਰਜ ਕਰਨਾ (ਕਰਜ਼ਾ ਲਾਹੁਣਾ), ਰਕਮ ਕੁੱਟਣਾ (ਚੰਗੀ ਕਮਾਈ ਕਰਨਾ), ਰਕਮ ਕਰਨਾ (ਹਿਸਾਬ ਕਿਤਾਬ ਵਹੀ 'ਤੇ ਲਿਖਣਾ); ਰਕਮ ਖੱਟਣਾ (ਬਹੁਤ ਕਮਾਈ ਕਰਨਾ), ਰਕਮ ਖਰੀ ਕਰਨਾ (ਡੁੱਬੇ ਪੈਸੇ ਮਿਲਣੇ), ਰਕਮ ਖੁੱਲ੍ਹਣਾ/ਖੁਰਨਾ (ਪੈਸੇ ਖ਼ਰਚ ਹੋਣੇ), ਰਕਮ ਘੱਟੇ ਕੌਡੀਆਂ ਰੁਲਣਾ (ਪੈਸਾ ਬੇਅਰਥ ਜਾਣਾ), ਰਕਮ ਚਾੜ੍ਹਨਾ (ਵਹੀ ਵਿਚ ਰਕਮ ਦਰਜ ਕਰਨਾ), ਰਕਮ ਚੀਰਨਾ (ਕਿਸੇ ਕੰਮ ਲਈ ਦਿੱਤੀ ਰਕਮ 'ਚੋਂ ਪੈਸਾ ਖਾਣਾ), ਰਕਮ ਟੁਟਣਾ (ਵਹੀ ਖਾਤੇ 'ਚੋਂ ਬਕਾਇਆ ਨਿਕਲਣਾ), ਰਕਮ ਡੁੱਬ ਜਾਣੀ (ਪੈਸੇ ਵਸੂਲ ਨਾ ਹੋਣੇ), ਰਕਮ ਤਰਨਾ (ਡੁੱਬੇ ਪੈਸੇ ਮਿਲਣੇ), ਰਕਮ ਤਾਰਨਾ (ਪੈਸੇ ਅਦਾ ਕਰਨੇ), ਰਕਮ ਪੁਜਣਾ (ਰਿਸ਼ਵਤ ਦੇਣੀ, ਪੈਸੇ ਚਾੜ੍ਹਨੇ), ਰਕਮ ਵੱਟੇ ਖਾਤੇ ਪੈਣੀ (ਰਕਮ ਵਸੂਲ ਹੋਣ ਜੋਗੀ ਨਾ ਰਹਿਣੀ), ਰਕਮ ਬਣਾਉਣਾ (ਚੋਖਾ ਪੈਸਾ ਕਮਾਉਣਾ), ਰਕਮ ਬੋਲਣਾ (ਬਕਾਇਆ ਨਿਕਲਣਾ), ਰਕਮ ਮਾਰੀ ਜਾਣੀ (ਰਕਮ ਨਾ ਮਿਲਣੀ), ਰਕਮ ਰਖਣਾ (ਕਿਸੇ ਦਾ ਪੈਸਾ ਦਬ ਲੈਣਾ), ਰਕਮ ਰੁੜ੍ਹਨਾ (ਪੈਸਾ ਵਸੂਲ ਨਾ ਹੋਣਾ), ਰਕਮ ਵੱਟਣਾ (ਕਿਸੇ ਵਸਤ ਨੂੰ ਵੇਚ ਕੇ ਪੈਸਾ ਖਰਾ ਕਰਨਾ), ਮੋਟੀ ਰਕਮ (ਬਹੁਤ ਪੈਸਾ) ਆਦਿ। ਰਕਮ ਲਿਖਣ ਸਬੰਧੀ ਨਾਲ ਜੁੜਵਾਂ ਸ਼ਬਦ ਹੈ-ਰੁੱਕਾ। ਇਹ ਅਰਬੀ ਸ਼ਬਦ 'ਰੁਕਆ' ਹੈ, ਜਿਸ ਦਾ ਅਰਥ ਹੈ-ਚਿੱਠੀ, ਪੱਤਰ, ਖ਼ਤ, ਲੀਰ, ਟਾਕੀ, ਜੋੜ, ਪੁਰਜ਼ਾ, ਪਰਚਾ, ਚਿੱਟ।

ਪੰਜਾਬੀ ਵਿਚ ਇਸੇ ਭਾਵ ਦਾ ਸ਼ਬਦ ਹੈ-ਰੁਕੜਾ-ਪੁਰਜਾ, ਟੁਕੜਾ, ਟੋਟਾ, ਖ਼ਤ, ਚਿੱਠੀ। ਮੁਹਾਵਰਾ ਹੈ-ਰੁਕੜੇ ਪੀਣੇ (ਸਾਹ ਪੀ ਜਾਣਾ)। ਰੁੱਕਾ ਮੁਦਰਾ ਦੇ ਲੈਣ ਦੇਣ ਦੇ ਵੀ ਕੰਮ ਆਉਂਦਾ ਹੈ ਜਿਵੇਂ-ਹੁੰਡੀ, ਪਰਨੋਟ ਆਦਿ ਵਿਚ। ਰੁਕਾ ਸ਼ਬਦ ਲੈਣ ਦੇਣ ਵਜੋਂ ਵੀ ਲਿਖਿਆ ਜਾਂਦਾ ਹੈ। ਰਕਮ, ਰੁਕੇ ਦੀ ਨਾਤੇਦਾਰੀ ਰੋਕੜ ਜਾਂ ਵਹੀ ਖ਼ਾਤੇ ਨਾਲ ਵੀ ਹੈ।

ਇਹ ਸ਼ਬਦ ਦਰਾਵੜੀ ਤੇ ਆਰੀਅਨ ਜ਼ੁਬਾਨਾਂ ਵਿਚ ਆਮ ਵਰਤਿਆ ਜਾਂਦਾ ਹੈ। ਜਾਨ ਪਲੈਟਸ ਰੋਕੜ ਦਾ ਜਨਮ ਸੰਸਕ੍ਰਿਤ ਦੀ ਰੋਕ ਧਾਤੂ ਤੋਂ ਮੰਨਦਾ ਹੈ। ਰੋਕੜ ਦਾ ਇਕ ਅਰਥ ਉਹ ਵਹੀ ਖਾਤਾ ਜਾਂ ਰਜਿਸਟਰ ਵੀ ਹੈ ਜਿਸ ਵਿਚ ਰਕਮਾਂ ਲਿਖੀਆਂ ਜਾਂਦੀਆਂ ਹਨ। ਲੈਣ-ਦੇਣ ਕੀਤਾ ਜਾਂਦਾ ਹੈ। ਕੈਸ਼ੀਅਰ ਲਈ ਰੋਕੜੀਆ ਸ਼ਬਦ ਵੀ ਪ੍ਰਚਲਤ ਹੈ। ਰੋਕੜ ਮਿਲਾਣ ਦਾ ਅਰਥ ਹੈ ਹਿਸਾਬ ਕਿਤਾਬ ਮਿਲਾਣਾ। •

## ਮਿੰਨੀ ਕਹਾਣੀਆਂ



### ਰੂਹ ਕੁਰਲਾ ਕੇ ਬੋਲੀ

ਦਿਨ ਰਾਤ ਇਕ ਕਰ ਕੇ ਗਹਿਣੇ ਪਈ ਜ਼ਮੀਨ ਛੁਡਵਾਈ, ਆਪਣੀਆਂ ਪੰਜ ਧੀਆਂ ਤੇ ਦੋ ਭੈਣਾਂ ਦੇ ਕਾਰਜ ਵੀ ਸੰਪੂਰਨ ਕੀਤੇ, ਇੱਕਲੇ ਗੁਰਦਿਆਲ ਸਿੰਘ ਨੇ। ਪੂਰਾ ਪਿੰਡ ਉਸ ਦੀ ਮਿਹਨਤ ਦੀ ਉਦਾਹਰਣ ਦਿੰਦਾ ਨੀ ਥੱਕਦਾ ਸੀ ਜੋ ਕਿ ਡਾਵੀ ਕਬੀਲਦਾਰੀ ਨੂੰ ਸਿੱਧੇ ਲੀਹੇ ਪਾਈ ਫਿਰਦਾ ਸੀ। ਫ਼ਸਲ ਨੂੰ ਟਿਕਟਕੀ ਲਾਈ ਨਿਹਾਰਦੇ ਰਾਹ ਵਿਚ ਖੜ੍ਹੇ ਗੁਰਦਿਆਲ ਸਿੰਘ ਨੂੰ ਕੋਲੋਂ ਲੰਘਦਾ ਸੱਜਣ ਸਿੰਘ ਸਾਈਕਲ ਰੋਕਦਾ ਖਾਲ਼ ਵਿਚ ਪਈਆਂ ਦਰੱਖ਼ਤ ਦੀਆਂ ਟਾਹਣੀਆਂ ਵੱਲ ਇਸ਼ਾਰਾ ਕਰਦਾ ਹੋਇਆ ਕਹਿਣ ਲੱਗਾ, 'ਇਸ ਨੂੰ ਚੱਕਦੇ ਭਰਾਵਾਂ, ਪਾਣੀ ਦੇ ਰਾਹ ਵਿਚ ਰੋੜਾ ਬਣਦੀਆਂ ਨੇ, ਵੱਟ ਟੁੱਟ ਜੂ'।

'ਹੁਣ ਤਾਂ ਦੀਵਾ ਹੀ ਬੁੱਝ ਗਿਆ, ਹੁਣ ਨੀ ਦਿਲ ਕਰਦਾ ਕੁਝ ਕਰਨ ਨੂੰ।' ਗੁਰਦਿਆਲ ਸਿੰਘ ਦੀ ਰੂਹ ਕੁਰਲਾ ਕੇ ਬੋਲੀ ਜੋ ਕਿ ਉਸ ਦੇ ਪੁੱਤ ਦੇ ਮਾੜੀ ਸੰਗਤ ਵਿਚ ਪੈਣ ਅਤੇ ਨਸ਼ੇੜੀ ਹੋਣ ਕਰਕੇ ਮੁਰਝਾਈ ਪਈ ਸੀ।

• ਗੋਬਿੰਦਰ ਸਿੰਘ ਢੀਂਡਸਾ

092560-66000

### ਦੀਵੇ ਹੇਠ ਨੇਰਾ

• ਦਰਸ਼ਨ ਸਿੰਘ

94667-37933

ਉਹ ਹਰ ਵੇਲੇ ਹੀ ਔਰਤਾਂ ਦੇ ਹੱਕਾਂ ਬਾਰੇ ਭਾਸ਼ਣ ਦਿੰਦਾ। ਅਖ਼ਬਾਰਾਂ ਵਿਚ ਔਰਤਾਂ ਸਬੰਧੀ ਉਸ ਦੀਆਂ ਰਚਨਾਵਾਂ ਛਪਦੀਆਂ। ਔਰਤ ਦੇ ਮਨ ਦੀ ਗੱਲ ਇਉਂ ਕਰਦਾ ਜਿਵੇਂ ਮਨੋਵਿਗਿਆਨੀ ਹੋਵੇ।

ਹਫ਼ਤੇ ਵਿਚ ਦੋ ਕੁ ਵਾਰੀ ਮੇਰੇ ਕੋਲ ਵੀ ਆਉਂਦਾ। ਗੱਲਾਂ ਹੁੰਦੀਆਂ ਔਰਤ ਦੀ ਆਜ਼ਾਦੀ ਦੀਆਂ। ਸਮਾਜ ਵਿਚ ਪਾਏ ਯੋਗਦਾਨ ਦਾ ਉਹ ਵਿਸ਼ੇਸ਼ ਉਲੇਖ ਕਰਦਾ। ਵੱਖੋ ਵੱਖ ਖੇਤਰਾਂ ਵਿਚ ਕੁੜੀਆਂ ਦੁਆਰਾ ਮਾਰੀਆਂ ਮੱਲਾਂ ਨੂੰ ਸਲਾਹੁੰਦਾ ਥੱਕਦਾ ਨਾ ਉਹ।

ਔਰਤ ਬਾਰੇ ਮੰਦੇ ਬੋਲ ਉਸ ਦੇ ਮੂੰਹੋਂ ਕਦੀ ਕਿਸੇ ਨਾ ਸੁਣੇ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਕਹਿਣੋਂ ਉਹ ਕਦੀ ਨਾ ਭੁੱਲਦਾ। ਉਸ ਦੀਆਂ ਇਨ੍ਹਾਂ ਗੱਲਾਂ ਕਰਕੇ ਬੜਾ ਇੱਜ਼ਤ ਮਾਣ ਸੀ। "ਪਤਾ ਨਹੀਂ ਲੋਕ ਔਰਤਾਂ ਦੀ ਕਦਰ ਕਿਉਂ ਨਹੀਂ ਕਰਦੇ? ਜਗ ਜਨਣੀ ਹੈ ਉਹ ਤਾਂ। ਭੈਣ, ਪਤਨੀ, ਮਾਂ, ਕਿੰਨੇ ਪਵਿੱਤਰ ਰੂਪ ਨੇ ਔਰਤ ਦੇ। ਲੋਕ ਪਤਾ ਨਹੀਂ ਕਿਉਂ ਮੈਲੀਆਂ ਅੱਖਾਂ ਨਾਲ ਦੇਖਦੇ ਨੇ ਉਸ ਨੂੰ"? ਸੁਣਾਉਣ ਲਈ ਬਹੁਤ ਗੱਲਾਂ ਸਨ ਉਸ ਕੋਲ। ਸੁਣਕੇ ਮਨ ਪ੍ਰਭਾਵਿਤ ਹੋਏ ਬਿਨਾਂ ਨਾ ਰਹਿੰਦਾ। ਮਨ ਦੀ ਕਾਇਆ ਕਲਪ ਕਰ ਦਿੰਦੀਆਂ ਇਹ ਗੱਲਾਂ।

ਇਕ ਦਿਨ ਮੈਂ ਘਰ ਗਿਆ ਅਚਾਨਕ ਉਸ ਦੇ। 'ਔਰਤਾਂ ਦੀ ਸਮਾਜ ਵਿਚ ਭੂਮਿਕਾ' ਵਿਸ਼ੇ ਉੱਪਰ ਸੈਮੀਨਾਰ ਹੋਣਾ ਸੀ। ਸੱਦਾ ਦੇਣਾ ਸੀ ਉਸਨੂੰ। ਉਸ ਵੇਲੇ ਉਹ ਘਰ ਨਹੀਂ ਸੀ। "ਭਾਬੀ ਜੀ, ਕਿੱਥੇ ਗਏ ਨੇ ਭਾਈ ਸਾਹਿਬ"? ਮੈਂ ਕਿਹਾ। "ਬੈਠੋ ਤੁਸੀਂ, ਸਬਜ਼ੀ ਮੰਡੀ ਗਏ ਨੇ। ਆਉਣ ਹੀ ਵਾਲੇ ਨੇ"।

ਮੈਂ ਉਡੀਕਣ ਲੱਗਾ ਉਸ ਨੂੰ। "ਬੜੇ ਗੁਸੈਲੇ ਸੁਭਾਅ ਦੇ ਨੇ ਅੰਦਰੋਂ। ਕਿਵੇਂ ਕੱਟਦੀ ਹਾਂ ਮੈਂ ਇਸ ਬੰਦੇ ਨਾਲ ਮੈਂ ਹੀ ਜਾਣਦੀ ਹਾਂ।" ਬੜੇ ਦੁਖੜੇ ਭਾਬੀ ਜੀ ਨੇ ਆਪ ਸੁਣਾਏ ਅਤੇ ਕੁਝ ਉਸ ਦੀਆਂ ਭਰੀਆਂ ਅੱਖਾਂ ਨੇ। ਸੁਣ ਕੇ ਠਠੰਬਰ ਗਿਆ ਮੈਂ।

ਡੂੰਘੀ ਸੋਚ ਵਿਚ ਡੁੱਬੇ ਨੇ ਪਲ ਭਰ ਵਿਚ ਹੀ ਮੈਂ ਉਸ ਨੂੰ ਸੈਮੀਨਾਰ ਵਿਚ ਨਾ ਬੁਲਾਉਣ ਦਾ ਫ਼ੈਸਲਾ ਕਰ ਲਿਆ ਤੇ ਉਸ ਦੇ ਘਰੋਂ ਬਿਨਾਂ ਉਸ ਨੂੰ ਸੱਦਾ ਪੱਤਰ ਦਿੱਤੇ ਵਾਪਸ ਆ ਗਿਆ। •




*ਗਾਸੋ ਦੇ ਨਾਵਲਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਉਸ ਵਿਚ ਦੋ ਤਿੰਨ ਪਾਤਰ ਅਜਿਹੇ ਹੁੰਦੇ ਹਨ, ਜਿਹੜੇ ਪਹਿਲਾਂ ਪੰਜਾਬੀ ਨਾਵਲੀ ਜਗਤ ਦੇ ਅੰਗ ਨਹੀਂ ਹੁੰਦੇ। ਉਸ ਨੇ ਬਹੁਤ ਸਾਰੇ ਅਣਗੌਲੇ ਪਾਤਰਾਂ ਨੂੰ ਪੰਜਾਬੀ ਪਾਠਕਾਂ ਦੇ ਸਨਮੁੱਖ ਕੀਤਾ ਹੈ, ਜਿਨ੍ਹਾਂ ਦੀ ਸਧਾਰਨਤਾ ਵਿਚ ਮਹਾਨ ਗੁਣ ਛੁਪੇ ਹੋਏ ਹਨ...*

# ਅਣਛੋਹੇ ਪਾਤਰਾਂ ਦਾ ਸਿਰਜਕ ਓਮ ਪ੍ਰਕਾਸ਼ ਗਾਸੋ



ਬੂਟਾ ਸਿੰਘ ਚੌਹਾਨ

98143-80749

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਅਣਖੀ ਨੇ ਗਾਸੋ ਦੇ ਬਚਪਨ ਦੀਆਂ ਚੰਚਲਤਾ ਭਰਪੂਰ ਗੱਲਾਂ ਵੀ ਦੱਸਣੀਆਂ ਪਰ ਜਦੋਂ ਮੈਂ ਉਹ ਨੂੰ ਮੰਚ 'ਤੇ ਬੋਲਦੇ ਸੁਣਦਾ ਤਾਂ ਸੋਚਦਾ ਕੀ ਕਦੇ ਇਹ ਵਿਅਕਤੀ ਬਚਪਨ ਵਿਚ ਚੰਚਲ ਵੀ ਰਿਹਾ ਹੋਵੇਗਾ! ਜਦੋਂ ਮੈਂ ਗਾਸੋ ਦੇ ਕਈ ਨਾਵਲ ਪੜ੍ਹੇ ਤਾਂ ਅਣਖੀ ਦੀ ਦੱਸੀ ਚੰਚਲਤਾ ਉਸਦੇ ਕਈ ਯੁਵਾ ਪਾਤਰਾਂ ਵਿੱਚੋਂ ਆਪ ਮੁਹਾਰੇ ਝਲਕੀ। ਮੈਂ ਸੋਚਿਆ, ਜੇ ਲੇਖਕ ਦਾ ਸਾਰਾ ਵਿਅਕਤਿਤਵ ਕਿਸੇ ਪਾਤਰ ਵਿਚ ਨਹੀਂ ਹੁੰਦਾ, ਕੁਝ ਨਾ ਕੁਝ ਅੰਸ਼ ਤਾਂ ਜ਼ਰੂਰ ਹੁੰਦਾ ਹੈ।

ਇਕ ਵਾਰ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਤਪੇ ਆਏ। ਸਾਡੀ ਸਭਾ ਨੇ ਵਿਰਕ ਤੇ ਸੰਤੋਖ ਸਿੰਘ ਧੀਰ ਨੂੰ ਸੰਤ ਇੰਦਰ ਸਿੰਘ ਚੱਕਰਵਰਤੀ ਐਵਾਰਡ ਦੇਣਾ ਸੀ। ਸਮਾਗਮ ਪਿੱਛੋਂ ਸੀ. ਮਾਰਕੰਡਾ ਦੇ ਘਰੇ ਮਹਿਫ਼ਿਲ ਜੰਮੀ ਤਾਂ ਕੁਲਵੰਤ ਸਿੰਘ ਵਿਰਕ ਕਹਿੰਦਾ, 'ਹੋਰ ਤੁਹਾਡੇ ਗਾਸੋ ਦਾ ਕੀ ਹਾਲ-ਚਾਲ ਐਂ?

'ਠੀਕ ਐਂ'। ਅਣਖੀ ਨੇ ਵਿਰਕ ਵੱਲ ਦੇਖਿਆ ਤੇ ਕਿਹਾ। ਵਿਰਕ ਫੇਰ ਬੋਲੇ, 'ਮੈਂ ਉਹਦਾ ਹਰ ਨਾਵਲ ਪੜ੍ਹਦਾਂ। ਵਧੀਆ ਲਿਖਿਆ ਹੁੰਦੈ। ਕਈ ਪਾਤਰ ਵੱਖਰੀ ਕਿਸਮ ਦੇ ਹੁੰਦੇ ਐਂ'।

ਵਿਰਕ ਸਹਿਜੇ ਗੱਲਾਂ ਕਰ ਰਹੇ ਸਨ। ਅਣਖੀ ਤੇ ਸੰਤੋਖ ਸਿੰਘ ਧੀਰ ਉਹਦੇ ਵੱਲ ਵੇਖ ਰਹੇ ਸਨ। ਵਿਰਕ ਦੀ ਗੱਲ ਸੁਣ ਕੇ ਮੈਨੂੰ ਗਾਸੋ ਦਾ ਪਾਖਰ ਪਾਤਰ ਯਾਦ ਆਇਆ, ਜਿਹੜਾ 'ਆਸ ਔਥਰੂ' ਨਾਵਲ ਦਾ ਬੜਾ ਜਾਨਦਾਰ ਪਾਤਰ ਹੈ। ਮੈਂ ਇਹ ਨਾਵਲ ਬਚਪਨ ਵਿਚ ਮੇਰੇ ਪਿੰਡ ਦੇ ਆਰਐਮਪੀ ਡਾਕਟਰ ਲਾਭ ਸਿੰਘ ਤੋਂ ਲੈ ਕੇ ਪੜ੍ਹਿਆ ਸੀ। ਨਾਵਲ ਵਿਚ ਪਿੰਡ 'ਚ ਇਕ ਲੜਕੇ ਅਤੇ ਲੜਕੀ ਦੇ ਆਪਸੀ ਸਬੰਧ ਪੈਦਾ ਹੋ ਜਾਂਦੇ ਨੇ। ਪਾਖਰ ਨੂੰ ਉਨ੍ਹਾਂ ਦੇ ਸਬੰਧਾਂ ਦਾ ਪਤਾ ਲੱਗ ਜਾਂਦਾ ਹੈ ਤੇ ਉਹ ਸਦਾਚਾਰਕ ਕਦਰਾਂ-ਕੀਮਤਾਂ ਦੀ ਲੱਜ ਪਾਲਦਾ ਹੋਇਆ ਲੜਕੇ ਨੂੰ ਫ਼ੌਜ ਵਿਚ ਭਰਤੀ ਕਰਵਾ ਆਉਂਦਾ ਹੈ। ਸਿੱਟੇ ਵਜੋਂ ਸੱਪ ਵੀ ਮਰ ਜਾਂਦਾ ਹੈ ਅਤੇ ਸੋਟਾ ਵੀ ਰਹਿ ਜਾਂਦਾ ਹੈ।

ਇਸੇ ਤਰ੍ਹਾਂ 'ਮਿੱਟੀ ਦਾ ਮੁੱਲ' ਦਾ ਮਿਲਖੀ, ਉਸਦੀ ਘਰਵਾਲੀ ਤੇ ਹੋਰ ਬਹੁਤ ਸਾਰੇ ਪਾਤਰ ਅਚਾਨਕ ਹੀ ਮੇਰੇ ਜ਼ਿਹਨ ਵਿਚਦੀ ਲੰਘ ਗਏ।

ਗਾਸੋ ਦੇ ਨਾਵਲਾਂ ਦੀ ਹੁਣ ਵੀ ਇਹ ਵਿਸ਼ੇਸ਼ਤਾ ਹੈ ਕਿ ਜਦੋਂ ਉਸ ਦਾ ਕੋਈ ਨਵਾਂ ਨਾਵਲ ਛਪ ਕੇ ਆਉਂਦਾ ਹੈ ਤਾਂ ਉਸ ਵਿਚ ਦੋ ਤਿੰਨ ਪਾਤਰ ਅਜਿਹੇ ਹੁੰਦੇ ਹਨ, ਜਿਹੜੇ ਪਹਿਲਾਂ ਪੰਜਾਬੀ ਨਾਵਲੀ ਜਗਤ ਦੇ ਅੰਗ ਨਹੀਂ ਹੁੰਦੇ ਅਤੇ ਇਹ ਵੀ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜਦੋਂ ਵੀ ਉਸ ਦੇ ਸਮੁੱਚੇ ਨਾਵਲ ਜਗਤ ਦੀ ਪੜਚੋਲ ਹੋਵੇਗੀ ਤਾਂ ਇਹ ਗੱਲ ਪ੍ਰਮੁੱਖ ਤੌਰ 'ਤੇ ਸਾਹਮਣੇ ਆਵੇਗੀ ਕਿ ਉਸ ਨੇ ਬਹੁਤ ਸਾਰੇ ਉਹ ਅਣਗੌਲੇ ਪਾਤਰਾਂ ਨੂੰ ਪਾਠਕਾਂ ਦੇ ਸਨਮੁੱਖ ਕੀਤਾ ਹੈ, ਜਿਨ੍ਹਾਂ ਦੀ ਸਧਾਰਨਤਾ ਵਿਚ ਮਹਾਨ ਗੁਣ ਛੁਪੇ ਹੋਏ ਸਨ।

ਗਾਸੋ ਨੇ ਆਲੋਚਨਾ ਵੀ ਕੀਤੀ ਹੈ। ਸੱਭਿਆਚਾਰ ਅਤੇ ਬੱਚਿਆਂ ਬਾਰੇ ਪੁਸਤਕਾਂ ਵੀ ਲਿਖੀਆਂ ਹਨ। ਕਵਿਤਾਵਾਂ ਦੀਆਂ ਪੁਸਤਕਾਂ ਵੀ ਪਰ ਉਸ ਦੀ ਮੁੱਖ ਪਛਾਣ ਬਤੌਰ ਨਾਵਲਕਾਰ ਬਣੀ ਹੈ। ਲਿਖਦੇ ਰਹਿਣਾ, ਛਪਦੇ ਰਹਿਣਾ, ਉਸ ਦੀ ਜ਼ਿੰਦਗੀ ਦਾ ਮੂਲ ਮਨੋਰਥ ਹੈ। ਉਹ ਕਿਸੇ ਵਾਧੂ ਬਖੇੜੇ 'ਚ ਨਹੀਂ ਪੈਂਦਾ। ਬਖੇੜੇ 'ਚ ਪੈ ਕੇ ਉਹ ਆਪਣੀਆਂ ਲਿਖੀਆਂ ਜਾਣ ਵਾਲੀਆਂ ਰਚਨਾਵਾਂ ਦੇ ਰਾਹ ਦਾ ਖ਼ੁਦ ਰੋੜਾ ਨਹੀਂ ਬਣਦਾ।

ਬਰਨਾਲਾ ਇਲਾਕੇ ਦਾ ਉਹ ਇਕੱਲਾ ਨਾਵਲਕਾਰ ਹੈ, ਜਿਸ ਦੀਆਂ ਗੱਲਾਂ ਵਿਚ ਕਿਸੇ ਪ੍ਰਕਾਸ਼ਕ ਬਾਰੇ ਕੋਈ ਗਿਲਾ ਨਹੀਂ ਹੁੰਦਾ। ਪਾਠਕਾਂ ਦੀ ਕਮੀ ਬਾਰੇ ਕੋਈ ਚਿੰਤਾ ਨਹੀਂ ਹੁੰਦੀ। ਉਸ ਦੀ ਸਿਰਜੀ ਸੰਸਥਾ 'ਮਿੱਤਰ ਮੰਡਲ ਬਰਨਾਲਾ' ਰਾਹੀਂ ਉਸ ਦੀਆਂ ਕਿਤਾਬਾਂ ਛਪਦੀਆਂ ਹਨ। ਛਪਦੇ ਸਾਰ ਹੀ ਕੁਝ ਦਿਨਾਂ 'ਚ ਗਧੇ ਦੇ ਸਿੰਗਾਂ ਵਾਂਗ ਗਾਇਬ ਹੋ ਜਾਂਦੀਆਂ ਹਨ। ਉਸ ਦੇ ਕਈ ਨਾਵਲਾਂ ਦੇ ਕਈ-ਕਈ ਐਡੀਸ਼ਨ ਛਪੇ, ਜਿਸ ਤਰ੍ਹਾਂ ਉਹਦੇ ਨਾਵਲਾਂ ਦੀ ਗਿਣਤੀ ਵਧੀ ਜਾਂਦੀ ਹੈ, ਉਸੇ ਤਰ੍ਹਾਂ ਪਾਠਕਾਂ ਦੀ ਗਿਣਤੀ ਵੀ।

ਗਾਸੋ ਦਾ ਸੰਪਰਕ ਬੜਾ ਪ੍ਰਭਾਵਸ਼ਾਲੀ ਹੈ। ਉਹਦੀ ਜ਼ਿੰਦਗੀ 'ਚੋਂ ਭਾਵੇਂ ਹਰ ਚੜ੍ਹਦਾ ਦਿਨ ਕਿਰ ਜਾਂਦਾ ਹੈ ਪਰ ਇਕ ਵਾਰ ਉਹਦੇ ਸੰਪਰਕ ਵਿਚ ਆਇਆ ਪਾਠਕ ਉਸ ਦਾ ਆਪਣਾ ਹੋ ਕੇ ਰਹਿ ਜਾਂਦਾ ਹੈ। ਉਸ ਦੇ ਮਿੱਤਰ ਮੰਡਲ ਦਾ ਇਕ ਆਪਣਾ ਪਰਿਵਾਰ ਹੈ। ਉਹ ਹਰ ਮੈਂਬਰ ਦੇ ਦੁਖ-ਸੁਖ 'ਚ ਸ਼ਾਮਿਲ ਹੁੰਦਾ ਹੈ।

ਲੇਖਕਾਂ ਦੀ ਢਾਣੀ ਵਿਚ ਉਹ ਖੱਬਲ ਦੀ ਔਗ ਵਾਂਗ ਆਪਣੀ ਗੱਲ ਦਾ ਇਕ ਦਮ ਡੰਬੂਕਾ ਕੱਢ ਦਿੰਦਾ ਹੈ। ਦੋ ਚਾਰ ਮਿੰਟਾਂ ਬਾਅਦ 'ਹੋਰ ਫੇਰ ਖੇਡਦੀ ਐ ਕਾਟੋ ਫੁੱਲਾਂ 'ਤੇ ਕਹਿ ਕੇ ਗੱਲ ਖ਼ਤਮ ਕਰ ਦਿੰਦਾ। ਪਰ ਦੂਜੇ ਪਾਸੇ ਆਪਣੇ ਪਾਠਕਾਂ ਨਾਲ ਉਹ ਲੰਮੀਆਂ ਗੱਲਾਂ ਕਰਦਾ ਹੈ। ਇਹ ਉਸ ਦੇ ਚਹੇਤੇ ਪਾਠਕ ਅਤੇ ਪਾਤਰ ਪੰਜਾਬੀ ਵੀ ਹਨ, ਪਰਵਾਸੀ ਵੀ। ਨਿੱਜੀ ਕਿੱਤੇ ਕਰਨ ਵਾਲੇ ਵੀ ਤੇ ਫੈਕਟਰੀਆਂ 'ਚ ਕੰਮ ਕਰਨ ਵਾਲੇ ਵੀ। ਉਨ੍ਹਾਂ ਨਾਲ ਗੱਲਾਂ ਕਰਦਾ-ਕਰਦਾ ਉਨ੍ਹਾਂ ਦੇ ਮਨਾਂ ਵਿਚ ਉਹ ਇਸ ਤਰ੍ਹਾਂ ਉੱਤਰ ਜਾਂਦਾ ਹੈ, ਜਿਸ ਤਰ੍ਹਾਂ ਉਹ ਸੰਤਾਂ-ਮਹੰਤਾਂ ਦੀ ਸੰਗਤ ਕਰ ਕੇ ਤੀਰਥਾਂ ਦੀ ਯਾਤਰਾ 'ਤੇ ਗਿਆ ਸਰੋਵਰਾਂ 'ਚ ਇਸ਼ਨਾਨ ਕਰਨ ਵੇਲੇ ਪੌੜੀਆਂ ਉੱਤਰ ਜਾਂਦਾ ਹੈ। ਉਸ ਦੀ ਇਹ ਪ੍ਰਵਿਰਤੀ ਉਸ ਦੇ ਸਿਰਜਣਾ ਦੀ ਉਣੇ ਸਰਵਰ ਨੂੰ ਹੌਲੀ-ਹੌਲੀ ਭਰਦੀ ਰਹਿੰਦੀ ਹੈ। ਜਦੋਂ ਉਹ ਨੱਕੋ-ਨੱਕ ਭਰ ਜਾਂਦਾ ਹੈ ਤਾਂ ਉਹ ਵੇਗ 'ਚ ਆ ਕੇ ਨਾਵਲ ਲਿਖਣਾ ਸ਼ੁਰੂ ਕਰ ਦਿੰਦਾ। ਇਹ ਵੇਗ ਇੰਨਾ ਤੇਜ਼ ਹੁੰਦਾ, ਉਸ ਨੂੰ ਆਲਾ-ਦੁਆਲਾ ਭੁੱਲ ਜਾਂਦਾ। ਕਈ-ਕਈ ਦਿਨ ਉਹ ਹੋਰ ਕੁਝ ਨਹੀਂ ਕਰਦਾ ਤੇ ਜਦੋਂ ਸਿਰਜਣਾ ਦੇ ਖੂਹ ਦਾ ਥੱਲਾ ਦਿੱਸਣ ਲੱਗ ਪੈਂਦਾ ਤਾਂ ਉਹਦਾ ਨਾਵਲ ਮੇਘ ਰਾਜ ਮਿੱਤਰ ਦੇ ਹੱਥਾਂ ਵਿਚ ਚਲਿਆ ਜਾਂਦਾ ਹੈ। ਗਾਸੋ ਕਿਸੇ ਨਾਲ ਕਿਸ ਹੱਦ ਤਕ ਨਿਭ ਸਕਦਾ, ਇਸ ਦਾ ਅੰਦਾਜ਼ਾ ਉਸ ਦੇ ਮੇਘ ਰਾਜ ਮਿੱਤਰ ਨਾਲ ਨਿਭਦੇ ਆ ਰਹੇ ਸਬੰਧਾਂ ਤੋਂ ਲਾਇਆ ਜਾ ਸਕਦਾ ਹੈ।

ਉਸ ਦਾ ਨਵਾਂ ਨਾਵਲ ਛਪ ਕੇ ਆਉਂਦਾ ਹੈ ਤਾਂ ਜਿਸ ਤਰ੍ਹਾਂ ਪੰਛੀਆਂ ਦੀ ਡਾਰ ਆਪਣੇ ਇਕੱਲੇ-ਇਕੱਲੇ ਆਲ੍ਹਣੇ ਵਿਚ ਸਮਾ ਜਾਂਦੀ ਹੈ, ਉਸੇ ਤਰ੍ਹਾਂ ਉਹਦੇ ਨਾਵਲਾਂ ਦੀਆਂ ਕਾਪੀਆਂ ਪਾਠਕਾਂ ਦੇ ਸਨਮੁੱਖ ਹੋ ਜਾਂਦੀਆਂ ਹਨ। ਉਸ ਦਾ ਇਹ ਸਿਲਸਿਲਾ ਨਿਰੰਤਰ ਚਲਦਾ ਰਹਿੰਦਾ ਹੈ। ਇਸ ਪਿੱਛੋਂ ਉਹ ਫੇਰ ਸਾਹਿਤਕ ਤੇ ਵਿਦਿਅਕ ਸੰਸਥਾਵਾਂ ਦੇ ਸਮਾਗਮਾਂ 'ਚ ਜਾਣਾ ਸ਼ੁਰੂ ਕਰਦਾ ਹੈ। ਉਸ ਦੀ ਵਿਸ਼ੇਸ਼ਤਾ ਹੈ ਕਿ ਉਹ ਮੰਚ 'ਤੇ ਬੋਲਣ ਤੋਂ ਪਹਿਲਾਂ ਡੈਸਕ ਬੋਰਡ 'ਤੇ ਘੜੀ ਕੱਢ ਕੇ ਰੱਖਦਾ ਹੈ ਤੇ ਨਿਸ਼ਚਿਤ ਸਮੇਂ ਤੇ ਬੋਲ ਕੇ ਆਪਣੀ ਵਿਦਵਤਾ ਦਾ ਜਾਦੂ ਪੰਡਾਲ ਦੇ ਕੋਨੇ-ਕੋਨੇ ਤਕ ਬਿਖੇਰ ਦਿੰਦਾ ਹੈ। ਸੁਣਨ ਵਾਲੇ ਉਸ ਦੇ ਵੇਗ ਵਿਚ ਵਹਿੰਦੇ ਜਾਂਦੇ ਹਨ। ਉਹ ਆਪਣੀ ਆਖੀ ਜਾਣ ਵਾਲੀ ਗੱਲ ਵਿਚ ਬੀਤੇ ਦਿਨੀਂ ਪੜ੍ਹੀਆਂ ਪੁਸਤਕਾਂ ਦਾ ਜ਼ਿਕਰ ਵੀ ਕਰਦਾ ਹੈ ਅਤੇ ਪੁਸਤਕਾਂ ਵਿਚਲੇ ਬੋਧ ਦਾ ਸੰਖੇਪ ਸਾਰ ਰਾਹੀਂ ਪਾਠਕਾਂ ਦੀ ਰੂਹ 'ਚ ਰਚ ਜਾਂਦਾ ਹੈ।

ਜਿਹੜੇ ਪਾਠਕਾਂ ਨੇ ਉਹਦਾ ਕੋਈ ਨਾਵਲ ਜਾਂ ਕੋਈ ਹੋਰ ਪੁਸਤਕ ਨਹੀਂ ਵੀ ਪੜ੍ਹੀ ਹੁੰਦੀ, ਉਨ੍ਹਾਂ ਦੇ ਮਨ 'ਤੇ ਵੀ ਮੰਚ 'ਤੇ ਪੇਸ਼ ਕੀਤੇ ਵਿਚਾਰਾਂ ਰਾਹੀਂ ਉਹ ਬਤੌਰ ਲੇਖਕ ਦੇ ਪ੍ਰਵਾਨ ਚੜ੍ਹ ਜਾਂਦਾ ਹੈ। ਇਹੋ ਕਾਰਨ ਹੈ ਕਿ ਉਸਨੂੰ ਬਤੌਰ ਲੇਖਕ ਦੇ, ਜਿੱਥੇ ਕਿਤੇ ਵੀ ਜਾਣ ਦਾ ਮੌਕਾ ਮਿਲਦਾ ਹੈ, ਗਹਿਰੀ ਪਛਾਣ ਬਣ ਜਾਂਦੀ ਹੈ। ਇਹ ਸੁਭਾਗ ਸਿਰਫ ਗਾਸੋ ਦੇ ਹਿੱਸੇ ਹੀ ਆਇਆ ਹੈ। ਮੰਚ ਦਾ ਸਫ਼ਲ ਬੁਲਾਰਾ ਹੋਣ ਕਾਰਨ ਗਾਸੋ ਦੇ ਪਾਠਕਾਂ ਦਾ ਘੇਰਾ ਵਸੀਹ ਹੋਇਆ ਹੈ ਅਤੇ ਭਵਿੱਖ ਵਿਚ ਹੁੰਦੇ ਰਹਿਣ ਦੀ ਸੰਭਾਵਨਾ ਵੀ ਹੈ।

ਗਾਸੋ ਦੇ ਮੈਂ ਆਉਣ ਜਾਣ ਦੇ ਕਈ ਰੂਪ ਵੇਖੇ। ਮੈਨੂੰ ਉਹ ਬਾਜ਼ਾਰ 'ਚ ਤੇਜ਼ ਸਾਈਕਲ ਚਲਾਉਂਦਾ ਮਿਲਿਆ। ਹੌਲੀ-ਹੌਲੀ ਤੇ ਪੈਦਲ ਆਉਂਦਿਆਂ ਜਾਂਦਿਆਂ ਵੀ। ਬਹੁਤ ਵਾਰ ਢਿੱਲ ਮੱਠ ਹੋਣ ਦੀ ਸੂਰਤ 'ਚ ਆਪਣੇ ਕਿਸੇ ਚੇਲੇ ਦੇ ਸਕੂਟਰ ਜਾਂ ਮੋਟਰ ਸਾਈਕਲ ਦੇ ਪਿੱਛੇ ਬੈਠਿਆਂ ਵੀ। ਗੱਲ ਕੀ ਉਹ ਕਿਸੇ ਸਥਿਤੀ 'ਚ ਹੋਵੇ,



ਕੋਈ ਸੱਟ ਵੱਜੀ ਹੋਵੇ ਜਾਂ ਢਿੱਲਾ ਮੱਠਾ ਹੋਵੇ। ਉਸ ਦਾ ਜੀਵਨ ਸਫ਼ਰ ਚੱਲਦਾ ਰਹਿੰਦਾ ਹੈ। ਉਹ ਭਾਵੇਂ ਸਭ ਨੂੰ ਘਰ ਦਾ ਬੰਦਾ ਲੱਗਦਾ ਹੈ ਪਰ ਇਸ ਗੱਲ ਦੀ ਲੱਜ ਪਾਲਦਾ ਹੋਇਆ ਕਦੇ ਉਹ ਆਪਣੇ ਘਰ ਦਾ ਹੋ ਕੇ ਨਹੀਂ ਰਹਿੰਦਾ। ਘਰੇ ਜਾਵੋ ਤਾਂ ਅਕਸਰ ਹੀ ਪੜ੍ਹਦਾ ਮਿਲੇਗਾ। ਤੜਕੇ ਸੰਦੇਹਾਂ ਫੋਨ ਕਰੋ ਜਾਂ ਦੇਰ ਰਾਤ, ਅੱਗੋਂ ਗੜਕਵੀਂ ਆਵਾਜ਼ ਸੁਣਾਈ ਦੇਵੇਗੀ, ਜਿਸ 'ਚ ਨਹੁੰ ਭਰ ਵੀ ਨੀਂਦ ਦੀ ਰੜਕ ਨਹੀਂ ਹੁੰਦੀ।

ਇਕ ਵਾਰ ਉਹ ਮੈਨੂੰ ਛੱਤੇ ਖੂਹ ਕੋਲੇ ਮਿਲ ਗਿਆ। ਗੋਕਲ ਮਾਰਕੀਟ 'ਚ ਸਾਹਮਣੇ ਉਹ ਮੋਚੀ ਤੋਂ ਜੁੱਤੀ ਦੇ ਤਲੇ ਲਵਾ ਰਿਹਾ ਸੀ। ਝੋਲਾ ਉਸ ਦੇ ਮੋਢੇ 'ਚ ਪਾਇਆ ਹੋਇਆ ਸੀ। ਮੈਂ ਉਹਦਾ ਹਾਲ-ਚਾਲ ਪੁੱਛਿਆ ਤਾਂ ਕਹਿੰਦਾ, 'ਹਾਲ-ਚਾਲ ਨੂੰ ਮੇਰੇ ਕਿਹੜਾ ਗੋਲੀ ਵੱਜੀ ਐ। ਆਹ ਵੇਖ ਲਾ ਘੋੜੇ ਵਰਗਾ ਹੋ ਗਿਆਂ, ਜੇ ਨਹੀ ਹੋਇਆ ਤਾਂ ਦੱਸ'।

ਉਹਦੀਆਂ ਬਾਹਾਂ ਚੌੜੀਆਂ ਕੀਤੀਆਂ ਹੋਈਆਂ ਸਨ ਤੇ ਉਹ ਹਿੱਕ ਕੱਢੀ ਖੜ੍ਹਾ ਸੀ ਤੇ ਜਦੋਂ ਉਸ ਨੂੰ ਅਹਿਸਾਸ ਹੋਇਆ ਕਿ ਲੰਘਣ ਵਾਲੇ ਸਾਰੇ ਲੋਕ ਉਸ ਨੂੰ ਵੇਖਕੇ ਲੰਘ ਰਹੇ ਸਨ ਤਾਂ ਉਸ ਨੇ ਬਾਹਾਂ ਸਿੱਧੀਆਂ ਕਰਕੇ ਕਿਹਾ, 'ਚੱਲ ਛੱਡ ਪਰੇ। ਬਾਕੀ ਗੱਲਾਂ ਫੇਰ ਕਰਾਂਗੇ, ਪਹਿਲਾਂ ਆਹ ਤਿਲਾਂ ਦੀ ਰੇਂਵੜੀ ਖਾ! ਕਮਾਲ ਦੀ ਐ। ਚੱਬਣ ਵੇਲੇ ਕੜਾਕਾ ਨਾ ਪਿਆ ਮੈਨੂੰ ਕਹਿ ਦਈਂ'।

ਮੈਂ ਉਹਦੇ ਵੱਲ ਵੇਖਿਆ। ਉਹਦੀ ਹਿੰਮਤ ਵੇਖਕੇ ਹੈਰਾਨ ਰਹਿ ਗਿਆ। ਉਹ ਸੱਚੀ ਘੋੜੇ ਵਰਗਾ ਹੋ ਗਿਆ ਸੀ। ਅਜੇ ਢਾਈ ਕੁ ਮਹੀਨੇ ਪਹਿਲਾਂ ਮੈਂ ਡਾ. ਪ੍ਰਦੀਪ ਦੇ ਉਹਦੇ ਟੁੱਟੇ ਚੂਲੇ ਦਾ ਪਤਾ ਲੈਣ ਗਿਆ ਸੀ। ਮੇਰੇ ਜਾਂਦੇ ਨੂੰ ਉਹਦੇ ਕੋਲ ਰਵੀ ਗਾਸੋ ਬੈਠਾ ਸੀ, ਜਿਹੜਾ ਕੁਰੂਕਸ਼ੇਤਰ ਪ੍ਰੋਫੈਸਰ ਲੱਗਿਆ ਹੋਇਆ ਹੈ। ਕੁਝ ਦਿਨ ਪਹਿਲਾਂ ਗਾਸੋ ਉੱਥੇ ਗਿਆ ਸੀ ਤੇ ਅੱਖਾਂ ਅੱਗੇ ਅਚਾਨਕ ਹਨੇਰਾ ਆ ਜਾਣ ਕਾਰਨ ਉਹ ਡਿੱਗ ਪਿਆ ਤੇ ਰਵੀ ਉਸ ਨੂੰ ਇਲਾਜ ਲਈ ਬਰਨਾਲੇ ਲੈ ਆਇਆ ਸੀ। ਮੈਂ ਸੱਟ ਬਾਰੇ ਪੁੱਛਿਆ ਤਾਂ ਗਾਸੋ ਜਿਵੇਂ ਫੋੜੇ ਵਾਂਗ ਅੰਬਿਆ ਪਿਆ ਸੀ, 'ਕੁਰੂਕਸ਼ੇਤਰ ਦੁਰਯੋਧਨ ਨੇ ਮੇਰਾ ਚੂਲਾ ਤੋੜ ਤਾ। ਪੁੱਛਣ ਵਾਲਾ ਹੋਵੇ, ਧਗੜਿਆ, ਮੈਂ ਕਿਹੜਾ ਤੇਰਾ ਰਾਜ ਖੋਹਿਆ ਸੀ। ਕਰਤੂਤੀ ਖੁਹਾਇਆ ਸੀ ਤੈਂ। ਤੋੜਤਾ ਮੇਰਾ ਚੂਲਾ। ਜੇ ਤੋੜਨਾ ਸੀ ਕਿਸੇ ਢਿੱਡਲ ਦਾ ਤੋੜਦਾ ਜਾਂ ਕਿਸੇ ਲੋਕਾਂ ਦੇ ਲਹੂ ਪੀਣੇ ਦਾ। ਮੇਰਾ ਕਿਉਂ ਤੋੜਿਆ? ਮੈਂ ਕਿਹੜਾ ਕਿਸੇ ਦੀ ਮਹਿੰ ਨੂੰ ਟਾਕੂ ਕਰਦਾ ਫਿਰਦਾ ਸੀ ਜਾਂ ਰਿਆ ਢਾਡੀ ਵਾਂਗ ਲੋਕਾਂ ਦੀਆਂ ਖੁਰਲੀਆਂ 'ਚ ਮੂੰਹ ਮਾਰਦਾ ਫਿਰਦਾ ਸੀ ਜਾਂ ਗੋਪੀ ਚੰਦ ਦੀ ਜੇਬ ਕੱਟੀ ਸੀ। ਦੁਰਯੋਧਨ ਮੇਰਿਆ ਧਗੜਿਆ! ਮੇਰੇ ਕੁਸ਼ ਲੱਗਦਿਆ ਹੋ ਲੈਣ ਦੇ ਮੈਨੂੰ ਠੀਕ, ਫੇਰ ਪੁੱਛੂੰ ਤੈਨੂੰ ਛੋਕਰਾਂ ਦੇ ਚੂਲੇ ਕਿਵੇਂ ਤੋੜੀਦੇ ਐਂ'।

ਮੈਂ ਤੇ ਰਵੀ ਉਹਦੀ ਗੱਲ ਸੁਣੀ ਜਾ ਰਹੇ ਸੀ। ਦੁਰਯੋਧਨ ਉਹਨੇ ਸਾਰਾ ਪੁਣ ਦਿੱਤਾ ਸੀ ਤੇ ਫੇਰ ਜਦੋਂ ਮੇਰੀ ਤੇ ਰਵੀ ਦੀ ਅੱਖ ਮਿਲੀ ਤਾਂ ਗਾਸੋ ਕੱਝ ਢੈਲਾ ਹੋਇਆ, 'ਚੱਲ ਮਾਰ ਗੋਲੀ। ਦੁਰਯੋਧਨ ਨੇ ਮੇਰਾ ਜਿਹੜਾ ਕੁਸ਼ ਕਰਨੈਂ ਕਰ ਲੇ। ਮੈਂ ਨੀ ਕਰਦਾ ਪਰਵਾਹ, ਜਮਾਂ ਨੀ ਕਰਦਾ। ਹਿੱਕ ਕੱਢ ਕੇ ਜਿਊਂਗਾ, ਜਦੋਂ ਤਕ ਰਹੂੰ, ਦੁਰਯੋਧਨ ਦੀ ਹਿੱਕ 'ਚ ਗੋਡਾ ਦੇ ਕੇ ਰਹੂੰ, ਪਾਂਡਵ ਈ ਨਿਭਾਰੇ ਸੀ, ਜਿਨ੍ਹਾਂ ਨੂੰ ਵਾਹਣੀ ਪਾਈ ਰੱਖਿਆ ਸਾਰੀ ਉਮਰ। ਮੈਂ ਡਰਦਾ ਨੀ। ਹੋ ਲੈਣ ਦੇ ਠੀਕ। ਕੁਰੂਕਸ਼ੇਤਰ ਫੇਰ ਆਉਂ, ਪਰ ਤੂੰ ਰਾਤ ਨੂੰ ਨਾ ਟੱਕਰੀ ਦੁਰਯੋਧਨਾ! ਯੁੱਧ ਦਿਨੇ ਹੁੰਦੇ ਐ! ਹੋ ਲੈਣ ਦੇ ਮੈਨੂੰ ਠੀਕ, ਹਾਂ ਤੈਨੂੰ ਕਹਿ ਤਾ...।

ਗਾਸੋ ਬੋਲੀ ਜਾ ਰਿਹਾ ਸੀ। ਮੈਨੂੰ ਉਹ ਪਾਂਡਵਾਂ ਨਾਲ ਖੜ੍ਹਾ ਵਿਖਾਈ ਦੇ ਰਿਹਾ ਸੀ। ਮੇਰੇ ਜ਼ਿਹਨ 'ਚ ਉਸ ਦੇ ਕਈ ਨਾਵਲ ਅੱਗੜ-ਪਿੱਛੜ ਗੁਜ਼ਰੇ, ਜਿਨ੍ਹਾਂ ਵਿਚਲੇ ਦੁਰਯੋਧਨ ਮੇਰੀਆਂ ਅੱਖਾਂ ਅੱਗੇ ਵਾਰੀ-ਵਾਰੀ ਬਦਲਵੇਂ ਰੂਪ 'ਚ ਆਉਣ ਲੱਗੇ ਤੇ ਗਾਸੋ ਜਿਨ੍ਹਾਂ ਨੂੰ ਅਜੇ ਵੀ ਲਲਕਾਰੀ ਜਾ ਰਿਹਾ ਸੀ। •

## ਸੰਪਾਦਕੀ

### ਮੋਹਾਲੀ 'ਚ ਬੈਠੇ ਸਿੱਖ ਬੰਦੀਆਂ ਦੀ ਰਿਹਾਈ ਕੌਮੀ ਮੋਰਚੇ ਦੇ ਕਾਰਕੁੰਨ

ਕੌਮੀ ਇਨਸਾਫ਼ ਮੋਰਚੇ ਦੇ ਕਾਰਕੁਨਾਂ ਵੱਲੋਂ ਸਿੱਖ ਬੰਦੀਆਂ ਦੀ ਰਿਹਾਈ ਦੇ ਮੁੱਦੇ 'ਤੇ ਕੀਤਾ ਗਿਆ ਪ੍ਰਦਰਸ਼ਨ ਕਈ ਅਹਿਮ ਸਵਾਲ ਛੱਡ ਗਿਆ ਹੈ। ਮੋਰਚੇ ਦੇ ਪ੍ਰਬੰਧਕਾਂ ਵੱਲੋਂ ਚੰਡੀਗੜ੍ਹ ਵਿੱਚ ਪੰਜਾਬ ਦੇ ਮੁੱਖ ਮੰਤਰੀ ਨਿਵਾਸ ਤੱਕ ਮਾਰਚ ਕਰਨ ਦਾ ਐਲਾਨ ਕੀਤਾ ਗਿਆ ਸੀ ਜਿਨ੍ਹਾਂ ਨੂੰ ਰੋਕਣ ਲਈ ਚੰਡੀਗੜ੍ਹ ਅਤੇ ਮੁਹਾਲੀ ਪੁਲੀਸ ਨੇ ਵਿਆਪਕ ਬੰਦੋਬਸਤ ਕੀਤਾ ਸੀ। ਚੰਡੀਗੜ੍ਹ ਵਾਲੇ ਲਗਭਗ ਸਾਰੇ ਰਾਹਾਂ ਉੱਪਰ ਪੁਲੀਸ ਦਸਤੇ ਤਾਇਨਾਤ ਕੀਤੇ ਗਏ ਸਨ ਹਾਲਾਂਕਿ ਪ੍ਰਸਤਾਵਿਤ ਮਾਰਚ ਤੋਂ ਇੱਕ ਦਿਨ ਪਹਿਲਾਂ ਪੁਲੀਸ ਦੇ ਕੁਝ ਅਫਸਰਾਂ ਨੇ ਮੋਰਚੇ ਦੇ ਆਗੂਆਂ ਨੂੰ ਮਾਰਚ ਦਾ ਪ੍ਰੋਗਰਾਮ ਰੱਦ ਕਰਨ ਲਈ ਮਨਾਉਣ ਦੀ ਕੋਸ਼ਿਸ਼ ਵੀ ਕੀਤੀ ਸੀ। ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਜਿੱਥੇ ਮੁਹਾਲੀ ਬਾਰਡਰ 'ਤੇ ਪੁਲੀਸ ਨੂੰ ਹੰਝੂ ਗੈਸ ਅਤੇ ਜਲ ਤੋਪਾਂ ਦਾ ਇਸਤੇਮਾਲ ਕਰਨਾ ਪਿਆ ਉੱਥੇ ਸੈਕਟਰ 43 ਦੇ ਬੱਸ ਸਟੈਂਡ ਤੱਕ ਪਹੁੰਚਣ ਵਿੱਚ ਕਾਮਯਾਬ ਹੋਣ ਵਾਲੇ ਕੁਝ ਪ੍ਰਦਰਸ਼ਨਕਾਰੀਆਂ ਨੇ ਆਵਾਜਾਈ ਰੋਕਣ ਦਾ ਯਤਨ ਕੀਤਾ ਤਾਂ ਉਨ੍ਹਾਂ ਦੀ ਪੁਲੀਸ ਨਾਲ ਝੜਪ ਹੋ ਗਈ। ਪੁਲੀਸ ਦੇ ਦੱਸਣ ਮੁਤਾਬਿਕ, ਕੁਝ ਪ੍ਰਦਰਸ਼ਨਕਾਰੀਆਂ ਕੋਲ ਤਲਵਾਰਾਂ ਵੀ ਸਨ ਤੇ ਇਸ ਦੌਰਾਨ ਚਾਰ ਪੁਲੀਸ ਕਰਮੀ ਜ਼ਖ਼ਮੀ ਹੋ ਗਏ। ਕੁਝ ਸਮਾਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਬੰਦੀਆਂ ਦੀ ਰਿਹਾਈ ਦੀ ਮੁੱਦਾ ਚੁੱਕਿਆ ਸੀ ਅਤੇ ਇਨ੍ਹਾਂ ਦੀ ਗਿਣਤੀ 22 ਦੱਸੀ ਸੀ ਪਰ ਦਸ ਦੇ ਕਰੀਬ ਸਿੱਖ ਬੰਦੀ ਜ਼ਿਆਦਾ ਜਾਣੇ ਜਾਂਦੇ ਹਨ। ਸਿੱਖ ਬੰਦੀਆਂ ਦੀ ਰਿਹਾਈ ਲਈ ਮੋਰਚਾ ਦੋ ਸਾਲ ਪਹਿਲਾਂ ਚੰਡੀਗੜ੍ਹ ਅਤੇ ਮੁਹਾਲੀ ਦੀ ਹੱਦ ਉੱਪਰ ਸੈਕਟਰ 52-53 ਨੂੰ ਵੰਡਦੀ ਸੜਕ ਉੱਪਰ ਸ਼ੁਰੂ ਹੋਇਆ ਸੀ। ਸ਼ੁਰੂਆਤੀ ਦਿਨਾਂ ਵਿੱਚ ਮੋਰਚੇ ਵਿੱਚ ਕਾਫ਼ੀ ਭੀੜ ਜੁੜਦੀ ਰਹੀ ਸੀ ਪਰ ਹੌਲੀ-ਹੌਲੀ ਉਤਸ਼ਾਹ ਮੱਠਾ ਪੈਂਦਾ ਗਿਆ ਅਤੇ ਹੁਣ ਭਾਵੇਂ ਉਸ ਜਗ੍ਹਾ ਕਾਫ਼ੀ ਤੰਬੂ ਮੌਜੂਦ ਹਨ ਪਰ ਲੋਕਾਂ ਦੀ ਹਾਜ਼ਰੀ ਨਾਮਾਤਰ ਹੁੰਦੀ ਹੈ। ਮੋਰਚੇ ਦੇ ਹਮਾਇਤੀਆਂ ਵੱਲੋਂ ਰਵਾਇਤ ਦੇ ਤੌਰ 'ਤੇ ਮੁਹਾਲੀ ਸ਼ਹਿਰ ਦੇ ਕੁਝ ਖੇਤਰਾਂ ਵਿੱਚ ਅਕਸਰ ਮਾਰਚ ਵੀ ਕੀਤਾ ਜਾਂਦਾ ਰਿਹਾ ਹੈ ਪਰ ਇਸ ਦਾ ਅਸਰ ਬਹੁਤ ਸੀਮਤ ਹੁੰਦਾ ਹੈ। ਸਿੱਖ ਬੰਦੀਆਂ ਦੀ ਰਿਹਾਈ ਪੰਜਾਬ ਵਿੱਚ ਹਮੇਸ਼ਾ ਭਾਵੁਕ ਮੁੱਦਾ ਬਣਿਆ ਰਿਹਾ ਹੈ ਅਤੇ ਰਹੇਗਾ।

ਇਹ ਸਿੱਖ ਬੰਦੀ ਪਿਛਲੀ ਸਦੀ ਦੇ ਅੱਸੀਵਿਆਂ ਅਤੇ ਨੱਬੇਵਿਆਂ ਵਿੱਚ ਉੱਠੀ ਖਾਲਿਸਤਾਨੀ ਲਹਿਰ ਦੀ ਉਪਜ ਸਨ। ਪਿਛਲੇ ਕਈ ਸਾਲਾਂ ਦੌਰਾਨ ਕਈ ਸਿੱਖ ਕੈਦੀਆਂ ਨੂੰ ਰਿਹਾਅ ਵੀ ਕੀਤਾ ਗਿਆ ਹੈ। ਸਿੱਖ ਹਲਕਿਆਂ ਵਿੱਚ ਇਹ ਆਵਾਜ਼ ਉੱਠਦੀ ਰਹੀ ਹੈ ਕਿ ਪਿਛਲੇ ਕਰੀਬ 28-30 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਇਨ੍ਹਾਂ ਕੈਦੀਆਂ ਨੂੰ ਉਵੇਂ ਹੀ ਰਿਹਾਅ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਤਾਮਿਲ ਨਾਡੂ ਵਿੱਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਕੇਸ ਦੇ ਦੋਸ਼ੀਆਂ ਨੂੰ ਰਿਹਾਅ ਕੀਤਾ ਗਿਆ ਸੀ। ਪੰਜਾਬ ਦੀਆਂ ਜ਼ਿਆਦਾਤਰ ਸਿਆਸੀ ਪਾਰਟੀਆਂ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕਰ ਚੁੱਕੀਆਂ ਹਨ ਪਰ ਕੇਂਦਰ ਸਰਕਾਰ ਇਸ ਬਾਰੇ ਦੋ ਟੁੱਕ ਫ਼ੈਸਲਾ ਨਹੀਂ ਕਰ ਰਹੀ। ਸ਼ਾਇਦ ਉਸ ਨੂੰ ਅਜਿਹਾ ਕਦਮ ਸਿਆਸੀ ਤੌਰ 'ਤੇ ਵਾਰਾ ਨਹੀਂ ਖਾਂਦਾ ਪਰ ਜਦੋਂ ਕੌਮੀ ਸੁਰੱਖਿਆ ਅਤੇ ਸੂਬੇ ਦੇ ਸਿਆਸੀ ਤੇ ਸਮਾਜਿਕ ਸਥਿਰਤਾ ਦਾ ਸਵਾਲ ਹੋਵੇ ਤਾਂ ਅਜਿਹੀ ਸਿਆਸੀ ਗਿਣਤੀ ਮਿਣਤੀ ਬੇਮਾਇਨਾ ਹੋ ਜਾਂਦੀ ਹੈ। ਇਸ ਦੇ ਨਾਲ ਹੀ ਸਿੱਖ ਬੰਦੀਆਂ ਦੀ ਰਿਹਾਈ ਲਈ ਸਰਗਰਮ ਧਿਰਾਂ ਨੂੰ ਇਸ ਮੁੱਦੇ ਨੂੰ ਧੀਰਜ ਅਤੇ ਸੂਝ-ਬੂਝ ਨਾਲ ਅੱਗੇ ਵਧਾਉਣਾ ਚਾਹੀਦਾ ਹੈ ਅਤੇ ਮਾਅਰਕੇਬਾਜ਼ੀ ਤੋਂ ਗੁਰੇਜ਼ ਕਰਦੇ ਹੋਏ ਵਡੇਰੀ ਲਾਮਬੰਦੀ ਲਈ ਸ਼ਾਂਤਮਈ ਤੇ ਜਮਹੂਰੀ ਤਰਜ਼ੇ-ਅਮਲ ਨੂੰ ਤਰਜੀਹ ਦੇਣ ਦੀ ਲੋੜ ਹੈ।

### ਉੱਚ ਸਿੱਖਿਆ ਖੇਤਰ ਵਿੱਚ ਮਹੱਤਵਪੂਰਨ ਤਬਦੀਲੀਆਂ ਦਾ ਆਗਾਜ਼

ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂਜੀਸੀ) ਦੇ ਖਰੜਾ ਨਿਯਮ-2025 ਜੋ ਲੋਕ ਰਾਇ ਲੈਣ ਲਈ ਜਨਤਕ ਕੀਤੇ ਗਏ ਹਨ, ਉੱਚ ਸਿੱਖਿਆ ਖੇਤਰ ਵਿੱਚ ਮਹੱਤਵਪੂਰਨ ਤਬਦੀਲੀਆਂ ਦਾ ਆਗਾਜ਼ ਹਨ। ਇਨ੍ਹਾਂ ਨੂੰ ਭਾਵੇਂ ਕੌਮੀ ਸਿੱਖਿਆ ਨੀਤੀ (ਐਨਈਪੀ)-2020 ਅਨੁਸਾਰ ਕੀਤੇ ਗਏ ਸੁਧਾਰ ਦੱਸ ਕੇ ਪ੍ਰਚਾਰਿਆ ਜਾ ਰਿਹਾ ਹੈ ਪਰ ਕਈ ਤਜਵੀਜ਼ਾਂ ਅਕਾਦਮਿਕ ਮਿਆਰਾਂ ਨੂੰ ਕਮਜ਼ੋਰ ਕਰਦੀਆਂ ਜਾਪਦੀਆਂ ਹਨ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਦੇ ਬੇਲੋੜੇ ਸਿਆਸੀਕਰਨ ਨੂੰ ਸੱਦਾ ਦਿੰਦੀਆਂ ਹਨ। ਸਭ ਤੋਂ ਜ਼ਿਆਦਾ ਮਾੜਾ ਹੈ ਅਧਿਆਪਕਾਂ ਦੀਆਂ ਕੰਟਰੈਕਟ ਆਧਾਰਿਤ ਨਿਯੁਕਤੀਆਂ ਤੋਂ ਰੋਕਾਂ ਖ਼ਤਮ ਕਰਨਾ। ਪੁਰਾਣੀਆਂ ਹਦਾਇਤਾਂ ਸਨ ਕਿ ਸੰਸਥਾ ਆਪਣੀ ਕੁੱਲ ਫੈਕਲਟੀ ਦਾ 10 ਪ੍ਰਤੀਸ਼ਤ ਹਿੱਸਾ ਹੀ ਇਸ ਤਰ੍ਹਾਂ ਦੀਆਂ ਨਿਯੁਕਤੀਆਂ ਨਾਲ ਭਰ ਸਕਦੀ ਸੀ। ਇਹ ਸੀਮਾ ਖ਼ਤਮ ਹੋਣ ਨਾਲ ਅਹਿਮ ਅਕਾਦਮਿਕ ਅਹੁਦਿਆਂ ਦੇ ਆਰਜ਼ੀ ਨਿਯੁਕਤੀਆਂ ਵਿੱਚ ਤਬਦੀਲ ਹੋਣ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ। ਖ਼ਰਚਾ ਬਚਾਉਣ ਦੇ ਕਦਮ ਗੁਣਵੱਤਾ ਨਾਲੋਂ ਸੌਖ ਨੂੰ ਤਰਜੀਹ ਦੇ ਰਹੇ ਹਨ। ਠੇਕਾ ਆਧਾਰਿਤ ਨਿਯੁਕਤੀਆਂ ਹਾਲਾਂਕਿ ਤਿਕੜਮ ਹਨ ਜਿਹੜਾ ਸੰਸਥਾ ਦੀ ਲੰਮੇਰੀ ਸਥਿਰਤਾ ਤੇ ਅਧਿਆਪਨ ਅਮਲੇ ਦੀਆਂ ਪੇਸ਼ੇਵਰ ਸੰਭਾਵਨਾਵਾਂ ਨੂੰ ਕਮਜ਼ੋਰ ਕਰਦਾ ਹੈ। ਉਪ ਕੁਲਪਤੀ (ਵੀਸੀ) ਦੀਆਂ ਨਿਯੁਕਤੀਆਂ ਦਾ ਪੁਨਰਗਠਨ ਵੀ ਓਨਾ ਹੀ ਵਿਵਾਦਤ ਹੈ। ਚਾਂਸਲਰ ਜੋ ਅਕਸਰ ਰਾਜ ਦੇ ਰਾਜਪਾਲ ਹੁੰਦੇ ਹਨ, ਨੂੰ ਖੋਜ ਕਮੇਟੀ ਬਣਾਉਣ ਦੀ ਤਾਕਤ ਦੇ ਕੇ ਖਰੜੇ ਨੇ ਇੱਕ ਤਰ੍ਹਾਂ ਨਾਲ ਸ਼ਕਤੀਆਂ ਦਾ ਕੇਂਦਰੀਕਰਨ ਕਰ ਦਿੱਤਾ ਹੈ ਜਿਹੜਾ ਯੂਨੀਵਰਸਿਟੀ ਦੀ ਖ਼ੁਦਮੁਖ਼ਤਾਰੀ ਨਾਲ ਸਮਝੌਤੇ ਦੇ ਬਰਾਬਰ ਹੈ। ਇਸ ਤੋਂ ਇਲਾਵਾ ਉਪ ਕੁਲਪਤੀਆਂ ਦਾ ਅਹੁਦਾ ਉਦਯੋਗ ਖੇਤਰ ਦੇ ਮਾਹਿਰਾਂ ਤੇ ਸਰਕਾਰੀ ਦਾਇਰੇ ਦੇ ਪੇਸ਼ੇਵਰਾਂ ਲਈ ਖੋਲ੍ਹ ਕੇ ਭਾਵੇਂ ਸੰਭਾਵੀ ਤੌਰ 'ਤੇ ਨਵਾਂ ਦ੍ਰਿਸ਼ਟੀਕੋਣ ਰੱਖਿਆ ਗਿਆ ਹੈ ਪਰ ਇਸ ਨਾਲ ਉਨ੍ਹਾਂ ਅਕਾਦਮਿਕ ਮਾਹਿਰਾਂ ਦੀ ਅਣਦੇਖੀ ਹੋਣ ਦਾ ਖ਼ਤਰਾ ਪੈਦਾ ਹੋਇਆ ਹੈ ਜੋ ਉੱਚ ਸਿੱਖਿਆ ਦੀਆਂ ਬਾਰੀਕੀਆਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਯੋਗਤਾ ਦੀ ਇਹ ਮੁੜ ਵਿਆਖਿਆ ਯੂਨੀਵਰਸਿਟੀ ਲੀਡਰਸ਼ਿਪ ਦੀ ਅਕਾਦਮਿਕ ਅਖੰਡਤਾ ਨੂੰ ਠੇਸ ਪਹੁੰਚਾਉਂਦੀ ਹੈ। ਹਾਲਾਂਕਿ ਖਰੜੇ ਨੇ ਮਿਆਦ ਪੁਗਾ ਚੁੱਕੇ ਗਿਣਾਤਮਕ ਅਕਾਦਮਿਕ ਕਾਰਗੁਜ਼ਾਰੀ ਪੈਮਾਨੇ (ਏਪੀਆਈ) ਨੂੰ ਖ਼ਤਮ ਕਰ ਦਿੱਤਾ ਹੈ ਤੇ ਇਸ ਦੀ ਥਾਂ ਗੁਣਾਤਮਕ ਮੁਲਾਂਕਣ ਲਿਆਂਦਾ ਹੈ, ਫਿਰ ਵੀ ਇਹ ਢਾਂਚਾ ਧੁੰਦਲਾ ਹੀ ਹੈ। ਕਾਢ, ਸਮਾਜਿਕ ਯੋਗਦਾਨ ਤੇ ਡਿਜੀਟਲ ਕੰਟੈਂਟ ਕ੍ਰੀਏਸ਼ਨ ਜਿਹੇ ਮਾਪਦੰਡ ਸ਼ਲਾਘਾਯੋਗ ਹਨ ਪਰ ਇਨ੍ਹਾਂ 'ਚ ਸਪੱਸ਼ਟ ਮੁਲਾਂਕਣ ਪ੍ਰਕਿਰਿਆਵਾਂ ਦੀ ਘਾਟ ਰੜਕਦੀ ਹੈ ਜਿੱਥੋਂ ਪੱਖਪਾਤ ਦਾ ਰਾਹ ਖੁੱਲ੍ਹਦਾ ਹੈ। ਦਲੀਲ ਦਿੱਤੀ ਜਾ ਰਹੀ ਹੈ ਕਿ ਇਹ ਤਬਦੀਲੀ ਲਚਕ ਅਤੇ ਸ਼ਮੂਲੀਅਤ ਨੂੰ ਹੁਲਾਰਾ ਦੇਣਗੇ, ਫਿਰ ਵੀ ਖਰੜੇ 'ਤੇ ਸੁਝਾਅ ਲੈਣ ਲਈ ਦਿੱਤਾ ਗਿਆ 30 ਦਿਨਾਂ ਦਾ ਸਮਾਂ ਨਾਕਾਫ਼ੀ ਹੈ ਜਿਸ ਕਾਰਨ ਅਸਲ ਹਿੱਤ ਧਾਰਕਾਂ ਤੋਂ ਰਾਇ ਪਹੁੰਚਣ ਸਬੰਧੀ ਖ਼ਦਸ਼ੇ ਖੜ੍ਹੇ ਹੁੰਦੇ ਹਨ। ਇਸ ਤਰ੍ਹਾਂ ਦੇ ਵਿਆਪਕ ਸੁਧਾਰ ਗਹਿਰੀ ਚਰਚਾ ਮੰਗਦੇ ਹਨ ਤਾਂ ਕਿ ਅਕਾਦਮਿਕ ਸੰਸਥਾਵਾਂ ਨੂੰ ਸਿਆਸੀ ਅਖਾੜੇ ਜਾਂ ਜੁਜ਼ਵਕਤੀ ਠੇਕਿਆਂ ਦੀ ਮੰਡੀ ਬਣਨ ਤੋਂ ਬਚਾਇਆ ਜਾ ਸਕੇ। ਭਾਰਤ ਦੀਆਂ ਉੱਚ ਸਿੱਖਿਆ ਸੰਸਥਾਵਾਂ ਬੌਧਿਕ ਤੇ ਸੱਭਿਆਚਾਰਕ ਪ੍ਰਗਤੀ ਦੀਆਂ ਥੰਮ੍ਹ ਹਨ। ਯੂਜੀਸੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੁਧਾਰ ਇਨ੍ਹਾਂ ਦੀਆਂ ਅਕਾਦਮਿਕ ਜੜ੍ਹਾਂ ਨੂੰ ਖੋਖ਼ਲੀਆਂ ਕਰਨ ਦੀ ਬਜਾਇ ਮਜ਼ਬੂਤੀ ਦੇਣ। ਇਸ ਤੋਂ ਘੱਟ ਕੁਝ ਵੀ ਸਿੱਖਿਆ ਦੇ ਅਸਲ ਉਦੇਸ਼ ਦਾ ਨਿਰਾਦਰ ਸਿੱਧ ਹੋਵੇਗਾ।

## ਡਿਪਟੀ ਕਮਿਸ਼ਨਰ ਅਤੇ ਐਸਐਸਪੀ ਨੇ ਕੀਤਾ ਕੇਂਦਰੀ ਜੇਲ੍ਹ ਬਠਿੰਡਾ ਦਾ ਦੌਰਾ



**ਬਠਿੰਡਾ,12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਅਤੇ ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਅੱਜ ਇੱਥੇ ਕੇਂਦਰੀ ਜੇਲ੍ਹ ਗੋਬਿੰਦਪੁਰਾ (ਬਠਿੰਡਾ) ਦਾ ਦੌਰਾ ਕਰਕੇ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਵੱਲੋਂ ਜਿੱਥੇ ਜੇਲ੍ਹ ਸਟਾਫ਼ ਤੇ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਗਿਆ, ਉਥੇ ਹੀ ਹੋਰ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਵੀ ਵਿਚਾਰ ਵਿਟਾਂਦਰਾ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ ਗਏ।

ਇਸ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਅਤੇ ਐਸਐਸਪੀ ਮੈਡਮ ਅਮਨੀਤ ਕੌਂਡਲ ਵੱਲੋਂ ਜੇਲ੍ਹ ਦੇ ਵੱਖ-ਵੱਖ ਬੈਰਕਾਂ ਦਾ ਦੌਰਾ ਕਰਕੇ ਕੈਦੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਕੈਦੀਆਂ ਦੀਆਂ ਜ਼ਿਆਦਾਤਰ ਸਮੱਸਿਆਵਾਂ ਸਿਹਤ ਨਾਲ ਸਬੰਧਤ ਹੋਣ ਕਰਕੇ ਉਨ੍ਹਾਂ ਮੌਕੇ ਤੇ ਹੀ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕੈਦੀਆਂ ਦੇ ਸਮੇਂ-ਸਿਰ ਚੈਕਅਪ ਕਰਨ ਅਤੇ ਜੇਲ੍ਹ ਵਿਖੇ ਹੀ ਲੈਬ ਅਤੇ ਡੈਂਟਲ ਮੋਬਾਇਲ ਵੈਨਾਂ ਦਾ ਢੁਕਵਾਂ ਪ੍ਰਬੰਧ ਕਰਨ ਲਈ ਆਦੇਸ਼ ਦਿੱਤੇ। ਉਨ੍ਹਾਂ ਇਹ ਵੀ ਕਿਹਾ ਕਿ ਕੈਦੀਆਂ ਦੇ ਇਲਾਜ ਲਈ ਕਿਸੇ ਤਰ੍ਹਾਂ ਦੀ ਦੇਰੀ ਜਾਂ ਢਿੱਲ ਮੱਠ ਨਾ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਮੇਂ-ਸਿਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ।

ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਜੇਲ੍ਹ ਅੰਦਰ ਸਟਾਫ ਤੇ ਕੈਦੀਆਂ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਚਰਚਾ ਕਰਦਿਆਂ ਉਨ੍ਹਾਂ ਦੇ ਯੋਗ ਹੱਲ ਕਰਨ ਦਾ ਭਰੋਸਾ ਦਵਾਇਆ। ਇਸ ਮੌਕੇ ਉਨ੍ਹਾਂ ਜੇਲ ਵਿੱਚ ਬੰਦ ਕੈਦੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਬਾਰੇ ਵੀ ਜਾਣਿਆ।

ਇਸ ਦੌਰਾਨ ਜੇਲ੍ਹ ਸੁਪਰਡੈਂਟ ਵੱਲੋਂ ਜੋਗਾਨੰਦ ਤੋਂ ਜੇਲ੍ਹ ਨੂੰ ਆਉਣ ਵਾਲੀ ਸੜ੍ਹਕ ਦੀ ਰਿਪੇਅਰ ਅਤੇ ਅਤੇ ਗਿੱਲਪੱਤੀ ਤੋਂ ਜੇਲ੍ਹ ਨੂੰ ਜਾਣ ਵਾਲੀ ਸੜ੍ਹਕ ਤੇ ਧੁੰਦ ਨੂੰ ਮੁੱਖ ਰਖਦਿਆਂ ਚਿੱਟੀ ਪੱਟੀ ਅਤੇ ਰਿਫਲੈਕਟਰ ਲਗਾਉਣ ਦੀ ਮੰਗ ਕੀਤੀ ਗਈ। ਇਸ ਸਬੰਧੀ ਡਿਪਟੀ ਕਮਿਸ਼ਨਰ ਵੱਲੋਂ ਤੁਰੰਤ ਸਬੰਧਤ ਅਧਿਕਾਰੀਆਂ ਨੂੰ ਇਹ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ।

ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਜੇਲ੍ਹ ਅੰਦਰ ਸੀਵਰੇਜ ਦੇ ਪਾਣੀ ਦੀ ਨਿਕਾਸੀ ਅਤੇ ਵੇਸਟ ਪਾਣੀ ਦੇ ਢੁਕਵੇਂ ਹੱਲ ਲਈ ਵੀ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ।

ਇਸ ਮੌਕੇ ਸਿਖਲਾਈ ਅਧੀਨ ਆਈਏਐਸ ਸ਼੍ਰੀ ਰਾਕੇਸ਼ ਕੁਮਾਰ ਮੀਨਾ, ਜੇਲ੍ਹ ਸੁਪਰਡੰਟ ਸ੍ਰੀ ਮਨਜੀਤ ਸਿੰਘ ਸਿੱਧੂ, ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਸ਼੍ਰੀ ਅਮਿਤ ਕੁਮਾਰ, ਡਿਪਟੀ ਮੈਡੀਕਲ ਕਮਿਸ਼ਨਰ-ਕਮ-ਕਾਰਜਕਾਰੀ ਸਿਵਲ ਸਰਜਨ ਡਾ. ਰਮਨ ਸਿੰਗਲਾ, ਸਕੱਤਰ ਰੈਡ ਕਰਾਸ ਸ਼੍ਰੀ ਦਰਸ਼ਨ ਕੁਮਾਰ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਆਦਿ ਹਾਜ਼ਰ ਸਨ।

## ਪੰਜਾਬੀ ਭਾਸ਼ਾ ਦੇ ਪਸਾਰੇ ਲਈ ਕੰਮ ਕਰਨਗੇ ਐਡਵੋਕੇਟ ਕਮਲਜੀਤ ਸਿੰਘ ਕੁਟੀ



**ਬਠਿੰਡਾ,12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਸਦੀ ਵਿੱਚ ਜਦੋਂ ਹਰ ਇੱਕ ਬੱਚਾ, ਜਵਾਨ ਅਤੇ ਕੀ ਬੁੱਢਾ ਸਾਰੇ ਹੀ ਅੰਗਰੇਜ਼ੀ ਭਾਸ਼ਾ ਵੱਲ ਜਿਆਦਾ ਤੋਂ ਜਿਆਦਾ ਆਕਰਸ਼ਿਤ ਹੋ ਰਹੇ ਹਨ।

ਭਾਵੇਂ ਕਿ ਇਹ ਅੱਜ ਦੇ ਸਮੇਂ ਦੀ ਲੋੜ ਹੈ ਪਰ ਕਿਸੇ ਦੂਜੀ ਭਾਸ਼ਾ ਨੂੰ ਅਪਣਾਉਂਦੇ ਹੋਏ ਜੇਕਰ ਅਸੀਂ ਆਪਣੀ ਬੋਲੀ ਅਤੇ ਆਪਣੇ ਵਿਰਸੇ ਤੋਂ ਹੀ ਮੁਨਕਰ ਹੁੰਦੇ ਹਾਂ ਤਾਂ ਇਹ ਆਪਣੇ ਆਪ ਵਿੱਚ ਇੱਕ ਬੜੀ ਨਮੋਸ਼ੀ ਵਾਲੀ ਗੱਲ ਹੈ। ਪਰ ਆਪਣੀ ਬੋਲੀ ਅਤੇ ਆਪਣੀ ਮਾਤਰ ਭਾਸ਼ਾ ਪੰਜਾਬੀ ਨੂੰ ਲੈ ਕੇ ਅੱਜ ਵੀ ਕੁੱਝ ਸੂਝਵਾਨ ਲੋਕ ਸੰਜੀਦਾ ਹਨ। ਇਹਨਾਂ ਵਿੱਚੋਂ ਹੀ ਇੱਕ ਨਾਮ ਹੈ ਪ੍ਰਸਿੱਧ ਵਕੀਲ ਕਮਲਜੀਤ ਸਿੰਘ ਕੁਟੀ ਦਾ, ਜਿਹੜੇ ਪੰਜਾਬੀ ਭਾਸ਼ਾ ਦੇ ਪਸਾਰ ਲਈ ਬਣੀ ਹੋਈ ਪੰਜਾਬੀ ਭਾਸ਼ਾ ਪ ?ਸਾਰ ਭਾਈਚਾਰੇ ਦੀ ਟੀਮ ਵਿੱਚ ਕਾਨੂੰਨੀ ਸਲਾਹਕਾਰ ਦੇ ਤੌਰ ਤੇ ਸ਼ਾਮਿਲ ਹੋਏ ਹਨ।

ਦੱਸਣਾ ਬਣਦਾ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ 31 ਮਾਰਚ 2023 ਨੂੰ ਇੱਕ ਹੁਕਮ ਜਾਰੀ ਕਰਕੇ ਪੰਜਾਬ ਵਿੱਚ ਸਾਰੇ ਹੀ ਨਿੱਜੀ ਅਦਾਰਿਆਂ ਨੂੰ ਹਦਾਇਤ ਕੀਤੀ ਸੀ ਕਿ ਉਹ ਆਪਣੇ ਅਦਾਰਿਆਂ ਦੇ ਨਾਮ ਬੋਰਡਾਂ ਉੱਪਰ ਪੰਜਾਬੀ ਭਾਸ਼ਾ ਵਿੱਚ ਅੰਕਿਤ ਕਰਨ ਜਿਹੜੇ ਕਿ ਅਦਾਰੇ ਦੇ ਸਭ ਤੋਂ ਉੱਪਰ ਦੀ ਕਤਾਰ ਵਿੱਚ ਹੋਣੇ ਚਾਹੀਦੇ ਹਨ। ਇਸ ਹੁਕਮ ਦੀ ਉਲੰਘਣ ਕਰਨ ਵਾਲੇ ਅਦਾਰਿਆਂ ਨੂੰ ਜ਼ੁਰਮਾਨੇ ਤੱਕ ਕਰਨ ਦੇ ਵੀ ਹੁਕਮ ਜਾਰੀ ਕੀਤੇ ਗਏ ਸਨ । ਪਰ ਪੰਜਾਬ ਸਰਕਾਰ ਦਾ ਪੰਜਾਬੀ ਭਾਸ਼ਾ ਨਾਲ ਇਹ ਮੋਹ ਸਿਰਫ ਕਾਗਜੀ ਹੁਕਮਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ। ਕਿਉਂਕਿ ਪੰਜਾਬ ਸਰਕਾਰ ਨੇ ਆਪਣੇ ਇਸ ਹੁਕਮ ਦੀ ਤਾਮੀਲ ਕਰਵਾਉਣ ਲਈ ਜਮੀਨੀ ਪੱਧਰ ਤੇ ਕੋਈ ਉਪਰਾਲੇ ਨਹੀਂ ਕੀਤੇ।

ਭਾਵੇਂ ਪੰਜਾਬ ਸਰਕਾਰ ਦੇ ਇਸ ਹੁਕਮ ਨੂੰ ਲਾਗੂ ਕਰਨ ਦੀ ਜਿੰਮੇਵਾਰੀ ਪੰਜਾਬ ਦੇ ਕਿਰਤ ਵਿਭਾਗ ਨੂੰ ਸੌਂਪੀ ਗਈ ਸੀ ਪਰ ਇਸ ਵਿਭਾਗ ਵੱਲੋਂ ਇਸ ਪਾਸੇ ਬਿਲਕੁਲ ਵੀ ਧਿਆਨ ਨਹੀਂ ਦਿੱਤਾ ਗਿਆ ਪਰ ਪੰਜਾਬੀ ਭਾਸ਼ਾ ਨਾਲ ਲਗਾਅ ਰੱਖਣ ਵਾਲੇ ਕੁਝ ਲੋਕਾਂ ਨੇ ਇਸ ਨੂੰ ਲਾਗੂ ਕਰਵਾਉਣ ਲਈ ਆਪਣੇ ਤੌਰ ਤੇ ਉਪਰਾਲੇ ਸ਼ੁਰੂ ਕੀਤੇ ਹੋਏ ਹਨ।

## ਦੁਧਾਰੂ ਪਸ਼ੂਆਂ ਦੇ ਬੀਮੇ 'ਤੇ 70 ਫੀਸਦੀ ਤੱਕ ਸਬਸਿਡੀ ਉਪਲਬੱਧ

**ਹੁਸ਼ਿਆਰਪੁਰ,12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਅਰੀ ਵਿਕਾਸ ਵਿਭਾਗ,ਪੰਜਾਬਵਲੋਂ ਨੈਸ਼ਨਲ ਲਾਈਵਸਟੋਕ ਮਿਸ਼ਨ ਅਧੀਨ ਦੁਧਾਰੂ ਪਸ਼ੂਆਂ ਦੇ ਬੀਮੇ 'ਤੇ 70 ਫੀਸਦੀ ਤੱਕ ਸਬਸਿਡੀ ਦਿੱਤੀ ਜਾ ਰਹੀ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆ ਸੰਯੁਕਤ ਡਾਇਰੈਕਟਰ ਡੇਅਰੀ ਵਿਕਾਸ ਕਸ਼ਮੀਰ ਸਿੰਘ ਨੇ ਦੱਸਿਆ ਕਿ ਪਸ਼ੂਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਮੂੰਹ ਖੁਰ,ਲੰਪੀ ਸਕਿਨ,ਗੱਲਘੋਟੂ ਆਦਿ ਕਾਰਨ ਕਈ ਵਾਰ ਪਸ਼ੂਆਂ ਦੀ ਮੌਤ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੌਤਾਂ ਨਾਲ ਛੋਟੇ ਅਤੇ ਦਰਮਿਆਨੇ ਡੇਅਰੀ ਫਾਰਮਰਾਂ ਦਾ ਆਰਥਿਕ ਨੁਕਸਾਨ ਹੋ ਜਾਂਦਾ ਹੈ। ਇਸ ਨੁਕਸਾਨ ਨੂੰ ਘੱਟ ਕਰਨ ਲਈ ਸਰਕਾਰ ਵਲੋਂ ਜਨਰਲ ਜਾਤੀ ਦੇ ਪਸ਼ੂ ਧਾਰਕਾ ਨੂੰ 50 ਫੀਸਦੀ ਅਤੇ ਅਨੁਸੂਚਿਤ ਜਾਤੀ ਦੇ ਪਸ਼ੂ ਧਾਰਕਾਂ ਨੂੰ 70 ਫੀਸਦੀ ਤੱਕ ਸਬਸਿਡੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਫਾਰਮਰ 1 ਤੋ 5 ਪਸ਼ੂਆਂ ਤੱਕ ਬੀਮਾ ਕਰਵਾ ਸਕਦਾ ਹੈ । ਸਕੀਮ ਤਹਿਤ ਪਸ਼ੂਆਂ ਦੀ ਕੀਮਤ 70 ਹਜ਼ਾਰ ਰੁਪਏ ਨਿਰਧਾਰਤ ਕੀਤੀ ਗਈ ਹੈ। ਇਸ ਸਕੀਮ ਅਧੀਨ ਇੱਕ ਸਾਲ ਦਾ ਬੀਮਾ ਐਸ.ਸੀ/ਐਸ.ਟੀ ਲਾਭਪਾਤਰੀਆਂ ਦੇ ਪਸ਼ੂਆਂ ਦਾ 672 ਰੁਪਏ, ਦੋ ਸਾਲ ਦਾ ਬੀਮਾ 1260 ਰੁਪਏ ਅਤੇ ਤਿੰਨ ਸਾਲ ਦਾ ਬੀਮਾ 1680 ਰੁਪਏ ਵਿੱਚ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾ ਜਨਰਲ ਲਾਭਪਾਤਰੀਆਂ ਲਈ ਇੱਕ ਸਾਲ ਦਾ ਬੀਮਾ 1120 ਰੁਪਏ, ਦੋ ਸਾਲ ਦਾ ਬੀਮਾ 2100 ਰੁਪਏ ਅਤੇ ਤਿੰਨ ਸਾਲ ਦਾ ਬੀਮਾ 2800 ਰੁਪਏ ਅਦਾ ਕਰਕੇ ਕਰਵਾ ਸਕਦੇ ਹਨ । ਇਸ ਸਕੀਮ ਦਾ ਲਾਭ ਕੋਈ ਵੀ ਡੇਅਰੀ ਫਾਰਮਰ ਲੈ ਸਕਦਾ ਹੈ। ਵਧੇਰੇ ਜਾਣਕਾਰੀ ਲਈ 01882-220025, 9872277136 ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਖੇਡਾਂ ਦੇ ਖੇਤਰ ਵਿੱਚ ਵੱਡੀਆਂ ਮੱਲ੍ਹਾਂ ਮਾਰਨ ਵਾਲੇ ਜ਼ਿਲ੍ਹੇ ਦੇ ਤਿੰਨ ਖਿਡਾਰੀਆਂ ਨੂੰ ਡੀ.ਸੀ. ਨੇ ਕੀਤਾ ਸਨਮਾਨਤ



**ਫ਼ਤਹਿਗੜ੍ਹ ਸਾਹਿਬ,12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ: ਸੋਨਾ ਥਿੰਦ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਿਛਲੇ ਦਿਨੀਂ ਮੋਹਾਲੀ ਜ਼ਿਲ੍ਹੇ ਦੇ ਖਰੜ ਵਿਖੇ ਹੋਈ ਆਲ ਇੰਡੀਆ ਨੈਸ਼ਨਲ ਚੈਂਪਿਅਨਸ਼ਿਪ ਵਿੱਚ ਮੈਡਲ ਜਿੱਤਣ ਵਾਲੀਆਂ ਖਿਡਾਰਨਾਂ ਨੂੰ ਸਨਮਾਨਤ ਕੀਤਾ। ਵਰਨਣਯੋਗ ਹੈ ਖਿਡਾਰਨ ਖੁਸ਼ੀ ਤੇ ਸਨੇਹਾ ਨੇ ਆਲ ਇੰਡੀਆ ਨੈਸ਼ਨਲ ਚੈਂਪਿਅਨਸ਼ਿਪ ਵਿੱਚ ਸੋਨ ਤਮਗਾ ਤੇ ਖਿਡਾਰਨ ਤਮੰਨਾ ਨੇ ਚਾਂਦੀ ਦਾ ਤਮਗਾ ਜਿੱਤਿਆ ਹੈ।

ਇਸ ਮੌਕੇ ਖਿਡਾਰੀਆਂ ਨੂੰ ਉਤਸਾਹਤ ਕਰਦਿਆਂ ਡਾਂ ਸੋਨਾ ਥਿੰਦ ਨੇ ਕਿਹਾ ਕਿ ਸਖਤ ਮਿਹਨਤ ਤੇ ਲਗਨ ਨਾਲ ਕੋਈ ਵੀ ਵੱਡੇ ਤੋਂ ਵੱਡਾ ਟੀਚਾ ਹਾਸਲ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਖਿਡਾਰੀਆਂ ਨੇ ਇਹ ਮੱਲ੍ਹਾਂ ਮਾਰ ਕੇ ਆਪਣੇ ਸਕੂਲ ਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ ਜੋ ਕਿ ਸਾਡੇ ਸਾਰਿਆਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖਿਡਾਰੀਆਂ ਵੱਲੋਂ ਪ੍ਰਾਪਤ ਕੀਤੇ ਗਏ ਟੀਚੇ ਤੋਂ ਹੋਰਨਾਂ ਵਿਦਿਆਰਥੀਆਂ ਨੂੰ ਵੀ ਪ੍ਰੇਰਨਾ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਦੇ ਖੇਤਰ ਵਿੱਚ ਕੀਤੇ ਗਏ ਇਤਿਹਾਸਕ ਫੈਸਲਿਆਂ ਸਦਕਾ ਪੰਜਾਬ ਦੇ ਖਿਡਾਰੀ ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ ਦੀਆਂ ਖੇਡਾਂ ਵਿੱਚ ਸ਼ਲਾਘਾਯੋਗ ਪ੍ਰਾਪਤੀਆਂ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਅੰਦਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾਂ ਬਹੁਤ ਜਰੂਰੀ ਹੈ ਕਿਉਂਕਿ ਖੇਡਾਂ ਨਾਲ ਜੁੜ ਕੇ ਹੀ ਸਾਡੇ ਨੌਜਵਾਨ ਸਮਾਜਿਕ ਕੁਰੀਤੀਆਂ ਦਾ ਖਾਤਮਾ ਕਰ ਸਕਦੇ ਹਨ।

ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਸਿੱਖਿਆ ਦੇ ਨਾਲ ਨਾਲ ਖੇਡਾਂ ਵਿੱਚ ਵੀ ਭਾਗ ਲੈ ਕੇ ਸਖਤ ਮਿਹਨਤ ਕਰਨ ਤਾਂ ਜੋ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ ।

ਇਸ ਮੌਕੇ ਕਲੱਬ ਦੇ ਪ੍ਰਧਾਨ ਸੋਨੂੰ ਗੋਬਿੰਦਗੜ੍ਹੀਆ ਸਮਾਜ ਸੇਵਕ, ਕੌਂਸਲਰ ਅਮਿਤ ਠਾਕੁਰ, ਸਮਾਜ ਸੇਵੀ ਦੀਪਕ ਤੋਂ ਇਲਾਵਾ ਖਿਡਾਰੀ ਵੀ ਹਾਜਰ ਸਨ।

## ਵਿਧਾਇਕ ਜ਼ਿੰਪਾ ਨੇ ਆਵਾਸ ਯੋਜਨਾ ਤਹਿਤ 23 ਲਾਭਪਾਤਰੀਆਂ ਨੂੰ 34.50 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਵੰਡੀ

**ਹੁਸ਼ਿਆਰਪੁਰ,12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਇਕ ਵਿਸ਼ੇਸ਼ ਪ੍ਰੋਗਰਾਮ ਵਿਚ ਪ੍ਰਧਾਨ ਮੰਤਰੀ ਆਵਾਸ ਯੋਜਨਾ (ਪੇਂਡੂ) ਤਹਿਤ 23 ਲਾਭਪਾਤਰੀਆਂ ਨੂੰ 34.50 ਲੱਖ ਰੁਪਏ ਦੇ ਚੈਕ ਵੰਡੇ। ਇਹ ਯੋਜਨਾ ਪੇਂਡੂ ਹਲਕੇ ਦੇ ਕੱਚੇ ਮਕਾਨਾਂ ਵਿਚ ਰਹਿਣ ਵਾਲੇ ਜ਼ਰੂਰਤਮੰਦ ਪਰਿਵਾਰਾਂ ਨੂੰ ਪੱਕੇ ਮਕਾਨ ਉਪਲਬੱਧ ਕਰਵਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਹੈ।ਇਸ ਮੌਕੇ ਵਿਧਾਇਕ ਨੇ ਦੱਸਿਆ ਕਿ ਯੋਜਨਾ ਤਹਿਤ ਲਾਭਪਾਤਰੀਆਂ ਨੂੰ ਉਨ੍ਹਾਂ ਦੀਆ ਲੋੜਾਂ ਅਨੁਸਾਰ ਪੜਾਅਵਾਰ ਢੰਗ ਨਾਲ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਪ੍ਰੋਗਰਾਮ ਵਿਚ ਲਾਭਪਾਤਰੀਆਂ ਨੂੰ ਪਹਿਲੀ ਕਿਸ਼ਤ ਦੇ ਰੂਪ ਵਿਚ ਰਾਸ਼ੀ ਜਾਰੀ ਕੀਤੀ ਗਈ ਹੈ ਜਦਕਿ ਬਾਕੀ ਦੋ ਕਿਸ਼ਤਾਂ ਨਿਰਮਾਣ ਕਾਰਜ ਦੀ ਪ੍ਰਗਤੀ ਦੇ ਆਧਾਰ 'ਤੇ ਜਾਰੀ ਕੀਤੀਆਂ ਜਾਣਗੀਆਂ।

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸਰਕਾਰ ਪੇਂਡੂ ਹਲਕੇ ਵਿਚ ਸਮਾਜਿਕ ਅਤੇ ਆਰਥਿਕ ਸਸ਼ਕਤੀਕਰਨ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਗਰੀਬ ਅਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਆਪਣੇ ਘਰ ਬਣਾਉਣ ਦਾ ਸੁਪਨਾ ਸਾਕਾਰ ਕਰਨ ਦਾ ਅਵਸਰ ਪ੍ਰਦਾਨ ਕਰਦੀ ਹੈ। ਸਰਕਾਰ ਹਰ ਸੰਭਵ ਯਤਨ ਕਰ ਰਹੀ ਹੈ ਕਿ ਯੋਜਨਾ ਦਾ ਲਾਭ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚੇ।

ਉਨ੍ਹਾਂ ਅੱਗੇ ਕਿਹਾ ਕਿ ਰਾਜ ਸਰਕਾਰ ਪੇਂਡੂ ਖੇਤਰਾਂ ਵਿਚ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਇਸ ਯੋਜਨਾ ਤੋਂ ਇਲਾਵਾ ਹੋਰ ਭਲਾਈ ਸਕੀਮਾਂ 'ਤੇ ਵੀ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ ਜਿਸ ਵਿਚ ਪਖਾਨੇ ਨਿਰਮਾਣ, ਜਲ ਸਪਲਾਈ ਅਤੇ ਰੋਜ਼ਗਾਰ ਪੈਦਾ ਕਰਨ ਦੀਆਂ ਸਕੀਮਾਂ ਮਹੱਤਵਪੂਰਨ ਹਨ। ਵਿਧਾਇਕ ਨੇ ਅਖੀਰ ਵਿਚ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਚੁੱਕਣ ਅਤੇ ਜਾਗਰੂਕ ਹੋ ਕੇ ਆਪਣੇ ਅਧਿਕਾਰਾਂ ਦੀ ਰੱਖਿਆ ਕਰਨ।

ਇਸ ਮੌਕੇ ਲਾਭਪਾਤਰੀਆਂ ਨੇ ਆਪਣੀ ਖੁਸ਼ੀ ਪ੍ਰਗਟ ਕਰਦਿਆਂ ਸਰਕਾਰ ਅਤੇ ਵਿਧਾਇਕ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਸਹਾਇਤਾ ਰਾਸ਼ੀ ਨਾਲ ਉਹ ਆਪਣੇ ਪਰਿਵਾਰ ਲਈ ਇਕ ਸੁਰੱਖਿਅਤ ਅਤੇ ਸਨਮਾਨਜਨਕ ਘਰ ਬਣਾ ਸਕਣਗੇ। ਇਸ ਮੌਕੇ ਬੀ.ਡੀ.ਪੀ.ਓ ਪਰਵੇਸ਼ ਗੋਇਲ, ਸਰਪੰਚ ਅਮਰਜੀਤ ਬਾਜਵਾ, ਰਾਜਨ ਸੈਣੀ, ਸਰਪੰਚ ਨਵਜਿੰਦਰ ਬੇਦੀ, ਬਖਤਾਵਰ, ਸਰਪੰਚ ਅਸ਼ੋਕ, ਸਰਪੰਚ ਜੀਵਨ, ਸਰਪੰਚ ਸਤਵਿੰਦਰ ਸੱਤੀ, ਰਾਜਾ ਵਿਰਦੀ ਵੀ ਮੌਜੂਦ ਸਨ।

## ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਕੇ ਅਨਮੋਲ ਮਨੁੱਖੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ-ਪ੍ਰਦੀਪ ਸਿੰਘ ਢਿੱਲੋਂ




**ਫ਼ਤਹਿਗੜ੍ਹ ਸਾਹਿਬ,12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਸੂਬੇ ਭਰ ਵਿੱਚ ਸੜ੍ਹਕੀ ਆਵਾਜਾਈ ਨੂੰ ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ 31 ਜਨਵਰੀ ਤੱਕ ਸੜਕ ਸੁਰੱਖਿਆ ਮਹੀਨਾ ਮਨਾਇਆ ਜਾ ਰਿਹਾ ਹੈ ਤਾਂ ਜੋ ਦਿਨੋਂ ਦਿਨ ਵੱਧ ਰਹੇ ਸੜ੍ਹਕੀ ਹਾਦਸਿਆਂ ਨੂੰ ਠੱਲ ਪਾਈ ਜਾ ਸਕੇ। ਇਹ ਜਾਣਕਾਰੀ ਖੇਤਰੀ ਟਰਾਂਸਪੋਰਟ ਅਫਸਰ ਸ. ਪ੍ਰਦੀਪ ਸਿੰਘ ਢਿੱਲੋਂ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੜਕ ਸੁਰੱਖਿਆ ਸਬੰਧੀ ਜਾਗਰੂਕਤਾ ਲਿਟਰੇਚਰ ਵੰਡਣ ਮੌਕੇ ਦਿੱਤੀ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਸਬੰਧੀ ਬਣਾਏ ਗਏ ਨਿਯਮਾਂ ਦੀ ਪਾਲਣਾ ਕਰਨੀ ਬਹੁਤ ਜਰੂਰੀ ਹੈ ਕਿਉਂਕਿ ਇਨ੍ਹਾਂ ਨਿਯਮਾਂ ਦੀ ਪਾਲਣਾ ਨਾਲ ਮਨੁੱਖੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ।ਸ. ਢਿੱਲੋਂ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਧੁੰਦ ਦੇ ਮੌਸਮ ਵਿੱਚ ਵਾਹਨ ਹੌਲੀ ਰਫਤਾਰ ਵਿੱਚ ਹੀ ਚਲਾਏ ਜਾਣ ਤਾਂ ਜੋ ਕਿਸੇ ਕਿਸਮ ਦਾ ਨੁਕਸਾਨ ਨਾ ਹ ਸਕੇ। ਉਨ੍ਹਾਂ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵਾਹਨ ਚਲਾਉਣ ਦੀ ਆਗਿਆ ਨਾ ਦਿੱਤੀ ਜਾਵੇ ਤਾਂ ਜੋ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਿਆ ਜਾ ਸਕੇ। ਉਨ੍ਹਾਂ ਇਸ ਮੌਕੇ ਹਾਜਰ ਲੋਕਾਂ ਨੂੰ ਸੜਕ ਸੁਰੱਖਿਆ ਸਬੰਧੀ ਵਿਸਥਾਰ ਸਹਿਤ ਜਾਗਰੂਕ ਵੀ ਕੀਤਾ। ਉਨ੍ਹਾਂ ਦੱਸਿਆ ਕਿ ਜਨਵਰੀ ਮਹੀਨੇ ਨੂੰ ਸੜਕ ਸੁਰੱਖਿਆ ਮਹੀਨੇ ਵਜੋਂ ਮਨਾਇਆ ਜਾ ਰਿਹਾ ਹੈ ਤੇ ਇਸ ਮਹੀਨੇ ਦੌਰਾਨ ਜ਼ਿਲ੍ਹੇ ਵਿੱਚ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾਣਗੀਆਂ।ਇਸ ਮੌਕੇ ਏ.ਐਸ.ਆਈ. ਗੁਰਮੀਤ ਸਿੰਘ ਨੇ ਲੋਕਾਂ ਨੂੰ ਸੜ੍ਹਕੀ ਨਿਯਮਾਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਵਾਹਨ ਚਲਾਉਣ ਸਮੇਂ ਹੈਲਮਟ/ਸੀਟ ਬੈਲਟ ਜਰੂਰ ਲਗਾਈ ਜਾਵੇ। ਇਸ ਮੌਕੇ ਆਰ.ਟੀ.ਓ. ਦਫ਼ਤਰ ਦੇ ਹਰਪ੍ਰੀਤ ਸਿੰਘ, ਰਤਨ ਸਿੰਘ ਤੇ ਬਲਜਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਵੀ ਹਾਜਰ ਸਨ।

## ਹਾਦਸਿਆਂ ਤੋਂ ਬਚਾਅ ਲਈ ਏ.ਡੀ.ਜੀ.ਪੀ. ਫਾਰੂਕੀ ਵੱਲੋਂ ਲੋਕਾਂ ਨੂੰ ਰਾਤ ਸਮੇਂ ਧੁੰਦ 'ਚ ਸਫ਼ਰ ਕਰਨ ਤੋਂ ਗੁਰੇਜ਼ ਕਰਨ ਦੀ ਅਪੀਲ



**ਜਲੰਧਰ,12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦੀ ਦੇ ਮੌਸਮ ਵਿੱਚ ਧੁੰਦ ਕਾਰਨ ਹੋਣ ਵਾਲੇ ਹਾਦਸਿਆਂ ਵਿੱਚ ਅਜਾਈਂ ਜਾਣ ਵਾਲੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਏ.ਡੀ.ਜੀ.ਪੀ. ਪੀ.ਏ.ਪੀ. ਐਮ.ਐਫ. ਫਾਰੂਕੀ ਨੇ ਸੂਬੇ ਦੇ ਲੋਕਾਂ ਨੂੰ ਰਾਤ ਦੇ ਸਫ਼ਰ ਕਰਨ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਧੁੰਦ ਕਿਸੇ ਵੇਲੇ ਖਤਰਨਾਕ ਸਾਬਿਤ ਹੋ ਸਕਦੀ ਹੈ। ਰਾਤ ਵੇਲੇ ਧੁੰਦ ਦਾ ਪ੍ਰਭਾਵ ਵਧਣ ਕਾਰਨ ਵਿਜ਼ੀਬਿਲਟੀ ਘਟ ਜਾਣ ਕਰਕੇ ਹਾਦਸਿਆਂ ਦਾ ਖ਼ਤਰਾ ਬਹੁਤ ਵਧ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਬਹੁਤ ਜ਼ਰੂਰੀ ਹੋਵੇ ਤਾਂ ਹੀ ਰਾਤ ਸਮੇਂ ਸਫ਼ਰ ਕੀਤਾ ਜਾਵੇ।ਰਾਤ ਸਮੇਂ ਵਾਹਨ ਚਲਾਉਂਦਿਆਂ ਪੂਰੀ ਸਾਵਧਾਨੀ ਵਰਤਣ 'ਤੇ ਜ਼ੋਰ ਦਿੰਦਿਆਂ ਏ.ਡੀ.ਜੀ.ਪੀ. ਨੇ ਕਿਹਾ ਕਿ ਹਾਰਨ ਦੀ ਯੋਗ ਵਰਤੋਂ ਕੀਤੀ ਜਾਵੇ ਅਤੇ ਸੜਕ 'ਤੇ ਵਾਹਨ ਖ਼ਰਾਬ ਹੋਣ ਦੀ ਸੂਰਤ ਵਿੱਚ ਸੜਕ ਸੁਰੱਖਿਆ ਫੋਰਸ ਦੀ ਮਦਦ ਲਈ ਜਾਵੇ ਤਾਂ ਜੋ ਖ਼ਰਾਬ ਵਾਹਨ ਦੀ ਬੈਰੀਕੇਟਿੰਗ ਆਦਿ ਕੀਤੀ ਜਾ ਸਕੇ ਕਿਉਂਕਿ ਧੁੰਦ ਦੌਰਾਨ ਸੜਕ 'ਤੇ ਖ਼ਰਾਬ ਹਾਲਤ ਵਿੱਚ ਖੜ੍ਹੇ ਵਾਹਨਾਂ ਕਾਰਨ ਹਾਦਸਿਆਂ ਦਾ ਡਰ ਬਣਿਆ ਰਹਿੰਦਾ ਹੈਬੱਸ ਅਤੇ ਹੋਰ ਕਮਰਸ਼ੀਅਲ ਵਾਹਨ ਚਾਲਕਾਂ ਨੂੰ ਪੂਰੀ ਸਾਵਧਾਨੀ ਨਾਲ ਵਾਹਨ ਚਲਾਉਣ ਦੀ ਅਪੀਲ ਕਰਦਿਆਂ ਸ਼੍ਰੀ ਫਾਰੂਕੀ ਨੇ ਕਿਹਾ ਕਿ ਰਾਤ ਸਮੇਂ ਵਾਹਨਾਂ ਦੀ ਰਫ਼ਤਾਰ ਹੌਲੀ ਰੱਖਣ ਦੇ ਨਾਲ-ਨਾਲ ਲਾਈਟਾਂ ਦੀ ਸੁਚੱਜੀ ਵਰਤੋਂ ਕੀਤੀ ਜਾਵੇ ਤਾਂ ਜੋ ਅੱਗੇ ਪਿੱਛੇ ਆਉਣ ਵਾਲੀਆਂ ਗੱਡੀਆਂ ਨੂੰ ਸੜਕ 'ਤੇ ਚੱਲਦੇ ਵਾਹਨ ਦਾ ਪਤਾ ਲੱਗ ਸਕੇ। ਏ.ਡੀ.ਜੀ.ਪੀ. ਨੇ ਕਿਹਾ ਕਿ ਥੋੜੀ ਜਿਹੀ ਸਾਵਧਾਨੀ ਨਾਲ ਹਾਦਸਿਆਂ ਤੋਂ ਬਚਾਅ ਹੋ ਸਕਦਾ ਹੈ ਅਤੇ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਲੋਕਾਂ ਨੂੰ ਆਪਣੀ, ਆਪਣੇ ਪਰਿਵਾਰ ਅਤੇ ਹੋਰਨਾਂ ਦੀ ਸੁਰੱਖਿਆ ਲਈ ਪੂਰੀ ਸਾਵਧਾਨੀ ਨਾਲ ਡਰਾਈਵਿੰਗ ਕਰਨ ਦੀ ਅਪੀਲ ਕੀਤੀ।

## ਪੁਲਿਸ ਨੇ ਲੁੱਟਾਂ-ਖੋਹਾਂ ਕਰਨ ਵਾਲੇ ਦੋ ਗਿਰੋਹਾਂ ਦਾ ਕੀਤਾ ਪਰਦਾਫਾਸ਼, ਔਰਤ ਸਮੇਤ ਚਾਰ ਗ੍ਰਿਫ਼ਤਾਰ

**ਜਲੰਧਰ,12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਅਪਰਾਧਿਕ ਗਤੀਵਿਧੀਆਂ 'ਤੇ ਵੱਡੀ ਕਾਰਵਾਈ ਕਰਦਿਆਂ ਜਲੰਧਰ ਦਿਹਾਤੀ ਪੁਲਿਸ ਨੇ ਲੁੱਟ-ਖੋਹ ਕਰਨ ਵਾਲੇ ਦੋ ਗਿਰੋਹਾਂ ਦਾ ਪਰਦਾਫਾਸ਼ ਕੀਤਾ ਹੈ, ਜਿਸ ਦੇ ਨਾਲ ਕਈ ਚੋਰੀ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਵਿੱਚ ਸ਼ਾਮਲ ਇੱਕ ਔਰਤ ਸਮੇਤ ਚਾਰ ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਐਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਦਿਹਾਤੀ ਪੁਲਿਸ ਵਲੋਂ ਕੀਤੀ ਗਈ ਇਸ ਕਾਰਵਾਈ ਤਹਿਤ 14 ਚੋਰੀ ਹੋਏ ਮੋਬਾਈਲ ਫ਼ੋਨ, ਇੱਕ ਮੋਟਰਸਾਈਕਲ ਅਤੇ ਇੱਕ ਹਥਿਆਰ ਬਰਾਮਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਨਾਲ ਜ਼ਿਲ੍ਹੇ ਦੀ ਅਪਰਾਧ ਵਿਰੁੱਧ ਲੜਾਈ ਵਿੱਚ ਇੱਕ ਮਹੱਤਵਪੂਰਨ ਸਫ਼ਲਤਾ ਸਾਹਮਣੇ ਆਈ ਹੈ।

ਉਨ੍ਹਾਂ ਦੱਸਿਆ ਕਿ ਪਹਿਲੀ ਕਾਰਵਾਈ ਵਿੱਚ ਪਤਾਰਾ ਪੁਲਿਸ ਨੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ, ਜਿਨ੍ਹਾਂ ਦੀ ਪਹਿਚਾਣ ਮੋਨੂੰ ਪੁੱਤਰ ਪਰਮੋਦ ਪਾਸਵਾਨ ਅਤੇ ਲੱਕੀ ਬਾਹਮਣ ਪੁੱਤਰ ਪ੍ਰਸ਼ੋਤਮ ਲਾਲ ਵਾਸੀ ਰਾਮਾਮੰਡੀ ਵਜੋਂ ਹੋਈ ਹੈ। ਇਹ ਗ੍ਰਿਫਤਾਰੀਆਂ 2 ਜਨਵਰੀ, 2025 ਨੂੰ ਫਿਰੋਜ਼ਪੁਰ ਦੇ ਸਿਪਾਹੀ ਬਲਜੀਤ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਲੁੱਟ ਦੇ ਸਬੰਧ ਵਿੱਚ ਕੀਤੀਆਂ ਗਈਆਂ ਸਨ। ਪੀੜਤ ਇੱਕ ਈ-ਰਿਕਸ਼ਾ ਵਿੱਚ ਜਲੰਧਰ ਛਾਉਣੀ ਵੱਲ ਜਾ ਰਿਹਾ ਸੀ। ਸ਼ੱਕੀ ਵਿਅਕਤੀਆਂ ਨੇ ਵਾਹਨ ਨੂੰ ਭੋਜੋਵਾਲ ਗੇਟ ਲਿੰਕ ਰੋਡ ਨੇੜੇ ਇੱਕ ਅਲੱਗ ਜਗ੍ਹਾ ਵੱਲ ਮੋੜ ਦਿੱਤਾ। ਸ਼ੱਕੀਆਂ ਨੇ ਪੀੜਤ ਦੀ ਕੁੱਟਮਾਰ ਕੀਤੀ ਅਤੇ ਉਸ ਦਾ ਰੈੱਡਮੀ ਮੋਬਾਈਲ ਫ਼ੋਨ ਅਤੇ ਰੁਪਏ ਵਾਲਾ ਬਟੂਆ ਲੁੱਟ ਲਿਆ ਸੀ ਅਤੇ ਈ-ਰਿਕਸ਼ਾ ਛੱਡ ਕੇ ਭੱਜ ਗਏ ਸਨ।ਦੋਵੇਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਪੁਲੀਸ ਹਿਰਾਸਤ ਵਿੱਚ ਹਨ। ਇਸ ਸਬੰਧੀ ਜਾਂਚ ਜਾਰੀ ਹੈ।

ਉਨ੍ਹਾਂ ਦੱਸਿਆ ਕਿ ਇੱਕ ਵੱਖਰੀ ਕਾਰਵਾਈ ਦੌਰਾਨ ਗੁਰਾਇਆ ਪੁਲਿਸ ਨੇ ਡੀ.ਐਸ.ਪੀ ਫਿਲੌਰ, ਸਰਵਣ ਸਿੰਘ ਬੱਲ, ਪੀ.ਪੀ.ਐਸ ਦੀ ਨਿਗਰਾਨੀ ਹੇਠ ਦਿਨੇਸ਼ ਸ਼ਰਮਾ ਉਰਫ਼ ਬੱਬੂ ਅਤੇ ਲਵਲੀਨ ਕੌਰ ਵਾਸੀ ਰਾਹੋਂ ਨੂੰ ਹਾਈਵੇਅ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇਹ ਗ੍ਰਿਫਤਾਰੀਆਂ ਨਾਕੇ ਦੌਰਾਨ ਕੀਤੀਆਂ ਗਈਆਂ ਹਨ। ਮੁਲਜ਼ਮਾਂ ਕੋਲੋਂ ਚੋਰੀ ਦੇ 13 ਮੋਬਾਈਲ ਫ਼ੋਨ, ਇੱਕ ਹੌਂਡਾ ਸ਼ਾਈਨ ਮੋਟਰਸਾਈਕਲ (ਪੀਬੀ-08-ਐਫਐਮ-1086) ਅਤੇ ਇੱਕ ਤੇਜ਼ਧਾਰ ਹਥਿਆਰ (ਦਾਤਾਰ) ਬਰਾਮਦ ਹੋਏ ਹਨ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਫਿਲੌਰ, ਅੱਪਰਾ, ਗੁਰਾਇਆ ਅਤੇ ਮੁਕੰਦਪੁਰ ਵਿੱਚ ਸਰਗਰਮ ਸਨ। ਇਹ ਹਥਿਆਰਾਂ ਦੀ ਵਰਤੋਂ ਕਰਕੇ ਯਾਤਰੀਆਂ ਨੂੰ ਨਿਸ਼ਾਨਾ ਬਣਾਉਂਦੇ ਸਨ ਅਤੇ ਉਨ੍ਹਾਂ ਦਾ ਸਮਾਨ ਲੁੱਟਣ ਦੀਆਂ ਧਮਕੀਆਂ ਦਿੰਦੇ ਸਨ।ਇਨ੍ਹਾਂ ਨੇ ਲੁੱਟ-ਖੋਹ ਦੀਆਂ 14 ਵਾਰਦਾਤਾਂ ਵਿੱਚ ਸ਼ਾਮਲ ਹੋਣ ਦੀ ਗੱਲ ਵੀ ਕਬੂਲੀ ਹੈ।

## ਵਿਧਾਇਕ ਛੀਨਾ ਵੱਲੋਂ ਲੋਹਾਰਾ 'ਚ ਸਰਕਾਰੀ ਸਕੂਲ ਦੇ ਨਵੀਨੀਕਰਣ ਕਾਰਜ਼ਾਂ ਦਾ ਉਦਘਾਟਨ



**ਲੁਧਿਆਣਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਪਿੰਡ ਲੋਹਾਰਾ ਦੇ ਸਰਕਾਰੀ ਸਕੂਲ ਦੇ ਨਵੀਨੀਕਰਣ ਕਾਰਜ਼ਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਵਿਧਾਇਕ ਛੀਨਾ ਨੇ ਕਿਹਾ ਕਿ ਪੰਜਾਬ ਸਕਰਾਰ ਦੇ ਪਿਛਲੇ ਤਿੰਨ ਸਾਲਾਂ ਦੌਰਾਨ ਸਿੱਖਿਆ ਖੇਤਰ ਵਿੱਚ ਨਵੀਂ ਕ੍ਰਾਂਤੀ ਆਈ ਹੈ। ਉਨ੍ਹਾਂ ਸਰਕਾਰੀ ਸਕੂਲਾਂ ਦੀ ਪ੍ਰਾਈਵੇਟ ਸਕੂਲਾਂ ਨਾਲ ਤੁਲਨਾ ਕਰਦਿਆਂ ਲੁਧਿਆਣਾ ਵਿੱਚ ਬਿਹਤਰ ਸਿੱਖਿਆ ਪ੍ਰਣਾਲੀ ਹੋਣ ਦਾ ਦਾਅਵਾ ਵੀ ਕੀਤਾ। ਵਿਧਾਇਕ ਰਜਿੰਦਰਪਾਲ ਕੌਰ ਛੀਨਾ ਨੇ ਦੱਸਿਆ ਕਿ ਪਿੰਡ ਲੋਹਾਰਾ ਦੇ ਸਰਕਾਰੀ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਦੇ ਅਨੁਸਾਰ ਬੁਨਿਆਦੀ ਸਹੂਲਤਾਂ ਦੀ ਘਾਟ ਸੀ ਜਿਸਦੇ ਤਹਿਤ ਸਕੂਲ ਵਿੱਚ ਤਿੰਨ ਨਵੇਂ ਕਮਰੇ ਬਣਾਉਣ ਲਈ ਕਰੀਬ 15 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਕਮਰਿਆਂ ਦੀ ਉਸਾਰੀ ਹੋਣ ਨਾਲ ਹੁਣ ਬੱਚਿਆਂ ਨੂੰ ਲਾਭ ਮਿਲੇਗਾ। ਵਿਧਾਇਕ ਛੀਨਾ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਹੋਰਨਾਂ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਵੀ ਸੁਧਾਰ ਲਿਆਂਦਾ ਜਾਵੇਗਾ ਜੋ ਬੱਚਿਆਂ ਦੀ ਪੜਾਈ ਲਈ ਲਾਹੇਵੰਦ ਸਿੱਧ ਹੋਵੇਗਾ। ਵਿਧਾਇਕ ਛੀਨਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਸਨੀਕਾਂ ਨੂੰ ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਸ ਮੌਕੇ ਗੁਲਜਿੰਦਰ ਸਿੰਘ ਗਿੱਲ, ਕੁਲਜੀਤ ਰਾਹੀ, ਚੇਅਰਮੈਨ ਮਨਜੀਤ ਸਿੰਘ, ਪ੍ਰਿੰਸੀਪਲ ਤੇ ਅਧਿਆਪਕ ਸਹਿਬਾਨ ਵੀ ਮੌਜੂਦ ਸਨ।



# ਮੱਕੀ ਦੀ ਫ਼ਸਲ ਦਾ ਬਿਮਾਰੀਆਂ ਤੋਂ ਬਚਾਓ

• ਹਰਲੀਨ ਕੌਰ, ਅਮਰਜੀਤ ਸਿੰਘ

ਕ ਣਕ-ਝੋਨੇ ਤੋਂ ਬਾਅਦ ਮੱਕੀ ਪੰਜਾਬ ਦੀ ਮੁੱਖ ਫ਼ਸਲ ਹੈ। 2014-15 ਦੌਰਾਨ ਇਸ ਦੀ ਕਾਸ਼ਤ 126 ਹਜ਼ਾਰ ਹੈਕਟੇਅਰ ਰਕਬੇ 'ਚ ਕੀਤੀ ਗਈ ਤੇ ਕੁਲ ਉਪਜ 460 ਹਜ਼ਾਰ ਟਨ ਪ੍ਰਾਪਤ ਹੋਈ ਜਦਕਿ ਔਸਤ ਝਾੜ 36.52 ਕੁਇੰਟਲ ਪ੍ਰਤੀ ਹੈਕਟੇਅਰ ਰਿਹਾ। ਅਜੋਕੀ ਖੇਤੀ ਦੇ ਸੰਦਰਭ 'ਚ ਇਹ ਗੱਲ ਜ਼ੋਰ ਫੜਦੀ ਜਾ ਰਹੀ ਹੈ ਕਿ ਕਣਕ-ਝੋਨੇ ਦੇ ਫ਼ਸਲੀ ਚੱਕਰ ਹੇਠ ਰਕਬਾ ਘਟਾਇਆ ਜਾਵੇ। ਫ਼ਸਲੀ ਵਿਭਿੰਨਤਾ ਦੀ ਗੱਲ ਆਉਂਦਿਆਂ ਹੀ ਝੋਨੇ ਦੇ ਬਦਲ ਦੇ ਤੌਰ 'ਤੇ ਸਿਰਫ਼ ਮੱਕੀ ਨੂੰ ਹੀ ਵੇਖਿਆ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਾਉਣੀ ਰੁੱਤ ਵਿਚ ਪੀਐੱਮਐੱਚ-1 ਤੇ ਪੀਐੱਮਐੱਚ-2 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਕਿਸਮਾਂ ਦੋਗਲੀਆਂ ਹਨ ਤੇ ਇਨ੍ਹਾਂ ਦਾ ਬੀਜ ਹਰ ਸਾਲ ਨਵਾਂ ਲੈਣਾ ਪੈਂਦਾ ਹੈ। ਇਨ੍ਹਾਂ ਕਿਸਮਾਂ ਦਾ ਔਸਤ ਝਾੜ 18 ਤੋਂ 21 ਕੁਇੰਟਲ ਪ੍ਰਤੀ ਏਕੜ ਹੈ, ਜਦਕਿ ਪੰਜਾਬ 'ਚ ਮੱਕੀ ਦਾ ਔਸਤ ਝਾੜ 14.7 ਕੁਇੰਟਲ ਪ੍ਰਤੀ ਏਕੜ ਹੈ। ਇਸ ਦਾ ਮੁੱਖ ਕਾਰਨ ਬਿਮਾਰੀਆਂ ਦੇ ਹਮਲੇ ਨਾਲ ਹੋਣ ਵਾਲਾ ਨੁਕਸਾਨ ਹੈ। ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਨੂੰ ਅਪਣਾ ਕੇ ਮੱਕੀ ਦਾ ਪੂਰਾ ਝਾੜ ਲਿਆ ਜਾ ਸਕਦਾ ਹੈ। ਸਮਾਂ ਰਹਿੰਦਿਆਂ ਇਨ੍ਹਾਂ ਬਿਮਾਰੀਆਂ ਦੀ ਪਛਾਣ ਕਰ ਕੇ ਇਨ੍ਹਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਬੀਜ ਗਲਣਾ ਤੇ ਪੌਦਾ ਝੁਲਸ ਰੋਗ**

ਇਹ ਬਿਮਾਰੀ ਕਈ ਤਰ੍ਹਾਂ ਦੀਆਂ ਉੱਲੀਆਂ ਕਾਰਨ ਹੋ ਸਕਦੀ ਹੈ। ਇਸ ਦੇ ਹਮਲੇ ਨਾਲ ਖੇਤ 'ਚ ਬੂਟਿਆਂ ਦੀ ਗਿਣਤੀ ਘਟ ਜਾਂਦੀ ਹੈ। ਬਿਮਾਰੀ ਕਾਰਨ ਬੀਜ ਘੱਟ ਉੱਗਦਾ ਹੈ। ਇਸ ਦਾ ਹਮਲਾ ਬੀਜ ਜੰਮਣ ਤੋਂ ਬਾਅਦ ਵੀ ਹੋ ਸਕਦਾ ਹੈ, ਜਿਸ ਕਰਕੇ ਛੋਟੇ ਬੂਟੇ ਪੀਲੇ ਪੈ ਜਾਂਦੇ ਹਨ ਤੇ ਉਨ੍ਹਾਂ ਦਾ ਵਾਧਾ ਰੁਕ ਜਾਂਦਾ ਹੈ। ਬਿਮਾਰ ਬੂਟਿਆਂ ਦੀ ਘੰਡੀ ਉੱਤੇ ਉੱਲੀ ਪੈਦਾ ਹੋ ਜਾਂਦੀ ਹੈ ਤੇ ਬੂਟੇ ਮਰਨੇ ਸ਼ੁਰੂ ਹੋ ਜਾਂਦੇ ਹਨ। ਮੱਕੀ ਵਿਚ ਬੂਟਿਆਂ ਦੀ ਗਿਣਤੀ ਬਹੁਤ ਮਹੱਤਤਾ ਰੱਖਦੀ ਹੈ। ਜੇ ਬੂਟਿਆਂ ਦੀ ਗਿਣਤੀ ਘਟ ਜਾਵੇ ਤਾਂ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਮੱਕੀ ਤੋਂ ਚੰਗਾ ਝਾੜ ਲੈਣ ਵਾਸਤੇ ਬੀਜ ਹਮੇਸ਼ਾ ਰੋਗ ਰਹਿਤ ਖੇਤ ਵਿੱਚੋਂ ਹੀ ਲਵੋ। ਬੀਜ ਨੂੰ ਰੋਗ ਰਹਿਤ ਕਰਨ ਲਈ ਬਾਵਿਸਟਨ ਜਾਂ ਡੈਰੋਸਿਲ ਜਾਂ ਐਗਰੋਜ਼ਿਮ (3 ਗ੍ਰਾਮ ਪ੍ਰਤੀ ਕਿੱਲੋ) ਨਾਲ ਸੋਧ ਕੇ ਬੀਜੋ। ਖੇਤ 'ਚ ਪਾਣੀ ਦੀ ਨਿਕਾਸੀ ਦਾ ਚੰਗਾ ਪ੍ਰਬੰਧ ਹੋਣਾ ਚਾਹੀਦਾ ਹੈ। ਰੋਗੀ, ਸੁੱਕੇ ਤੇ ਗਲੇ ਹੋਏ ਦਾਣੇ ਵੱਖ ਕਰ ਕੇ ਬਿਮਾਰੀ ਰਹਿਤ ਬੀਜ ਨੂੰ ਵੱਖ ਕਰ ਲਵੋ।

**ਭੂਰੀ ਜਾਲੇਦਾਰ ਉੱਲੀ**

ਇਸ ਬਿਮਾਰੀ ਦਾ ਹਮਲਾ ਗਰਮ ਤੇ ਨਮੀਂ ਵਾਲੇ ਇਲਾਕਿਆਂ 'ਚ ਵਧੇਰੇ ਹੁੰਦਾ ਹੈ। ਇਸ ਬਿਮਾਰੀ ਨਾਲ ਪੱਤਿਆਂ ਦੀਆਂ ਨਾੜੀਆਂ ਦੇ ਵਿਚਕਾਰ ਭੂਰੀਆਂ ਧਾਰੀਆਂ ਪੈ ਜਾਂਦੀਆਂ ਹਨ ਤੇ ਧਾਰੀਆਂ ਦੇ ਹੇਠ ਚਿੱਟੀ ਉੱਲੀ ਲੱਗ ਜਾਂਦੀ ਹੈ। ਰੋਗੀ ਬੂਟਿਆਂ ਨੂੰ ਛੱਲੀਆਂ ਛੋਟੀਆਂ ਲਗਦੀਆਂ ਹਨ। ਇਹ ਬਿਮਾਰੀ ਮਿੱਟੀ ਤੇ ਫ਼ਸਲੀ ਰਹਿੰਦ ਖੂੰਹਦ 'ਚੋਂ ਉਪਜਦੀ ਹੈ ਤੇ ਇਸ ਦਾ ਵਾਧਾ ਹਵਾ ਤੇ ਵਰਖਾ ਨਾਲ ਹੁੰਦਾ ਹੈ। ਖੇਤ 'ਚ 'ਤੱਕੜੀ ਘਾਹ' ਇਸ ਬਿਮਾਰੀ ਨੂੰ ਕਾਫੀ ਵਧਾਉਂਦਾ ਹੈ। ਇਸ ਦੀ ਰੋਕਥਾਮ ਵੀ ਪੱਤਾ ਝੁਲਸ ਰੋਗ ਵਾਲੀਆਂ ਦਵਾਈਆਂ ਦੇ ਛਿੜਕਾਅ ਨਾਲ ਕੀਤੀ ਜਾ ਸਕਦੀ ਹੈ। ਖੇਤਾਂ 'ਚੋਂ ਤੱਕੜੀ ਘਾਹ ਨੂੰ ਨਸ਼ਟ ਕਰ ਦੇਵੋ।

**ਟਾਂਡੇ ਗਲਣਾ**

ਇਹ ਰੋਗ ਇਕ ਜੀਵਾਣੂ ਕਾਰਨ ਹੁੰਦਾ ਹੈ, ਜਿਸ ਦਾ ਹਮਲਾ ਗਰਮੀ ਤੇ ਨਮੀ 'ਚ ਜ਼ਿਆਦਾ ਹੁੰਦਾ ਹੈ। ਪੀਐੱਮਐੱਚ-1 ਤੇ ਪੀਐੱਮਐੱਚ-2 ਹਾਈਬ੍ਰਿਡ 'ਤੇ ਇਸ ਦਾ ਅਸਰ ਘੱਟ ਹੁੰਦਾ ਹੈ। ਇਸ ਰੋਗ ਨਾਲ ਤਣੇ ਦੇ ਹੇਠਲੇ ਹਿੱਸੇ 'ਚ ਪਾਣੀ ਭਿੱਜੇ ਨਿਸ਼ਾਨ ਪੈ ਜਾਂਦੇ ਹਨ ਤੇ ਟਾਂਡਾ ਗਲਣਾ ਸ਼ੁਰੂ ਹੋ ਜਾਂਦਾ ਹੈ। ਅਗਸਤ-ਸਤੰਬਰ ਵਿਚ ਜ਼ਿਆਦਾ ਮੀਂਹ ਪੈਣ ਨਾਲ ਖੇਤਾਂ 'ਚ ਪਾਣੀ ਖੜ੍ਹ ਜਾਂਦਾ ਹੈ, ਜਿਸ ਨਾਲ ਇਹ ਬਿਮਾਰੀ ਜਲਦੀ ਫ਼ੈਲਦੀ ਹੈ। ਤਣੇ ਦਾ ਬਾਹਰੀ ਹਰਾਪਣ ਖ਼ਤਮ ਹੋਣਾ ਤੇ ਤਣੇ 'ਚੋਂ ਬਦਬੂ ਆਉਣਾ ਇਸ ਬਿਮਾਰੀ ਦੇ ਮੁੱਖ ਲੱਛਣ ਹਨ। ਗਲਿਆ ਹੋਇਆ ਤਣਾ ਵਿਚਕਾਰੋਂ ਟੁੱਟ ਕੇ ਸੁੱਕ ਜਾਂਦਾ ਹੈ। ਬਿਮਾਰੀ ਤੋਂ ਬਚਾਅ ਲਈ ਖੇਤ 'ਚੋਂ ਪਾਣੀ ਦਾ ਨਿਕਾਸ ਤੇ ਬੂਟਿਆਂ ਵਿਚਕਾਰ ਫ਼ਾਸਲਾ ਠੀਕ ਰੱਖੋ। ਜਦੋਂ ਵੀ ਇਕ-ਦੋ ਬੂਟਿਆਂ 'ਤੇ ਇਹ ਬਿਮਾਰੀ ਨਜ਼ਰ ਆਵੇ ਤਾਂ ਉਨ੍ਹਾਂ ਪੌਦਿਆਂ ਦੇ ਮੁੱਢਾਂ ਨੂੰ ਨਸ਼ਟ ਕਰ ਦਿਓ। ਜਿਸ ਖੇਤ 'ਚ ਇਸ ਬਿਮਾਰੀ ਦੀ ਸੰਭਾਵਨਾ ਹੋਵੇ, ਉੱਥੇ ਬਿਜਾਈ ਵੱਟਾਂ 'ਤੇ ਕਰੋ।

**ਪਛੇਤਾ ਮੁਰਝਾਉਣਾ**

ਇਹ ਇਕ ਗੁੰਝਲਦਾਰ ਰੋਗ ਹੈ, ਜੋ ਉੱਲੀਆਂ ਕਾਰਨ ਹੋ ਸਕਦਾ ਹੈ। ਇਸ ਦੇ ਹਮਲੇ ਨਾਲ ਬੂਟੇ ਫੁੱਲ ਆਉਣ ਤੋਂ ਬਾਅਦ ਕੁਮਲਾਉਣ ਲਗਦੇ ਹਨ। ਟਾਂਡੇ ਦੀਆਂ ਹੇਠਲੀਆਂ ਪੋਰੀਆਂ ਦਾ ਰੰਗ ਬਦਲ ਜਾਂਦਾ ਹੈ। ਟਾਂਡੇ ਨੂੰ ਪਾੜਨ 'ਤੇ ਵਿਚਲੇ ਹਿੱਸੇ 'ਚ ਭੂਰੀਆਂ-ਕਾਲੀਆਂ ਧਾਰੀਆਂ ਨਜ਼ਰ ਆਉਂਦੀਆਂ ਹਨ। ਇਸ ਦੀ ਰੋਕਥਾਮ ਲਈ ਪੀਐੱਮਐੱਚ-1 ਤੇ ਪੀਐੱਮਐੱਚ-2 ਕਿਸਮਾਂ ਬੀਜੋ। ਫ਼ਸਲ ਨੂੰ ਫੁੱਲ ਲੱਗਣ ਮੌਕੇ ਪਾਣੀ ਦੀ ਘਾਟ ਨਾ ਆਉਣ ਦਿਓ। ਖਾਦਾਂ ਸਹੀ ਮਾਤਰਾ 'ਚ ਵਰਤੋ।

**ਚਿਤਕਬਰਾ ਰੋਗ**

ਚਿਤਕਬਰਾ ਰੋਗ ਦਾ ਹਮਲਾ ਪਿਛਲੇ ਕੁਝ ਸਾਲਾਂ ਤੋਂ ਤੇਜ਼ੀ ਨਾਲ ਵਧਿਆ ਹੈ। ਇਸ ਦਾ ਕਾਰਨ ਹੈ ਕਿ ਹਾਲੇ ਤਕ ਇਸ ਦਾ ਟਾਕਰਾ ਕਰਨ ਵਾਲੀ ਕੋਈ ਕਿਸਮ ਵਿਕਸਤ ਨਹੀਂ ਹੋ ਸਕੀ। ਇਸ ਰੋਗ ਨੂੰ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ। ਰੋਗ ਦੇ ਹਮਲੇ ਵੇਲੇ ਪੱਤਿਆਂ 'ਤੇ ਫਿੱਕੇ ਤੇ ਗੂੜ੍ਹੇ ਰੰਗ ਦੇ ਕੌਡੀਆਂ ਵਰਗੇ ਧੱਬੇ ਪੈ ਜਾਂਦੇ ਹਨ। ਇਨ੍ਹਾਂ ਧੱਬਿਆਂ ਦੀ ਲੰਬਾਈ ਤੇ ਚੌੜਾਈ ਵਧਣੀ ਸ਼ੁਰੂ ਹੋ ਜਾਂਦੀ ਹੈ ਤੇ ਹੌਲੀ-ਹੌਲੀ ਇਹ ਲੱਛਣ ਤਣੇ ਤੇ ਛੱਲੀਆਂ ਦੇ ਪਰਦਿਆਂ 'ਤੇ ਨਜ਼ਰ ਆਉਣ ਲਗਦੇ ਹਨ। ਅਖ਼ੀਰ 'ਚ ਬਿਮਾਰੀ ਦੇ ਕਾਲੇ ਰੰਗ ਦੇ ਬੀਜਾਣੂ 'ਸਕਲੀਰੋਸ਼ੀਆ' ਵਿਖਾਈ ਦੇਣ ਲਗਦੇ ਹਨ। ਇਹ ਬੀਜਾਣੂ ਕਟਾਈ ਸਮੇਂ ਜ਼ਮੀਨ 'ਤੇ ਡਿੱਗ ਪੈਂਦੇ ਹਨ ਤੇ ਮਿੱਟੀ 'ਚ ਕਈ ਸਾਲ ਜ਼ਿੰਦਾ ਰਹਿੰਦੇ ਹਨ। ਆਉਣ ਵਾਲੇ ਸਾਲਾਂ 'ਚ ਜਦੋਂ ਮੌਸਮ ਬਿਮਾਰੀ ਦੇ ਅਨਕੂਲ ਹੋਵੇ ਤਾਂ ਇਹ ਬੀਜਾਣੂ ਬਿਮਾਰੀ ਦੇ ਪੈਦਾ ਹੋਣ ਦਾ ਕਾਰਨ ਬਣਦੇ ਹਨ। ਬਚਾਅ ਲਈ ਬਿਮਾਰੀ ਵਾਲੇ ਖੇਤਾਂ 'ਚ 2-3 ਸਾਲ ਮੱਕੀ ਨਾ ਬੀਜੋ ਤੇ ਸਹੀ ਫ਼ਸਲੀ ਚੱਕਰ ਅਪਣਾਓ। ਇਹ ਬਿਮਾਰੀ ਕਿਉਂਕਿ ਬੂਟੇ ਦੇ ਹੇਠਲੇ ਹਿੱਸੇ ਤੋਂ ਸ਼ੁਰੂ ਹੁੰਦੀ ਹੈ, ਇਸ ਲਈ ਟਾਂਡੇ ਦੇ ਹੇਠਲੇ 2-3 ਪੱਤੇ ਲਾਹ ਕੇ ਵੀ ਇਸ ਬਿਮਾਰੀ ਨੂੰ ਘਟਾਇਆ ਜਾ ਸਕਦਾ ਹੈ।

• ਮੋਬਾਈਲ 95010-80050

# ਕਿੰਜ ਹੋਵੇ ਨਰਮੇ ਦਾ ਚਿੱਟੀ ਮੱਖੀ ਤੋਂ ਬਚਾਅ

• ਵਿਜੈ ਕੁਮਾਰ, ਰਵਿੰਦਰ ਸਿੰਘ ਚੰਦੀ×

ਨਰਮੇ ਦੀ ਪੈਦਾਵਾਰ ਵਿੱਚ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਗਿਰਾਵਟ ਆ ਰਹੀ ਹੈ। ਇਸ ਗਿਰਾਵਟ ਦਾ ਮੁੱਖ ਕਾਰਨ ਨਰਮੇ ਵਿੱਚ ਆਉਣ ਵਾਲੇ ਹਾਨੀਕਾਰਕ ਕੀੜੇ ਹਨ। ਬੀਟੀ ਨਰਮੇ ਦੀ ਕਾਸ਼ਤ ਨਾਲ ਟੀਂਡੇ ਦੀਆਂ ਸੁੰਡੀਆਂ ਅਤੇ ਤੰਬਾਕੂ ਸੁੰਡੀ ਦੇ ਹਮਲੇ ਤੋਂ ਤਾਂ ਮੁਕਤੀ ਮਿਲ ਗਈ ਹੈ, ਪਰ ਰਸ ਚੂਸਣ ਵਾਲੇ ਕੀੜਿਆਂ ਦਾ ਹਮਲਾ ਕਿਸਾਨਾਂ ਲਈ ਸਿਰਦਰਦੀ ਬਣਿਆ ਹੋਇਆ ਹੈ। ਇਨ੍ਹਾਂ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਲਈ ਸਾਰੇ ਸੰਭਵ ਤਰੀਕਿਆਂ (ਗ਼ੈਰ ਰਸਾਇਣਕ ਤੇ ਰਸਾਇਣਕ) ਨੂੰ ਯੋਜਨਾਬੱਧ ਢੰਗ ਨਾਲ ਵਰਤਣਾ ਚਾਹੀਦਾ ਹੈ ਤਾਂ ਜੋ ਆਰਥਿਕ ਨੁਕਸਾਨ ਨਾ ਹੋਵੇ, ਵਾਤਾਵਰਣ ਦਾ ਸੰਤੁਲਿਨ ਬਣਿਆ ਰਹੇ ਅਤੇ ਮਿੱਤਰ ਕੀੜੇ ਵੀ ਬਚੇ ਰਹਿਣ।

2015 ਵਿੱਚ ਚਿੱਟੀ ਮੱਖੀ ਨੇ ਨਰਮੇ ਦੀ ਫਸਲ ਦਾ ਭਾਰੀ ਨੁਕਸਾਨ ਕੀਤਾ ਸੀ। ਇਸ ਵਾਰ ਇਹ ਫਿਰ ਸਮੱਸਿਆ ਬਣੀ ਹੋਈ ਹੈ।ਚਿੱਟੀ ਮੱਖੀ ਰਸ ਚੂਸਣ ਵਾਲਾ ਕੀੜਾ ਹੈ। ਬਾਲਗ ਮੱਖੀ ਦਾ ਸਰੀਰ ਪੂਰੀ ਤਰ੍ਹਾਂ ਨਾਲ ਚਿੱਟੇ ਰੰਗ ਦੇ ਪਾਊਡਰ ਨਾਲ ਢੱਕਿਆ ਹੁੰਦਾ ਹੈ। ਨਰਮੇ ਤੋਂ ਇਲਾਵਾ ਇਹ ਕੀੜਾ ਹੋਰ ਫਸਲਾਂ ਜਿਵੇਂ ਮੂੰਗੀ, ਮਾਂਹ, ਸੋਇਆਬੀਨ, ਬੈਂਗਣ, ਟਮਾਟਰ, ਆਲੂ, ਮਿਰਚਾਂ, ਕੱਦੂ ਜਾਤੀ ਦੀਆਂ ਸਬਜ਼ੀਆਂ (ਖੀਰਾ, ਤਰ, ਘੀਆ ਕੱਦੂ, ਆਦਿ) ਅਤੇ ਬਹੁਤ ਸਾਰੇ ਨਦੀਨਾਂ ਜਿਵੇਂ ਕੰਘੀ ਬੂਟੀ, ਪੀਲੀ ਬੂਟੀ, ਪੁੱਠਕੰਡਾ, ਬਟਨ ਬੂਟੀ, ਗੁੱਤ ਪੁੱਟਣਾ, ਧਤੂਰਾ, ਭੰਗ, ਆਦਿ 'ਤੇ ਵੀ ਪਲਦਾ ਹੈ। ਇਸ ਦੇ ਬੱਚੇ ਤੇ ਬਾਲਗ, ਦੋਵੇਂ ਹੀ ਪੱਤੇ ਦੇ ਹੇਠਲੇ ਪਾਸੇ ਤੋਂ ਰਸ ਚੂਸਦੇ ਹਨ। ਮਾਦਾ ਮੱਖੀ ਪੱਤੇ ਦੇ ਹੇਠਲੇ ਪਾਸੇ ਅੰਡੇ ਦਿੰਦੀ ਹੈ ਜਿਨ੍ਹਾਂ ਵਿੱਚੋਂ ਬੱਚੇ ਨਿਕਲ ਕੇ ਥੋੜ੍ਹੀ ਦੇਰ ਪੱਤੇ 'ਤੇ ਤੁਰਦੇ ਹਨ, ਫਿਰ ਰਸ ਚੂਸਣ ਲਈ ਆਪਣਾ ਮੂੰਹ ਪੱਤੇ ਦੇ ਹੇਠਲੇ ਪਾਸੇ ਖੋਭ ਕੇ ਉਥੇ ਹੀ ਚਿਪਕ ਜਾਂਦੇ ਹਨ। ਰਸ ਚੂਸਣ ਕਾਰਨ ਬੂਟੇ ਕਮਜ਼ੋਰ ਹੋ ਜਾਂਦੇ ਹਨ। ਇਹ ਕੀੜੇ ਸ਼ਹਿਦ ਦੀਆਂ ਬੂੰਦਾਂ ਵਰਗਾ ਮਲ ਤਿਆਗ ਪੱਤਿਆਂ 'ਤੇ ਛੱਡਦੇ ਰਹਿੰਦੇ ਹਨ ਜਿਸ ਉਪਰ ਕਾਲੇ ਰੰਗ ਦੀ ਉਲੀ ਜੰਮ ਜਾਂਦੀ ਤੇ ਪੱਤੇ ਕਾਲੇ ਹੋ ਜਾਂਦੇ ਹਨ। ਸਿੱਟੇ ਵਜੋਂ ਬੂਟਾ ਪੂਰੀ ਤਰ੍ਹਾਂ ਖੁਰਾਕ ਨਹੀਂ ਤਿਆਰ ਕਰ ਸਕਦਾ। ਇਹ ਕੀੜਾ ਨਰਮੇ ਦੀ ਫਸਲ ਵਿੱਚ ਪੱਤਾ ਮਰੋੜ ਬਿਮਾਰੀ (ਲੀਫ ਕਰਲ), ਜੋ ਇਕ ਵਿਸ਼ਾਣੂ ਰੋਗ ਹੈ, ਨੂੰ ਵੀ ਫੈਲਾਉਂਦਾ ਹੈ।

ਸਰਵੇਖਣ: ਇਸ ਦੇ ਹਮਲੇ ਦਾ ਸਹੀ ਅੰਦਾਜ਼ਾ ਲਾਉਣ ਲਈ ਖੇਤ ਦਾ ਸਰਵੇਖਣ ਸਵੇਰੇ ਦਸ ਵਜੇ ਤੋਂ ਪਹਿਲਾਂ ਕਰੋ। ਜੇ ਹੋ ਸਕੇ ਤਾਂ ਹਰ ਰੋਜ਼, ਨਹੀਂ ਤਾਂ ਹਰ ਦੂਸਰੇ ਦਿਨ ਫਸਲ ਦਾ ਨਿਰੀਖਣ ਕਰਦੇ ਰਹੋ। ਸਰਵੇਖਣ ਕਰਨ ਲਈ ਖੇਤ ਗ਼ੈਰ ਸਿਫਾਰਸ਼ੀ ਅਤੇ ਮਿਆਦ ਲੰਘਾ ਚੁੱਕੇ ਜ਼ਹਿਰਾਂ ਦੀ ਵਰਤੋਂ ਨਾ ਕਰੋ। ਕੀਟਨਾਸ਼ਕਾਂ ਦੇ ਮਿਸ਼ਰਨ ਦੀ ਵਰਤੋਂ ਤੋਂ ਸੰਕੋਚ ਕਰੋ। ਸਿਫ਼ਾਰਸ਼ ਕੀਤੀ ਕੀਟਨਾਸ਼ਕ ਦੀ ਸਹੀ ਮਾਤਰਾ ਦੀ ਵਰਤੋਂ ਕਰੋ। ਕੀਟਨਾਸ਼ਕਾਂ ਦਾ ਛਿੜਕਾਅ ਅਦਲ ਬਦਲ ਕੇ ਕਰੋ।ਗ਼ੈਰ ਸਿਫਾਰਸ਼ੀ ਅਤੇ ਮਿਆਦ ਲੰਘਾ ਚੁੱਕੇ ਜ਼ਹਿਰਾਂ ਦੀ ਵਰਤੋਂ ਨਾ ਕਰੋ। ਕੀਟਨਾਸ਼ਕਾਂ ਦੇ ਮਿਸ਼ਰਨ ਦੀ ਵਰਤੋਂ ਤੋਂ ਸੰਕੋਚ ਕਰੋ। ਸਿਫ਼ਾਰਸ਼ ਕੀਤੀ ਕੀਟਨਾਸ਼ਕ ਦੀ ਸਹੀ ਮਾਤਰਾ ਦੀ ਵਰਤੋਂ ਕਰੋ। ਕੀਟਨਾਸ਼ਕਾਂ ਦਾ ਛਿੜਕਾਅ ਅਦਲ ਬਦਲ ਕੇ ਕਰੋ।ਵਿੱਚੋਂ ਵੱਖ-ਵੱਖ ਥਾਵਾਂ ਤੋਂ ਬੂਟਿਆਂ ਦੀ ਚੋਣ ਕਰੋ। ਬੂਟੇ ਦੇ ਉਪਰਲੇ ਹਿੱਸੇ ਵਿੱਚ ਪੂਰੇ ਬਣੇ, ਤਿੰਨ ਪੱਤਿਆਂ ਨੂੰ ਸਾਵਧਾਨੀ ਨਾਲ ਟੇਢੇ ਕਰਕੇ, ਇਨ੍ਹਾਂ ਦੇ ਹੇਠਲੇ ਪਾਸੇ ਤੋਂ ਚਿੱਟੀ ਮੱਖੀ ਦੀ ਗਿਣਤੀ ਕਰੋ। ਦੇਖਣ ਵਿੱਚ ਆਇਆ ਹੈ ਕਿ ਜਿਨ੍ਹਾਂ ਇਲਾਕਿਆਂ ਵਿੱਚ ਭਾਰੀ ਮੀਂਹ ਪੈ ਜਾਵੇ, ਉਨ੍ਹਾਂ ਇਲਾਕਿਆਂ ਵਿੱਚ ਇਸ ਦਾ ਹਮਲਾ ਕੁਝ ਦਿਨਾਂ ਲਈ ਘੱਟ ਜਾਂਦਾ ਹੈ। ਪਰ ਸਰਵੇਖਣ ਲਗਾਤਾਰ ਜਾਰੀ ਰੱਖੋ। ਇਹ ਵੀ ਦੇਖਿਆ ਗਿਆ ਹੈ ਕਿ ਕਿਨੂੰ ਦੇ ਬਾਗਾਂ ਵਾਲੇ ਇਲਾਕਿਆਂ ਵਿੱਚ ਮੌਸਮ ਅਨੁਕੂਲ ਰਹਿਣ ਕਾਰਨ ਇਸ ਦਾ ਹਮਲਾ ਦੂਜੇ ਇਲਾਕਿਆਂ ਦੇ ਮੁਕਾਬਲੇ ਜ਼ਿਆਦਾ ਹੁੰਦਾ ਹੈ। ਇਸ ਲਈ ਇਨ੍ਹਾਂ ਇਲਾਕਿਆਂ ਵਿੱਚ ਸਰਵੇਖਣ ਜਲਦੀ ਕਰੋ ਅਤੇ ਪਹਿਲ ਦੇ ਆਧਾਰ 'ਤੇ ਇਸ ਦੀ ਰੋਕਥਾਮ ਕਰੋ। ਲੋੜ ਅਨੁਸਾਰ ਖਾਦ, ਪਾਣੀ ਤੇ ਕਾਸ਼ਤ ਦੇ ਸਾਫ਼ ਸੁਥਰੇ ਢੰਗ ਹਾਨੀਕਾਰਕ ਕੀੜਿਆਂ ਦੀ ਗਿਣਤੀ ਨੂੰ ਰੋਕਦੇ ਹਨ; ਮਿੱਤਰ ਕੀੜਿਆਂ ਦੀ ਗਿਣਤੀ ਵੱਧਣ ਵਿੱਚ ਮਦਦ ਕਰਦੇ ਹਨ। ਮਿੱਟੀ ਦੀ ਪਰਖ਼ ਦੇ ਆਧਾਰ 'ਤੇ ਹੀ ਖਾਦਾਂ ਦੀ ਸੰਤੁਲਿਤ ਵਰਤੋਂ ਕਰੋ। ਨਾਈਟ੍ਰੋਜਨੀ ਖਾਦਾਂ ਦੀ ਲੋੜ ਤੋਂ ਵਧ ਵਰਤੋਂ ਨਾ ਕਰੋ। ਨਰਮੇ ਕਪਾਹ ਦੀ ਫ਼ਸਲ ਨੂੰ ਪਾਣੀ ਲੋੜ ਅਨੁਸਾਰ ਲਾਓ। ਲੋੜ ਤੋਂ ਵੱਧ ਪਾਣੀ ਲਾਉਣ ਨਾਲ ਫ਼ਸਲ ਦਾ ਕੱਦ, ਲੋੜ ਤੋਂ ਵੱਧ ਜਾਂਦਾ ਹੈ ਜੋ ਚਿੱਟੀ ਮੱਖੀ ਦੇ ਵੱਧਣ-ਫੁੱਲਣ ਵਿੱਚ ਸਹਾਈ ਹੁੰਦਾ ਹੈ। ਚਿੱਟੀ ਮੱਖੀ ਦੇ ਹਮਲੇ ਤੋਂ ਬਚਾਅ ਲਈ ਨਰਮੇ ਵਾਲੇ ਖੇਤਾਂ ਵਿੱਚ ਅਤੇ ਆਲੇ-ਦੁਆਲੇ ਭਿੰਡੀ, ਮੂੰਗੀ ਅਤੇ ਅਰਹਰ ਨਾ ਬੀਜੋ। ਬਿਜਾਈ ਤੋਂ ਪਹਿਲਾਂ ਖਾਲੀ ਥਾਂਵਾਂ, ਸੜਕਾਂ ਦੇ ਕਿਨਾਰਿਆਂ, ਖਾਲਿਆਂ ਦੀਆਂ ਵੱਟਾਂ ਅਤੇ ਬੇਕਾਰ ਪਈ ਭੂਮੀ ਵਿੱਚੋਂ ਚਿੱਟੀ ਮੱਖੀ ਅਤੇ ਲੀਫ ਕਰਲ (ਪੱਤਾ ਮਰੋੜ) ਬਿਮਾਰੀ ਦੇ ਬਦਲਵੇਂ ਨਦੀਨ ਜਿਵੇਂ ਕੰਘੀ ਬੂਟੀ, ਪੀਲੀ ਬੂਟੀ, ਪੁੱਠਕੰਡਾ, ਧਤੂਰਾ, ਭੰਗ, ਆਦਿ ਨਸ਼ਟ ਕਰੋ।ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਬੈਂਗਣ, ਟਮਾਟਰ, ਮਿਰਚਾਂ, ਮੂੰਗੀ, ਆਦਿ 'ਤੇ ਵੀ ਪਾਇਆ ਜਾਂਦਾ ਹੈ। ਇਸ ਵਾਸਤੇ ਇਨ੍ਹਾਂ ਫਸਲਾਂ ਦਾ ਲਗਾਤਾਰ ਸਰਵੇਖਣ ਕਰੋ ਤੇ ਲੋੜ ਮੁਤਾਬਿਕ ਇਸ ਦੀ ਰੋਕਥਾਮ ਕਰੋ।



**ਬਣੀ ਹੋਈ ਹੈ।ਚਿੱਟੀ ਮੱਖੀ ਰਸ ਚੂਸਣ ਵਾਲਾ ਕੀੜਾ ਹੈ। ਬਾਲਗ ਮੱਖੀ ਦਾ ਸਰੀਰ ਪੂਰੀ ਤਰ੍ਹਾਂ ਨਾਲ ਚਿੱਟੇ ਰੰਗ ਦੇ ਪਾਊਡਰ ਨਾਲ ਢੱਕਿਆ ਹੁੰਦਾ ਹੈ। ਨਰਮੇ ਤੋਂ ਇਲਾਵਾ ਇਹ ਕੀੜਾ ਹੋਰ ਫਸਲਾਂ ਜਿਵੇਂ ਮੂੰਗੀ, ਮਾਂਹ, ਸੋਇਆਬੀਨ, ਬੈਂਗਣ, ਟਮਾਟਰ, ਆਲੂ, ਮਿਰਚਾਂ, ਕੱਦੂ ਜਾਤੀ ਦੀਆਂ ਸਬਜ਼ੀਆਂ (ਖੀਰਾ, ਤਰ, ਘੀਆ ਕੱਦੂ, ਆਦਿ) ਅਤੇ ਬਹੁਤ ਸਾਰੇ ਨਦੀਨਾਂ ਜਿਵੇਂ ਕੰਘੀ ਬੂਟੀ, ਪੀਲੀ ਬੂਟੀ, ਪੁੱਠਕੰਡਾ, ਬਟਨ ਬੂਟੀ, ਗੁੱਤ ਪੁੱਟਣਾ, ਧਤੂਰਾ, ਭੰਗ, ਆਦਿ 'ਤੇ ਵੀ ਪਲਦਾ ਹੈ।**

ਫਸਲ ਦੀ ਸ਼ੁਰੂਆਤੀ ਅਵਸਥਾ ਵਿੱਚ ਚਿੱਟੀ ਮੱਖੀ ਦਾ ਹਮਲੇ ਹੋਣ 'ਤੇ ਇੱਕ ਤੋਂ ਦੋ ਛਿੜਕਾਅ ਇਕ ਲਿਟਰ ਨਿੰਬੀਸੀਡੀਨ ਜਾਂ ਅਚੂਕ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ਕਿਉਂਕਿ ਇਹ ਮਿੱਤਰ ਕੀੜਿਆਂ ਲਈ ਸੁਰੱਖਿਅਤ ਹਨ। ਛਿੜਕਾਅ ਉਸ ਸਮੇਂ ਸ਼ੁਰੂ ਕਰੋ ਜਦੋਂ ਸਵੇਰੇ ਦਸ ਵਜੇ ਤੋਂ ਪਹਿਲਾਂ ਆਰਥਿਕ ਨੁਕਸਾਨ ਕਰਨ ਦੀ ਹੱਦ (6 ਮੱਖੀਆਂ ਪ੍ਰਤੀ ਪੱਤਾ) ਜਾਂ 50% ਬੂਟਿਆਂ ਦੇ ਪੱਤਿਆਂ ਉੱਪਰ ਸ਼ਹਿਦ ਵਰਗੀਆਂ ਬੂੰਦਾਂ ਹੋਣ। ਚਿੱਟੀ ਮੱਖੀ ਦੇ ਬਾਲਗਾਂ ਲਈ 80 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 200 ਗ੍ਰਾਮ ਪੋਲੋ/ਕਰੇਜ/ਰੂਬੀ/ਲੂਡੋ/ਸ਼ੋਕੂ 50 ਡਬਲਯੂ ਪੀ (ਡਾਆਫੈਨਥੂਯੂਰੋਨ) ਜਾਂ 800 ਮਿਲੀਲਿਟਰ ਫਾਸਮਾਈਟ/ਈ-ਮਾਈਟ/ਵਾਲਥੀਆਨ/ ਗੋਲਡ ਮਿਟ 50 ਈ ਸੀ (ਈਥੀਆਨ) ਜਾਂ 600 ਮਿਲੀਲਿਟਰ ਮਾਰਕਟਰਾਈਜ਼ੋ/ ਸੂਟਾਥੀਆਨ 40 ਈ ਸੀ (ਟਰਾਈਜ਼ੋਫਾਸ) ਦਾ ਪ੍ਰਤੀ ਏਕੜ ਛਿੜਕਾਅ ਕਰੋ। ਚਿੱਟੀ ਮੱਖੀ ਦੇ ਬੱਚਿਆਂ ਦੀ ਰੋਕਥਾਮ ਲਈ 500 ਮਿਲੀਲਿਟਰ ਲੈਨੋ 10 ਈ ਸੀ (ਪਾਈਰੀਪਰੋਕਸੀਫਿਨ) ਜਾਂ 200 ਮਿਲੀਲਿਟਰ ?ਬਰੇਨ 240 ਐਸ ਸੀ (ਸਪੈਰੋਮੈਸੀਫਿਨ) ਦਾ ਪ੍ਰਤੀ ਏਕੜ ਛਿੜਕਾਅ ਕਰੋ। ਪੂਰੇ ਬੂਟੇ 'ਤੇ ਛਿੜਕਾਅ ਕਰਨਾ ਬਹੁਤ ਜ਼ਰੂਰੀ ਹੈ। ਗ਼ੈਰ ਸਿਫਾਰਸ਼ੀ ਅਤੇ ਮਿਆਦ ਲੰਘਾ ਚੁੱਕੇ ਜ਼ਹਿਰਾਂ ਦੀ ਵਰਤੋਂ ਨਾ ਕਰੋ। ਕੀਟਨਾਸ਼ਕਾਂ ਦੇ ਮਿਸ਼ਰਨ ਦੀ ਵਰਤੋਂ ਤੋਂ ਸੰਕੋਚ ਕਰੋ। ਸਿਫ਼ਾਰਸ਼ ਕੀਤੀ ਕੀਟਨਾਸ਼ਕ ਦੀ ਸਹੀ ਮਾਤਰਾ ਦੀ ਵਰਤੋਂ ਕਰੋ। ਕੀਟਨਾਸ਼ਕਾਂ ਦਾ ਛਿੜਕਾਅ ਅਦਲ ਬਦਲ ਕੇ ਕਰੋ। ਛਿੜਕਾਅ ਹਮੇਸ਼ਾ ਦੁਪਿਹਰ 12 ਵਜੇ ਤੋਂ ਪਹਿਲਾਂ ਜਾਂ ਸ਼ਾਮ ਵੇਲੇ ਕਰੋ। ਜੇ ਪਿੰਡ ਪੱਧਰ 'ਤੇ ਇੱਕੋ ਸਮੇਂ ਕੀਟਨਾਸ਼ਕ ਦਾ ਛਿੜਕਾਅ ਕਰਨਾ ਸੰਭਵ ਹੋ ਸਕਦਾ ਹੈ ਤਾਂ ਚਿੱਟੀ ਮੱਖੀ ਦੀ ਰੋਕਥਾਮ ਜ਼ਿਆਦਾ ਅਸਰਦਾਰ ਸਾਬਤ ਹੋ ਸਕਦੀ ਹੈ। ਚਿੱਟੀ ਮੱਖੀ ਦੇ ਵਾਧੇ ਨੂੰ ਰੋਕਣ ਲਈ ਸਿੰਥੈਟਿਕ ਪਰਿਥਰਾਇਡ ਕੀਟਨਾਸ਼ਕਾਂ (ਸਾਈਪਰਮੈਥਰਿਨ, ਫੈਨਵਲਰੇਟ, ਡੈਲਟਾਮੈਥਰਿਨ) ਐਸੀਫੇਟ, ਪਰਾਇਡ ਆਦਿ ਦੀ ਵਰਤੋਂ ਨਾ ਕਰੋ।

ਛਿੜਕਾਅ ਦਾ ਸਹੀ ਢੰਗ: ਰਸ ਚੂਸਣ ਵਾਲੇ ਕੀੜੇ, ਟੀਂਡੇ ਦੀਆਂ ਸੁੰਡੀਆਂ ਅਤੇ ਤੰਬਾਕੂ ਸੁੰਡੀ ਦੀ ਰੋਕਥਾਮ ਲਈ ਸਿਫਾਰਸ਼ ਕੀਤੀਆਂ ਗਈਆਂ ਕੀੜੇਮਾਰ ਜ਼ਹਿਰਾਂ ਦਾ ਛਿੜਕਾਅ 125-150 ਲਿਟਰ ਪਾਣੀ ਵਿੱਚ ਮਿਲਾਕੇ ਨੈਪਸੈਕ ਪੰਪ ਨਾਲ ਕਰੋ। ਜਾਂ 75 ਲਿਟਰ ਪਾਣੀ ਵਿੱਚ ਮਿਲਾ ਕੇ ਇੰਜਣ ਵਾਲੇ ਪਿੱਠੂ ਪੰਪ ਨਾਲ ਜਾਂ ਟਰੈਕਟਰ ਨਾਲ ਚੱਲਣ ਵਾਲੇ ਪੰਪ ਨਾਲ ਕਰੋ। ਜਾਂ 12-15 ਲਿਟਰ ਪਾਣੀ ਵਿੱਚ ਮਿਲਾ ਕੇ ਹਵਾ ਦੇ ਸਹਿਯੋਗ ਨਾਲ ਚੱਲਣ ਵਾਲਾ ਬੈਕਪੈਕ ਇਲੈਕਟ੍ਰੋਸਟੈਟਿਕ ਸਪਰੇਅਰ ਨਾਲ ਕਰੋ। ਜਾਂ 300-400 ਲਿਟਰ ਪਾਣੀ ਵਿੱਚ ਮਿਲਾ ਕੇ ਸਵੈ ਘੁੰਮਾਅ ਗੰਨ ਸਪਰੇਅਰ ਜਾਂ 250-400 ਲਿਟਰ ਪਾਣੀ ਵਿੱਚ ਮਿਲਾ ਕੇ ਟਰੈਕਟਰ ਨਾਲ ਚੱਲਣ ਵਾਲਾ ਪੀ ਏ ਯੂ ਬਹੁਮੰਤਵੀ ਹਾਈ ਕਲੀਅਰੈਂਸ ਸਪਰੇਅਰ ਨਾਲ ਕਰੋ। ਪਾਣੀ ਦੀ ਮਾਤਰਾ ਪੰਪ ਦੀ ਕਿਸਮ ਅਤੇ ਉਸ ਵਿੱਚ ਵਰਤੀਆਂ ਨੋਜ਼ਲਾਂ ਅਨੁਸਾਰ ਘੱਟ ਵੱਧ ਹੋ ਸਕਦੀ ਹੈ ਪਰ ਕੀਟਨਾਸ਼ਕ ਦੀ ਮਾਤਰਾ ਸਿਫਾਰਸ਼ ਕੀਤੀ ਮਿਕਦਾਰ ਤੋਂ ਨਹੀਂ ਘਟਣੀ ਚਾਹੀਦੀ।

ਛਿਟੀਆਂ ਪਾਸਿਆਂ ਨੂੰ ਦਬਾਕੇ ਲੰਘਣ ਲਈ ਰਸਤੇ ਬਣਾਕੇ ਛਿੜਕਾਅ ਜਲਦੀ ਹੋ ਜਾਂਦਾ ਹੈ। ਹੱਥ ਨਾਲ ਚੱਲਣ ਵਾਲੇ ਪੰਪ ਦੇ ਛਿੜਕਾਅ ਲਈ ਅਜਿਹੇ ਰਸਤੇ 2-2 ਮੀਟਰ ਅਤੇ ਇੰਜਣ ਵਾਲੇ ਪਿੱਠੂ ਪੰਪ ਨਾਲ ਇਹ 4-4 ਮੀਟਰ ਦੀ ਵਿੱਥ 'ਤੇ ਹੋਣੇ ਚਾਹੀਦੇ ਹਨ। ਟਰੈਕਟਰਾਂ ਵਾਲੇ ਪੰਪ ਨਾਲ ਹਾਲੋ ਕੋਨ ਵਾਲੀਆਂ 13 ਨੋਜ਼ਲਾਂ ਲੱਗੀਆਂ ਹੋਣੀਆਂ ਚਾਹੀਦੀਆਂ ਹਨ ਜੋ ਇੱਕ ਦੂਜੇ ਤੋਂ 75 ਸੈਂਟੀਮੀਟਰ ਦੀ ਦੂਰੀ 'ਤੇ ਹੋਣ। ਹਰ ਇੱਕ ਨੋਜ਼ਲ ਵਿੱਚੋਂ ਇੱਕ ਮਿੰਟ ਵਿੱਚ 500-600 ਮਿਲੀਲਿਟਰ ਛਿੜਕਾਅ ਦਾ ਪਾਣੀ ਨਿਕਲੇ। ਰਸ ਚੂਸਣ ਵਾਲੇ ਕੀੜਿਆਂ ਤੋਂ ਛਿੜਕਾਅ ਸਮੇਂ ਟਰੈਕਟਰ ਦੀ ਰਫ਼ਤਾਰ 4 ਕਿਲੋਮੀਟਰ ਪ੍ਰਤੀ ਘੰਟਾ ਅਤੇ ਟੀਂਡੇ ਦੀਆਂ ਸੁੰਡੀਆਂ ਤੇ ਛਿੜਕਾਅ ਲਈ ਰਫ਼ਤਾਰ 2.5 ਕਿਲੋਮੀਟਰ ਪ੍ਰਤੀ ਘੰਟਾ ਹੋਣੀ ਚਾਹੀਦੀ ਹੈ। ਸਾਰੇ ਛਿੜਕਾਅ ਲਈ ਟਰੈਕਟਰ ਦੀਆਂ ਲੀਹਾਂ ਇੱਕੋ ਹੀ ਰੱਖੋ ਅਤੇ ਇਸ ਨੂੰ ਇੱਕ ਹੀ ਦਿਸ਼ਾ ਵਿੱਚ ਚਲਾਓ। ਛਿੜਕਾਅ ਵਾਲੀ ਨਾਲੀ ਨੂੰ ਫ਼ਸਲ ਤੋਂ 50 ਸੈਂਟੀਮੀਟਰ ਉਚਾ ਰੱਖੋ। ਟਰੈਕਟਰ ਇੱਕ ਗੇੜ ਵਿੱਚ 10 ਮੀਟਰ ਚੌੜਾਈ ਵਿੱਚ ਛਿੜਕਾਅ ਕਰ ਸਕਦਾ ਹੈ। ਜੇ ਛਿੜਕਾਅ ਦੇ 24 ਘੰਟੇ ਅੰਦਰ ਮੀਂਹ ਪੈ ਜਾਵੇ ਤਾਂ ਛਿੜਕਾਅ ਦੁਬਾਰਾ ਕਰੋ।

# ਬਾਗ਼ਬਾਨੀ ਫ਼ਸਲਾਂ ਵਿੱਚ ਖੋਜ ਪ੍ਰਾਪਤੀਆਂ



ਡਾ. ਬਲਦੇਵ ਸਿੰਘ ਢਿੱਲੋਂ

ਬਾਗਬਾਨੀ ਫ਼ਸਲਾਂ ਨਾਲ ਪੰਜਾਬ ਵਿੱਚ ਖੇਤੀ ਵੰਨ-ਸੁਵੰਨਤਾ ਲਿਆਂਦੀ ਜਾ ਸਕਦੀ ਹੈ। ਮੰਡੀਕਰਨ ਦੇ ਮੌਜੂਦਾ ਸਿਸਟਮ ਵਿੱਚ ਭਾਵੇਂ ਇਨ੍ਹਾਂ ਫ਼ਸਲਾਂ ਨੂੰ ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਦੇਖਣੇ ਪੈਂਦੇ ਹਨ, ਲੇਕਿਨ ਕਿਸਾਨਾਂ ਦਾ ਮੁਨਾਫ਼ਾ ਵਧਾਉਣ ਅਤੇ ਰੁਜ਼ਗਾਰ ਦੇ ਵਸੀਲੇ ਮੁਹੱਈਆ ਕਰਨ ਵਿੱਚ ਇਹ ਫ਼ਸਲਾਂ ਕਾਫੀ ਸਮਰੱਥ ਹਨ। ਬਾਗਬਾਨੀ ਫ਼ਸਲਾਂ ਦੇ ਖੇਤਰ ਵਿੱਚ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਪਿਛਲੇ ਪੰਜ ਸਾਲਾਂ ਵਿੱਚ ਕਈ ਅਹਿਮ ਖੋਜ ਪ੍ਰਾਪਤੀਆਂ ਕੀਤੀਆਂ ਹਨ, ਜਿਨ੍ਹਾਂ ਵਿੱਚ ਫ਼ਸਲਾਂ ਦੀਆਂ ਨਵੀਆਂ/ਸੋਧੀਆਂ ਹੋਈਆਂ ਕਿਸਮਾਂ, ਉਤਪਾਦਨ ਅਤੇ ਸੁਰੱਖਿਆ ਤਕਨਾਲੋਜੀਆਂ ਨੂੰ ਵਿਕਸਿਤ ਕਰਨਾ, ਕਟਾਈ ਉਪ੍ਰੰਤ ਸਾਂਭ ਸੰਭਾਲ ਅਤੇ ਗੁਣਵੱਤਾ ਵਧਾਉਣਾ ਆਦਿ ਕਾਰਜ ਸ਼ਾਮਿਲ ਹਨ। ਪੀਏਯੂ ਵਿਖੇ ਬਾਗਬਾਨੀ ਖੋਜ ਦਾ ਕਾਰਜ ਫ਼ਲ ਵਿਗਿਆਨ, ਸਬਜ਼ੀਆਂ ਦੀਆਂ ਫ਼ਸਲਾਂ ਅਤੇ ਫਲੋਰੀਕਲਚਰ ਅਤੇ ਲੈਂਡਸਕੇਪਿੰਗ ਦੇ ਵਿਭਾਗਾਂ ਵਿੱਚ ਸੇਵਾ ਨਿਭਾਅ ਰਹੇ ਵਿਗਿਆਨੀਆਂ ਦੀਆਂ ਵਿਸ਼ੇ-ਮਾਹਿਰ ਟੀਮਾਂ ਵਲੋਂ ਕੀਤਾ ਜਾ ਰਿਹਾ ਹੇ। ਬਾਗਬਾਨੀ ਵਿੱਚ ਖੋਜ ਕਰ ਰਹੇ ਇਹ ਵਿਗਿਆਨੀ ਜਰਮਪਲਾਜ਼ਮ ਅਤੇ ਬਰੀਡਿੰਗ ਤਕਨੀਕਾਂ 'ਤੇ ਵਧੇਰੇ ਜ਼ੋਰ ਦੇ ਰਹੇ ਹਨ। ਫ਼ਲਾਂ ਦੀਆਂ ਫ਼ਸਲਾਂ ਵਿੱਚ ਪੰਜ ਸਾਲਾਂ ਦੌਰਾਨ ਗਿਆਰਾਂ ਨਵੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ। ਬੀਜ ਰਹਿਤ ਕਿੰਨੂ ਦੀ ਕਿਸਮ ਪੀਏਯੂ ਕਿੰਨੂ-1, ਜਿਸ ਦੀ ਵਧੇਰੇ ਪ੍ਰੋਸੈਸਿੰਗ ਅਤੇ ਨਿਰਯਾਤ ਸਮਰੱਥਾ ਹੈ, ਨੂੰ ਵਿਕਸਤ ਕਰਨਾ ਪੀਏਯੂ ਦੀ ਅਹਿਮ ਪ੍ਰਾਪਤੀ ਹੈ। ਕਿੰਨੂ ਦੀ ਇਸ ਕਿਸਮ ਦੇ ਬੀਜ ੨੧ ਦੇ ਮੁਕਾਬਲੇ ਔਸਤਨ 3-4 ਹੀ ਹੁੰਦੇ ਹਨ। ਮੈਂਡਰਿਨ ਦੀ ਡੇਜ਼ੀ ਕਿਸਮ ਦੇ ਜਾਰੀ ਹੋਣ ਨਾਲ ਕਿੰਨੂ ਦੀਆਂ ਕਿਸਮਾਂ ਵਿਚਲੀ ਵੰਨ-ਸੁਵੰਨਤਾ ਨੂੰ ਵੀ ਹੁਲਾਰਾ ਮਿਲਿਆ ਹੈ ਕਿਉਂਕਿ ਇਸ ਕਿਸਮ ਦਾ ਫਲ ਅਗੇਤਾ (20 ਨਵੰਬਰ ਤੱਕ) ਤਿਆਰ ਹੋ ਜਾਂਦਾ ਹੈ। ਇਸ ਸਦਕਾ ਫਲ ਵਧੇਰੇ ਲੰਬੇ ਸਮੇਂ ਤੱਕ ਮਿਲਦਾ ਰਹਿੰਦਾ ਹੈ। ਡਬਲਯੂ ਮੂਰਕੋਟ, ਜੋ ਮੈਂਡਰਿਨ ਦੀ ਪਛੜ ਕੇ ਤਿਆਰ ਹੋਣ ਵਾਲੀ ਕਿਸਮ ਹੈ, ਨਾਲ ਵੀ ਕਿੰਨੂ ਦੀਆਂ ਕਿਸਮਾਂ ਵਿੱਚ ਵੰਨ-ਸੁਵੰਨਤਾ ਆਈ ਹੈ। ਮੌਜੂਦਾ ਸਮੇਂ ਵਿੱਚ ਜਾਰੀ ਹੋਈਆਂ ਕਿਸਮਾਂ ਵਿੱਚ ਸ਼ਵੇਤਾ ਅਮਰੂਦ, ਸੁਪੀਰੀਅਰ ਬੀਜ ਰਹਿਤ ਅੰਗੂਰ ਅਤੇ ਭਗਵਾ ਅਨਾਰ ਵੀ ਸ਼ਾਮਲ ਹਨ। ਯੂਨੀਵਰਸਿਟੀ ਦੇ ਫ਼ਲ ਵਿਗਿਆਨ ਵਿਭਾਗ ਵਲੋਂ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਲਈ ਬਿਲ, ਅੰਜੀਰ ਅਤੇ ਖਜੂਰ ਦੀਆਂ ਪਲੇਠੀਆਂ ਕਿਸਮਾਂ ਜਾਰੀ ਕੀਤੀਆਂ ਗਈਆਂ ਹਨ। ਛੰਗਾਈ ਅਤੇ ਪਿਊਂਦ ਦੀ ਅੱਖ ਦੇ ਜਲਦੀ ਪੁੰਗਰਣ ਦੀ ਤਕਨੀਕ ਦੇ ਨਾਲ ਨਾਲ ਡੱਬਿਆਂ ਵਿੱਚ ਨਰਸਰੀ ਉਤਪਾਦਨ ਨਾਲ ਕਿੰਨੂ ਦੇ ਨਰਸਰੀ ਉਤਪਾਦਨ ਦੇ ਹੋਰ ਵੱਧਣ ਦੀ ਉਮੀਦ ਹੈ। ਸਾਲ 2016-17 ਦੌਰਾਨ ਪੀਏਯੂ ਨੇ ਕਿਸਾਨਾਂ ਨੂੰ ਫ਼ਲਾਂ ਦੇ ਰੁੱਖਾਂ ਦੇ 3.5 ਲੱਖ ਤੋਂ ਵੱਧ ਨਰਸਰੀ ਬੂਟੇ ਮੁਹੱਈਆ ਕੀਤੇ ਹਨ। ਨਾਸ਼ਪਾਤੀ ਅਤੇ ਆਲੂ ਬੁਖਾਰੇ ਦੀ ਗੁਣਵੱਤਾ ਵਧਾਉਣ ਲਈ ਪੋਟਾਸ਼ੀਅਮ ਨਾਈਟ੍ਰੇਟ ਦਾ ਛਿੜਕਾਅ ਅਤੇ ਉਮਰਾਨ ਬੇਰ ਵਿੱਚ ਫ਼ਲ ਦੇ ਕੇਰੇ ਨੂੰ ਰੋਕਣ ਲਈ ਵਿਕਾਸ ਰੈਗੂਲੇਟਰ (ਐਨ ਏ ਏ) ਦੀ ਵਰਤੋਂ ਦੀ ਸਿਫਾਰਸ਼ ਕੀਤੀ ਗਈ ਹੈ। ਅੰਬਾਂ ਅਤੇ ਅਮਰੂਦਾਂ ਦੇ ਪੁਰਾਣੇ ਬਾਗਾਂ ਨੂੰ ਮੁੜ ਤੋਂ ਹਰਿਆ ਭਰਿਆ ਕਰਨ ਦੀ ਤਕਨੀਕ ਵਿਕਸਿਤ ਕੀਤੀ ਗਈ ਸਿਰਫ 625 ਵਰਗ ਮੀਟਰ ਦੇ ਰਕਬੇ ਵਾਲੀ ਪੋਸ਼ਟਿਕ ਫ਼ਲਾਂ ਦੀ ਬਗੀਚੀ ਦਾ ਮਾਡਲ, ਜਿਸ ਵਿੱਚ 21 ਕਿਸਮ ਦੇ ਫਲ ਲਗਾਏ ਜਾ ਸਕਦੇ ਹਨ, ਬਣਾਇਆ ਗਿਆ ਤਾਂ ਜੋ ਫ਼ਲਾਂ ਦੀ ਘਰੇਲੂ ਅਤੇ ਸਥਾਨਕ ਵਰਤੋਂ ਰਾਹੀਂ ਪੋਸ਼ਣ ਨੂੰ ਵਧਾਇਆ ਜਾ ਸਕੇ। ਵਿਕਸਿਤ ਕੀਤੀਆਂ ਪੌਦ ਸੁਰੱਖਿਆ ਤਕਨੀਕਾਂ ਵਿਚੋਂ ਕਿੰਨੂ, ਅਮਰੂਦ, ਆੜੂ ਅਤੇ ਨਾਸ਼ਪਤੀ ਦੇ ਬਾਗਾਂ ਲਈ ਫ਼ਲਾਂ ਦੀ ਮੱਖੀ ਨੂੰ ਕਾਬੂ ਕਰਨ ਵਾਲੇ ਜਾਲ (ਫਰੂਟ ਫਲਾਈ ਟ੍ਰੈਪਜ਼) ਵਧੇਰੇ ਅਸਰਦਾਇਕ ਰਹੇ।



ਪੰਜਾਬ ਵਿੱਚ ਸਬਜ਼ੀਆਂ ਦੀਆਂ ਫ਼ਸਲਾਂ ਅਧੀਨ ਰਕਬਾ ਪਿਛਲੇ ਪੰਜ ਸਾਲਾਂ ਦੌਰਾਨ 1.88 ਲੱਖ ਤੋਂ ਵੱਧ ਕੇ 2.30 ਲੱਖ ਹੈਕਟੇਅਰ ਹੋ ਗਿਆ। ਸਬਜ਼ੀਆਂ ਦੀਆਂ ਫ਼ਸਲਾਂ ਵਿਚਲੇ ਬਰੀਡਿੰਗ ਪ੍ਰੋਗਰਾਮਾਂ ਦਾ ਵਧੇਰੇ ਤਜਰਬਾ ਹੋਣ ਕਰਕੇ29 ਕਿਸਮਾਂ ਵਿਕਸਿਤ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 15 ਫ਼ਸਲਾਂ ਇਸ ਸਮੇਂ ਦੌਰਾਨ ਵਿਕਸਿਤ ਕੀਤੀਆਂ ਗਈਆਂ। ਇਨ੍ਹਾਂ ਕਿਸਮਾਂ ਵਿੱਚ ਟਮਾਟਰਾਂ ਦੀਆਂ ਪੰਜਾਬ ਸਰਤਾਜ ਅਤੇ ਪੰਜਾਬ ਗੌਰਵ ਤੋਂ ਇਲਾਵਾ ਪੋਲੀ ਨੈੱਟ ਹਾਊਸ ਕਾਸ਼ਤ ਲਈ ਪੰਜਾਬ ਰੈੱਡ ਚੈਰੀ, ਪੰਜਾਬ ਸੋਨਾ ਅਤੇ ਪੰਜਾਬ ਕੇਸਰ ਵੀ ਸ਼ਾਮਲ ਹਨ। ਵਰਖਾ ਰੁੱਤ ਦੌਰਾਨ ਫਸਲ ਦੀ ਬੇਮੌਸਮੀ ਕਾਸ਼ਤ ਲਈ ਪੰਜਾਬ ਵਰਖਾ ਬਹਾਰ-4ਵਿਕਸਿਤ ਕੀਤੀ ਗਈ ਜੋ ਵਿਸ਼ਾਣੂੰ ਰੋਗ ਪ੍ਰਤੀਰੋਧਕਤਾ ਰੱਖਣ ਵਾਲੀ ਕਿਸਮ ਹੈ। ਮਿਰਚਾਂ ਵਿੱਚ ਹਾਈਬ੍ਰਿਡ ਸੀ ਐਚ 1 ਦੀ ਥਾਂ ਤੇ ਸੀ ਐਚ-27 ਹਾਈਬ੍ਰਿਡ ਕਿਸਮ ਵਿਕਸਿਤ ਕੀਤੀ ਗਈ, ਜੋ ਪੱਤਾ ਮਰੋੜ ਵਾਇਰਸ ਅਤੇ ਜੜ੍ਹ ਗੰਢ ਨੀਮਾਟੋਡਜ਼ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ। ਪ੍ਰੋਸੈਸਿੰਗ (ਪਿਸਾਈ) ਲਈ ਪੰਜਾਬ ਸੰਧੂਰੀ ਹਰੀ ਮਿਰਚ ਅਤੇ ਪੰਜਾਬ ਤੇਜ਼ ਕਿਸਮਾਂ ਨੂੰ ਵਿਕਸਿਤ ਕੀਤਾ ਗਿਆ। ਬੈਂਗਣ ਵਿੱਚ ਪੰਜ ਹਾਈਬ੍ਰਿਡ ਵਿਕਸਿਤ ਕੀਤੇ ਗਏ, ਜਿਨ੍ਹਾਂ ਵਿੱਚ ਛੋਟੇ ਫ਼ਲਾਂ ਲਈ ਪੀ ਬੀ ਐਚ-3, ਲੰਬੇ ਫ਼ਲਾਂ ਲਈ ਪੀਬੀ ਐਚ-4 ਅਤੇ ਪੀਬੀਐਚ ਐਲ-52, ਗੋਲ ਫ਼ਲਾਂ ਲਈ ਪੀ ਬੀ ਐਚ ਆਰ41 ਅਤੇ ਪੀ ਬੀ ਐਚ ਆਰ-42 ਕਿਸਮਾਂ ਸ਼ਾਮਲ ਹਨ ਹਰੇ ਮਟਰਾਂ ਦੀਆਂ ਕਿਸਮਾਂ ਮਟਰ ਅਗੇਤਾ-7 ਅਤੇ ਏ ਪੀ-3 ਅਗੇਤੀਆਂ ਪੱਕਣ ਵਾਲੀਆਂ ਕਿਸਮਾਂ ਹਨ ਖਰਬੂਜੇ ਦੀ ਐਮ ਐਚ-27 ਹਾਈਬ੍ਰਿਡ ਜਾਰੀ ਕੀਤੀ ਗਈ ਜੋ ਕਿ ਮੁਰਝਾਅ ਅਤੇ ਜੜ੍ਹ ਗੰਢ ਨੀਮਾਟੋਡ ਪ੍ਰਤੀ ਸਹਿਣਸ਼ੀਲਤਾ ਰੱਖਣ ਵਾਲੀ ਕਿਸਮ ਹੈ। ਐਮ ਐਚ-51 ਅਗੇਤੀ ਤਿਆਰ ਹੋਣ ਵਾਲੀ ਹਾਈਬ੍ਰਿਡ ਕਿਸਮ ਹੈ ਜਿਸਦੇ ਫਲ ਗੋਲ ਅਤੇ ਗੁੱਦਾ ਮੋਟਾ ਹੈ। ਵਿਭਾਗ ਵਲੋਂ ਕੱਦੂ ਜਾਤੀ ਦੀਆਂ ਅਗੇਤੀਆਂ ਪੱਕਣ ਵਾਲੀਆਂ ਅਤੇ ਛੋਟੇ ਫ਼ਲਾਂ ਦੀਆਂ ਹਾਈਬ੍ਰਿਡਜ਼ ਪੀ ਪੀ ਐਚ-1 ਅਤੇ ਪੀ ਪੀ ਐਚ-2, ਲੰਬੇ ਫ਼ਲਾਂ ਵਾਲੀ ਕਿਸਮ ਪੰਜਾਬ ਬਰਕਤ ਵਿਕਸਿਤ ਕੀਤੀ ਗਈ।

ਨਿਤਾਪ੍ਰਤੀ ਵਰਤੋਂ ਵਾਲੀਆਂ ਸਬਜ਼ੀਆਂ ਦੀਆਂ ਫ਼ਸਲਾਂ ਤੋਂ ਇਲਾਵਾ ਝਾੜ ਕਰੇਲਾ, ਕਾਂਜੀ ਬਣਾਉਣ ਲਈ ਕਾਲੇ ਰੰਗ ਦੀ ਗਾਜਰ (ਪੰਜਾਬ ਬਲੈਕ ਬਿਊਟੀ), ਸਾਗ ਬਣਾਉਣ ਲਈ ਚੀਨੀ ਗੋਭੀ, ਬਰੋਕਲੀ ਅਤੇ ਮੇਥੀ ਦੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ। ਆਲੂ ਜੋ ਕਿ ਪੰਜਾਬ ਵਿੱਚ ਸਬਜ਼ੀਆਂ ਦੀ ਸਭ ਤੋਂ ਵੱਧ ਬੀਜੀ ਜਾਣ ਵਾਲੀ ਫ਼ਸਲ ਹੈ, ਨੂੰ ਹੁਣ ਲਾਹੌਲ-ਸਪਿਤੀ ਦੇ ਫ਼ਲਾਂ ਵਾਲੇ ਜਲਵਾਯੂ ਦੀ ਤਰਜ਼ 'ਤੇ ਇਨ-ਹਾਊਸ ਬਰੀਡਿੰਗ ਅਧੀਨ ਲਿਆਂਦਾ ਜਾ ਰਿਹਾ ਹੈ।ਉਤਪਾਦਨ ਤਕਨੀਕ ਦੇ ਇੱਕ ਹਿੱਸੇ ਵਜੋਂ ਸਬਜ਼ੀਆਂ ਦੀ ਪੋਸ਼ਟਿਕ ਬਗੀਚੀ ਦਾ 6 ਮੀ: ਣ 6 ਮੀ: ਦਾ ਮਾਡਲ ਤਿਆਰ ਕੀਤਾ ਗਿਆ ਤਾਂ ਜੋ ਥਾਂ ਦੀ ਥੁੜ ਵਾਲੇ ਸ਼ਹਿਰੀ ਘਰਾਂ ਵਿੱਚ ਵੀ ਸਬਜ਼ੀਆਂ ਦੀ ਲੋੜ ਪੂਰੀ ਹੋ ਸਕੇ ਸਬਜ਼ੀਆਂ ਦੀਆਂ ਵੱਖੋ-ਵੱਖ ਫ਼ਸਲਾਂ ਲਈ ਤੁਪਕਾ ਸਿੰਚਾਈ ਅਤੇ ਖਾਦਾਂ ਲਈਂ ਸਮਾਂ ਸਾਰਣੀਆਂ ਤਿਆਰ ਕੀਤੀਆਂ ਗਈਆਂ ਲਸਣ ਵਿੱਚ ਝੋਨੇ ਦੀ ਪਰਾਲੀ ਤੇ ਆਧਾਰਿਤ ਨਦੀਨਾਂ ਦੀ ਰੋਕਥਾਮ, ਗਾਜਰ ਦੀ ਮਸ਼ੀਨੀ ਲੁਆਈ, ਜੜ੍ਹਾਂ ਵਾਲੀਆਂ ਫ਼ਸਲਾਂ ਲਈ ਡਿੱਗਰਜ਼ ਆਦਿ ਵਿਕਸਿਤ ਕੀਤੇ ਗਏ ਫਲੋਰੀਕਲਚਰ ਵਿੱਚ ਜੈਨੇਟਿਕ ਦਖਲ ਅੰਦਾਜ਼ੀਆਂ ਕਰਨ ਨਾਲ ਪਿਛਲੇ ਪੰਜ ਸਾਲਾਂ ਦੌਰਾਨ 17 ਕਿਸਮਾਂ ਵਿਕਸਿਤ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਪੰਜਾਬ ਵਿੱਚ ਗਰਮੀਆਂ ਦੀ ਰੁੱਤ ਦੌਰਾਨ ਗੇਂਦੇ ਦੀ ਪਲੇਠੀ ਕਿਸਮ (ਪੰਜਾਬ ਗੇਂਦਾ ਨੰਬਰ 1) ਵੀ ਸ਼ਾਮਿਲ ਹੈ ਵਿਕਸਿਤ ਕੀਤੀਆਂ ਹੋਰ ਕਿਸਮਾਂ ਵਿੱਚ 6 ਗਲੈਡੀਓਲਜ਼ ਹਾਈਬ੍ਰਿਡਜ਼, ਗੁਲਦਾਉਂਦੀ ਦੀ 1 ਸਵੀਟ ਪੀਅ ਦੀਆਂ 5 ਅਤੇ ਪੈਂਜ਼ੀ ਦੀਆਂ 4 ਕਿਸਮਾਂ ਸ਼ਾਮਿਲ ਹਨ। ਫ਼ਲਾਂ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਤੇ ਵੀ ਵਿਸ਼ੇਸ ਜ਼ੋਰ ਦਿੱਤਾ ਗਿਆ ਪਿਛਲੇ ਪੰਜ ਸਾਲਾਂ ਦੌਰਾਨ ਦਰਜਨ ਤੋਂ ਵੀ ਵੱਧ ਨਵੀਆਂ ਪ੍ਰੋਸੈਸਿੰਗ ਤਕਨਾਲੋਜੀਆਂ ਵਿਕਸਿਤ ਕੀਤੀਆਂ ਗਈਆਂ, ਜਿਨ੍ਹਾਂ ਦਾ ਮੰਤਵ ਬਹੁ ਪ੍ਰਕਾਰ ਦੇ ਫ਼ਲਾਂ ਦਾ ਜੂਸ ਤਿਆਰ ਕਰਨਾ, ਕਾਰਬੋਨੇਟਿਡ ਅਤੇ ਗੈਰ ਕਾਰਬੋਨੇਟਿਡ ਪੇਅ ਪਦਾਰਥ ਤਿਆਰ ਕਰਨਾ, ਕੈਂਡੀਜ਼, ਜੈਮ, ਫ਼ਲਾਂ ਦੇ ਬਾਰ ਅਤੇ ਮਿਸ਼ਰਣ ਆਦਿ ਤਿਆਰ ਕਰਨਾ ਸੀ। ਖੁੰਭਾਂ ਅਤੇ ਪਿਆਜ਼ਾਂ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਰੱਖਣ ਦੀਆਂ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਗਾਜਰ, ਟਮਾਟਰ ਅਤੇ ਕਿੰਨੂ ਤੋਂ ਬਾਇਓਐਕਟਿਵ ਕੰਪਾਊਂਡਜ਼, ਜਿਨ੍ਹਾਂ ਵਿੱਚ ਐਂਟੀ ਔਕਸੀਡੈਂਟ ਵੀ ਸ਼ਾਮਿਲ ਹਨ, ਦਾ ਨਿਕਾਸ ਕਰਨ ਵਾਲੀ ਤਕਨੀਕ ਵਿਕਸਿਤ ਕੀਤੀ ਗਈ। ਵੱਖੋ-ਵੱਖ ਅਦਾਰਿਆਂ ਨਾਲ ਸਮਝੌਤੇ ਦਾ ਇਕਰਾਰਨਾਮਾ (ਐਮਓਯੂ) ਸਹੀਬੱਧ ਕਰਕੇ ਅਤੇ ਲਾਇਸੈਂਸਿੰਗ ਰਾਹੀਂ ਕਈ ਫੂਡ ਪ੍ਰੋਸੈਸਿੰਗ ਤਕਨੀਕਾਂ ਦਾ ਵਪਾਰੀਕਰਨ ਕੀਤਾ ਗਿਆ। ਪੀਏਯੂ ਵਿਖੇ ਫੂਡ ਇੰਡਸਟ੍ਰੀਜ਼ ਬਿਜ਼ਨੈਸ ਇੰਨਕੂਬੇਸ਼ਨ ਸੈਂਟਰ ਵੱਲੋਂ ਪ੍ਰੋਸੈਸਿੰਗ ਤਕਨੀਕਾਂ ਦੇ ਵਪਾਰੀਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ।

# ਪੜ੍ਹਦਾ ਪੰਜਾਬ: ਸਕੂਲਾਂ 'ਚ ਲੱਗੇ ਕਿਤਾਬਾਂ ਦੇ ਢੇਰ; ਪ੍ਰਤੀ ਸਕੂਲ ਕਿਤਾਬਾਂ ਦੇ ਮਾਮਲੇ ਵਿੱਚ ਪੰਜਾਬ ਦੇਸ਼ 'ਚੋਂ ਚੌਥੇ ਨੰਬਰ 'ਤੇ

**➢ ਸਮੁੱਚੇ ਸਕੂਲਾਂ ਵਿੱਚ ਜੁੜਿਆ 4.53 ਕਰੋੜ ਕਿਤਾਬਾਂ ਦਾ ਭੰਡਾਰ ➢ ਸਰਕਾਰੀ ਸਕੂਲਾਂ ਨੂੰ ਕਿਤਾਬਾਂ ਖਰੀਦਣ ਲਈ ਮਿਲ ਰਹੀ ਹੈ 16.67 ਕਰੋੜ ਰੁਪਏ ਦੀ ਗਰਾਂਟ**

**ਚੰਡੀਗੜ੍ਹ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇਸ਼ ਦਾ ਅਜਿਹਾ ਚੌਥਾ ਸੂਬਾ ਬਣ ਗਿਆ ਹੈ, ਜਿੱਥੇ ਬੱਚਿਆਂ ਨੂੰ ਕਿਤਾਬਾਂ ਦੀ ਕੋਈ ਕਮੀ ਨਹੀਂ ਰਹੀ। ਪੰਜਾਬ ਦੇ ਇਕੱਲੇ ਸਰਕਾਰੀ ਸਕੂਲਾਂ ਨੂੰ ਸਾਲਾਨਾ 16.67 ਕਰੋੜ ਦੀ ਗਰਾਂਟ ਕਿਤਾਬਾਂ ਦੀ ਖ਼ਰੀਦ ਲਈ ਦਿੱਤੀ ਜਾਂਦੀ ਹੈ। ਅਜਿਹਾ ਲੰਘੇ ਪੰਜ ਵਰ੍ਹਿਆਂ ਤੋਂ ਹੋ ਰਿਹਾ ਹੈ ਜਿਸ ਦੇ ਨਤੀਜੇ ਵਜੋਂ ਸਕੂਲਾਂ ਵਿੱਚ ਕਿਤਾਬਾਂ ਦੇ ਢੇਰ ਲਗ ਗਏ ਹਨ। ਇਹ ਢੇਰ ਪਾਠਕ ਪੈਦਾ ਕਰ ਸਕੇ ਹਨ ਜਾਂ ਨਹੀਂ ਇਸ ਬਾਰੇ ਕੋਈ ਅੰਕੜਾ ਹੱਥ ਨਹੀਂ ਲੱਗਿਆ।

ਕੇਂਦਰੀ ਸਿੱਖਿਆ ਮੰਤਰਾਲੇ ਦੀ 2023-24 ਦੀ ਰਿਪੋਰਟ ਅਨੁਸਾਰ ਸੂਬੇ ਦੇ ਸਮੁੱਚੇ ਸਕੂਲਾਂ (ਸਰਕਾਰੀ, ਸਹਾਇਤਾ ਪ੍ਰਾਪਤ ਤੇ ਪ੍ਰਾਈਵੇਟ) 'ਚ 4.53 ਕਰੋੜ ਕਿਤਾਬਾਂ ਦਾ ਵੱਡਾ ਬੌਧਿਕ ਭੰਡਾਰ ਜੁੜ ਗਿਆ ਹੈ। ਪੰਜਾਬ 'ਚ ਪ੍ਰਤੀ ਸਕੂਲ ਇਸ ਵੇਲੇ 1654 ਕਿਤਾਬਾਂ ਹਨ। ਸਾਰੇ ਮੁਲਕ ਦੀ ਗੱਲ ਕਰੀਏ ਇਸ ਮਾਮਲੇ 'ਚ ਪਹਿਲੇ ਨੰਬਰ 'ਤੇ ਗੋਆ ਹੈ ਜਿੱਥੋਂ ਦੇ ਕੁੱਲ 1487 ਸਕੂਲਾਂ ਵਿਚ ਪ੍ਰਤੀ ਸਕੂਲ 3364 ਕਿਤਾਬਾਂ ਹਨ। ਦੂਜਾ ਨੰਬਰ ਪ੍ਰਤੀ ਸਕੂਲ 2783 ਕਿਤਾਬਾਂ ਨਾਲ ਕੇਰਲਾ ਦਾ ਹੈ। ਤੀਜਾ ਨੰਬਰ ਹਰਿਆਣਾ ਦਾ ਹੈ ਜਿੱਥੋਂ ਦੇ 23,517 ਸਕੂਲਾਂ 'ਚ 5.17 ਕਰੋੜ ਕਿਤਾਬਾਂ ਦਾ ਭੰਡਾਰ ਹੈ ਅਤੇ ਇਸ ਸੂਬੇ ਵਿਚ ਪ੍ਰਤੀ ਸਕੂਲ 2198 ਕਿਤਾਬਾਂ ਹਨ। ਪੰਜਾਬ ਵਿਚ ਕੁੱਲ 27,404 ਸਕੂਲ ਹਨ ਜਿਨ੍ਹਾਂ 'ਚੋਂ 19,242 ਸਰਕਾਰੀ ਸਕੂਲ ਹਨ। ਸਰਕਾਰੀ ਸਕੂਲਾਂ 'ਚੋਂ ਸਿਰਫ਼ 23 ਸਕੂਲ ਹੀ ਅਜਿਹੇ ਹਨ ਜਿੱਥੇ ਕੋਈ ਲਾਇਬ੍ਰੇਰੀ ਨਹੀਂ ਹੈ ਜਦਕਿ 46 ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ 'ਚ ਵੀ ਲਾਇਬ੍ਰੇਰੀ ਨਹੀਂ ਹੈ। ਇਸੇ ਤਰ੍ਹਾਂ ਪੰਜਾਬ 'ਚ 346 ਪ੍ਰਾਈਵੇਟ ਸਕੂਲਾਂ ਵਿੱਚ ਕੋਈ ਲਾਇਬ੍ਰੇਰੀ ਨਹੀਂ ਹੈ। ਕੇਂਦਰ ਸਰਕਾਰ ਵੱਲੋਂ 'ਸਮੱਗਰਾ ਸਕੀਮ' ਤਹਿਤ ਪੰਜ ਵਰ੍ਹਿਆਂ ਤੋਂ ਸਰਕਾਰੀ ਸਕੂਲਾਂ ਨੂੰ ਕਿਤਾਬਾਂ ਦੀ ਖ਼ਰੀਦ ਲਈ ਵੱਖਰੀ ਗਰਾਂਟ ਦਿੱਤੀ ਜਾ ਰਹੀ ਹੈ। ਇਸ ਕੇਂਦਰੀ ਸਪਾਂਸਰ ਸਕੀਮ ਤਹਿਤ ਹਰ ਸਾਲ ਪ੍ਰਾਇਮਰੀ ਸਕੂਲਾਂ ਨੂੰ ਪੰਜ ਹਜ਼ਾਰ ਰੁਪਏ, ਮਿਡਲ ਸਕੂਲਾਂ ਨੂੰ 10 ਹਜ਼ਾਰ ਰੁਪਏ, ਹਾਈ ਸਕੂਲਾਂ ਨੂੰ 15 ਹਜ਼ਾਰ ਰੁਪਏ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਪ੍ਰਤੀ ਸਕੂਲ 20 ਹਜ਼ਾਰ ਰੁਪਏ ਦੀ ਗਰਾਂਟ ਕਿਤਾਬਾਂ ਖ਼ਰੀਦਣ ਵਾਸਤੇ ਮਿਲਦੀ ਹੈ। ਹਰ ਸਾਲ 16 ਤੋਂ 17 ਕਰੋੜ ਦੇ ਫੰਡ ਕਿਤਾਬਾਂ 'ਤੇ ਖ਼ਰਚ ਕੀਤੇ ਜਾਂਦੇ ਸਨ। ਸਰਕਾਰੀ ਸਕੂਲਾਂ ਦੀ ਮੈਨੇਜਮੈਂਟ ਕਮੇਟੀਆਂ ਵੱਲੋਂ ਇਨ੍ਹਾਂ ਫੰਡਾਂ ਨਾਲ ਕਿਤਾਬਾਂ ਖ਼ਰੀਦੀਆਂ ਜਾਂਦੀਆਂ ਹਨ। ਕੇਂਦਰ ਸਰਕਾਰ ਦੇ ਦਿਸ਼ਾ ਨਿਰਦੇਸ਼ ਵੀ ਸਕੂਲਾਂ ਨੂੰ ਭੇਜੇ ਜਾਂਦੇ ਹਨ। ਹਰ ਸਕੂਲ ਕੁੱਲ ਫੰਡ 'ਚੋਂ 10 ਫ਼ੀਸਦੀ ਫ਼ੰਡ ਨਾਲ ਸਿਲੇਬਸ ਜਾਂ ਮੁਕਾਬਲੇ ਦੀਆਂ ਪ੍ਰੀਖਿਆ ਦੀ ਤਿਆਰੀ ਲਈ ਕਿਤਾਬਾਂ ਖਰੀਦ ਸਕਦਾ ਹੈ। ਕਿਤਾਬਾਂ ਦੀ ਚੋਣ ਸੂਬਾ ਪੱਧਰੀ ਕਮੇਟੀ ਵੱਲੋਂ ਕੀਤੀ ਜਾਂਦੀ ਹੈ। ਪੰਜਾਬ ਵਿੱਚ ਹਰ ਵੰਨਗੀ ਦੇ 97.5 ਫ਼ੀਸਦੀ ਸਕੂਲਾਂ 'ਚ ਲਾਇਬਰੇਰੀ, ਕਿਤਾਬ ਕੋਨਾ ਜਾਂ ਲਾਇਬ੍ਰੇਰੀ ਬੈਂਕ ਆਦਿ ਹੈ। ਪੰਜਾਬ ਦੇ 1503 ਸਕੂਲਾਂ ਵਿੱਚ ਡਿਜੀਟਲ ਲਾਇਬ੍ਰੇਰੀਆਂ ਹਨ। ਕੇਂਦਰੀ ਰਿਪੋਰਟ ਅਨੁਸਾਰ ਪੰਜਾਬ ਦੇ 66.1 ਫ਼ੀਸਦੀ ਸਕੂਲਾਂ ਵਿਚ ਇੰਟਰਨੈੱਟ ਦੀ ਵੀ ਸੁਵਿਧਾ ਹੈ ਜਦਕਿ 92.8 ਫ਼ੀਸਦੀ ਪ੍ਰਾਈਵੇਟ ਸਕੂਲਾਂ ਵਿਚ ਇੰਟਰਨੈੱਟ ਦੀ ਸਹੂਲਤ ਹੈ। ਸਿੱਖਿਆ ਵਿਭਾਗ ਦੇ ਇੱਕ ਉੱਚ ਅਧਿਕਾਰੀ ਦਾ ਕਹਿਣਾ ਸੀ ਕਿ ਸਰਕਾਰੀ ਸਕੂਲਾਂ ਨੂੰ ਸਿਰਫ਼ ਕਿਤਾਬਾਂ ਦਿੱਤੀਆਂ ਹੀ ਨਹੀਂ ਜਾ ਰਹੀਆਂ ਬਲਕਿ ਪਾਠਕਾਂ ਦਾ ਵੀ ਪੂਰਾ ਰਿਕਾਰਡ ਰੱਖਿਆ ਜਾਂਦਾ ਹੈ। ਅਧਿਆਪਕ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਦੇ ਹਨ।

**ਸਕੂਲਾਂ 'ਚ ਲਾਇਬ੍ਰੇਰੀਅਨਾਂ ਦੀ ਘਾਟ**

ਪੰਜਾਬ ਦੇ ਸਕੂਲਾਂ ਵਿੱਚ ਲਾਇਬ੍ਰੇਰੀਆਂ ਤਾਂ ਹਨ ਪਰ ਲਾਇਬ੍ਰੇਰੀਅਨ ਨਹੀਂ ਹਨ ਅਤੇ ਭਾਸ਼ਾ ਅਧਿਆਪਕ ਹੀ ਲਾਇਬ੍ਰੇਰੀਆਂ ਦਾ ਕੰਮ ਸੰਭਾਲਦੇ ਹਨ। ਸੂਤਰ ਦਸਦੇ ਹਨ ਕਿ ਸਿਰਫ਼ ਸੀਨੀਅਰ ਸੈਕੰਡਰੀ ਸਕੂਲਾਂ 'ਚ ਹੀ ਲਾਇਬ੍ਰੇਰੀਅਨ ਦੀ ਅਸਾਮੀ ਪ੍ਰਵਾਨਿਤ ਹੈ। ਇੱਕ ਵੇਰਵੇ ਅਨੁਸਾਰ ਪੰਜਾਬ ਦੇ 772 ਸੀਨੀਅਰ ਸੈਕੰਡਰੀ ਸਕੂਲਾਂ 'ਚ ਸਹਾਇਕ ਲਾਇਬ੍ਰੇਰੀਅਨ ਤੇ ਲਾਇਬ੍ਰੇਰੀਅਨ ਤਾਇਨਾਤ ਨਹੀਂ ਹਨ। ਡੈਮੋਕਰੈਟਿਕ ਟੀਚਰਜ਼ ਫ਼ਰੰਟ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਆਖਦੇ ਹਨ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਕੂਲਾਂ ਵਿਚ ਇੱਕ ਪੀਰੀਅਡ ਲਾਇਬ੍ਰੇਰੀ ਦਾ ਨਿਰਧਾਰਿਤ ਕਰੇ ਤਾਂ ਜੋ ਬੱਚਿਆਂ ਨੂੰ ਇਸ ਬੌਧਿਕ ਭੰਡਾਰ ਦਾ ਫ਼ਾਇਦਾ ਮਿਲ ਸਕੇ। ਉਨ੍ਹਾਂ ਕਿਹਾ ਕਿ ਸਰਕਾਰੀ ਫੰਡਾਂ ਨਾਲ ਜਿਨ੍ਹਾਂ ਕਿਤਾਬਾਂ ਦੀ ਖ਼ਰੀਦ ਹੁੰਦੀ ਹੈ, ਉਨ੍ਹਾਂ ਦੀ ਸੂਚੀ ਉਪਰੋਂ ਹੀ ਬਣ ਕੇ ਆਉਂਦੀ ਹੈ ਜਿਸ ਕਰਕੇ ਕਾਫ਼ੀ ਪਾਏਦਾਰ ਕਿਤਾਬਾਂ ਸੂਚੀ 'ਚੋਂ ਬਾਹਰ ਰਹਿ ਜਾਂਦੀਆਂ ਹਨ।



# ਸਮੂਹ ਸੀ.ਐਚ.ਓਜ਼ ਦੀ ਨੈਸ਼ਨਲ ਕੁਆਲਿਟੀ ਐਸ਼ੋਰੈਂਸ ਸਟੈਂਡਰਡ ਸਬੰਧੀ ਮੀਟਿੰਗ ਹੋਈ

**ਚਮਕੌਰ ਸਾਹਿਬ 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ.ਤਰਸੇਮ ਸਿੰਘ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੀ.ਐਚ.ਸੀ ਚਮਕੌਰ ਸਾਹਿਬ ਵਿਖੇ ਸਮੂਹ ਸੀ.ਐਚ.ਓਜ਼ ਦੀ ਨੈਸ਼ਨਲ ਕੁਆਲਿਟੀ ਐਸ਼ੋਰੈਂਸ ਸਟੈਂਡਰਡ ਸਬੰਧੀ ਮੀਟਿੰਗ ਹੋਈ।ਇਸ ਮੌਕੇ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਨੇ ਕਿਹਾ ਕਿ ਸਮੂਹ ਕਮਿਊਨਿਟੀ ਹੈਲਥ ਅਫਸਰ ਆਪਣੇ ਆਯੂਸ਼ਮਾਨ ਅਰੋਗਿਆ ਕੇਂਦਰ ਤੇ ਆਪਣਾ ਸਾਰਾ ਰਿਕਾਰਡ ਪੂਰਾ ਰੱਖਿਆ ਜਾਵੇ ਤੇ ਹਰ ਤਰ੍ਹਾਂ ਦੀਆਂ ਸਿਹਤ ਸੇਵਾਂਵਾ ਦੇ ਬੈਨਰ ਡਿਸਪਲੇਅ ਕੀਤੇ ਜਾਣ।ਇਸ ਮੌਕੇ ਤੇ ਡਾ.ਸਚਿਨ ਕੁਮਾਰ ਆਰ.ਬੀ.ਐਸ.ਕੇ ਨੇ ਕਿਹਾ ਕਿ ਆਪਣੇ ਸਿਹਤ ਕੇਦਰਾਂ ਤੇ ਹਰੇਕ ਪ੍ਰੋਗਰਾਮ ਦੇ ਰਜਿਸਟਰ/ਰਿਕਾਰਡ ਪੂਰਾ ਕੀਤਾ ਜਾਵੇ।

ਉਨ੍ਹਾਂ ਕਿਹਾ ਨੈਸ਼ਨਲ ਕੁਆਲਿਟੀ ਐਸ਼ੋਰੈਸ ਸਟੈਂਡਰਡ ਵਿੱਚ ਜਿਲ੍ਹਾ ਪੱਧਰ ਤੇ ਰਾਜ ਪੱਧਰ ਤੇ ਰਿਕਾਰਡ ਚੈੱਕ ਕੀਤਾ ਜਾਵੇ ਅਤੇ ਉਸ ਹਿਸਾਬ ਨਾਲ ਸਕੋਰਿੰਗ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸਕੋਰਿੰਗ ਲਈ ਨੈਸ਼ਨਲ ਕੁਆਲਿਟੀ ਐਸ਼ੋਰੈਂਸ ਸਟੰਡਰਡ ਦੀਆਂ ਗਾਈਡਲਾਈਨਾ ਅਨੁਸਾਰ ਹਰੇਕ ਪੁਆਇੰਟ ਨੂੰ ਪੂਰਾ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਮਾਰਚ 2025 ਤੱਕ ਸਾਰੇ ਆਯੂਸ਼ਮਾਨ ਅਰੋਗਿਆ ਕੇਂਦਰ ਚੈੱਕ ਕੀਤੇ ਜਾਣੇ ਹਨ।ਇਸ ਮੌਕੇ ਤੇ ਹਰਵਿੰਦਰ ਸਿੰਘ ਬਲਾਕ ਐਕਸਟੈਂਸ਼ਨ ਐਜੂਕੇਟਰ ਨੇ ਕਿਹਾ ਕਿ ਸਮੂਹ ਸਿਹਤ ਕੇਂਦਰਾਂ ਵਿੱਚ ਆਈ.ਈ.ਸੀ ਮੈਟੀਰੀਅਲ ਡਿਸਪਲੇਅ ਕੀਤ ਜਾਵੇ ਕਿਉਕਿ ਸਕੋਰਿੰਗ ਲਈ ਬਹੁਤ ਜਰੂਰੀ ਹੈ।

ਉਨ੍ਹਾਂ ਸਾਰੇ ਲੋੜਵੰਦ ਦਸਤਾਵੇਜਾਂ ਦੀ ਲਿੰਕੇਜ਼ ਕਰਵਾਉਣ ਬਾਰੇ ਵੀ ਕਿਹਾ।ਉਨ੍ਹਾਂ ਕਿਹਾ ਕਿ 100 ਦਿਨਾਂ ਟੀ.ਬੀ ਕੰਪੇਨ ਦੌਰਾਨ ਸਮੂਹ ਸੀ.ਐਚ.ਓਜ਼ ਵੱਲੋਂ ਨਿਕਸ਼ੇ ਪੋਰਟਲ ਤੇ ਆਪਣੀ ਰਿਪਰੋਟ ਅਪਲੋਅਡ ਕੀਤੀ ਜਾਵੇ।ਇਸ ਮੌਕੇ ਤੇ ਨਾਗਰ ਸਿੰਘ ਐਸ.ਆਈ,ਦਵਿੰਦਰ ਸਿੰਘ ਐਸ.ਆਈ ਅਤੇ ਸਮੂਹ ਸੀ.ਐਚ.ਓਜ਼ ਹਾਜਰ ਸਨ।

# ਓ.ਬੀ.ਸੀ, ਈ.ਬੀ.ਸੀ ਅਤੇ ਡੀ.ਐਨ.ਟੀ ਵਿਦਿਆਰਥੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਕਰ ਸਕਦੇ ਹਨ ਅਪਲਾਈ : ਚੇਅਰਮੈਨ ਜਗਰੂਪ ਸਿੰਘ ਸੇਖਵਾਂ

**ਗੁਰਦਾਸਪੁਰ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਹੋਰ ਪਛੜੀਆਂ ਸ਼੍ਰੇਣੀਆਂ (ਓ.ਬੀ.ਸੀ.), ਆਰਥਿਕ ਤੌਰ 'ਤੇ ਪਛੜੀਆਂ ਸ਼੍ਰੇਣੀਆਂ (ਈ.ਬੀ.ਸੀ.), ਅਤੇ ਡੀਨੋਟੀਫਾਈਡ, ਨੋਮੇਡਿਕ ਟ੍ਰਾਈਬਜ਼ ਦੇ ਵਿਦਿਆਰਥੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਅਪਲਾਈ ਕਰ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਹੈ ਕਿ ਅਕਾਦਮਿਕ ਸਾਲ 2024-25 ਲਈ ਪ੍ਰਧਾਨ ਮੰਤਰੀ ਯਸਾਸਵੀ ਯੋਜਨਾ ਦੇ ਤਹਿਤ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਨੂੰ ਓ.ਬੀ.ਸੀ., ਈ.ਬੀ.ਸੀ., ਅਤੇ ਡੀ.ਐਨ.ਟੀ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਦਿਸ਼ਾ-ਨਿਰਦੇਸ਼ਾਂ ਅਨੁਸਾਰ ਖੋਲ੍ਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਪਹਿਲਾ ਮੌਕਾ ਹੈ ਜਦੋਂ ਓ.ਬੀ.ਸੀ, ਈ.ਬੀ.ਸੀ ਅਤੇ ਡੀ.ਐਨ.ਟੀ ਵਿਦਿਆਰਥੀਆਂ ਲਈ ਪਹਿਲੀ ਵਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਪੋਰਟਲ ਖੋਲ੍ਹਿਆ ਗਿਆ ਹੈ।

ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੱਸਿਆ ਕਿ ਇਹ ਪੋਰਟਲ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਨ, ਸੰਸਥਾਵਾਂ ਦੁਆਰਾ ਸਹੀ ਤਸਦੀਕ, ਅਥਾਰਿਟੀਆਂ ਦੁਆਰਾ ਪ੍ਰਵਾਨਗੀਆਂ ਅਤੇ ਵਿੱਤੀ ਸਹਾਇਤਾ ਦੀ ਸਮੇਂ ਸਿਰ ਵੰਡ ਨੂੰ ਯਕੀਨੀ ਬਣਾ ਕੇ ਸਕਾਲਰਸ਼ਿਪ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਲਈ 2024-25 ਲਈ ਸਕਾਲਰਸ਼ਿਪ ਪ੍ਰਕਿਰਿਆ ਦੇ ਤਹਿਤ ਮੁਫ਼ਤ ਸ਼ਿਪ ਕਾਰਡਾਂ ਲਈ ਅਪਲਾਈ ਕਰਨ ਦੀ ਆਖ਼ਰੀ ਮਿਤੀ 15 ਫਰਵਰੀ, 2025 ਹੈ। ਲੋੜੀਂਦੇ ਸੁਧਾਰਾਂ ਤੋਂ ਬਾਅਦ ਮਨਜ਼ੂਰੀ ਲਈ ਪੂਰੇ ਕੇਸ ਭੇਜਣ ਲਈ ਸੰਸਥਾਵਾਂ ਲਈ ਅੰਤਿਮ ਮਿਤੀ 25 ਫਰਵਰੀ, 2025 ਹੈ।

ਇਸ ਤੋਂ ਇਲਾਵਾ, ਸਕਾਲਰਸ਼ਿਪ ਲਈ ਲਾਈਨ ਵਿਭਾਗਾਂ/ਪ੍ਰਵਾਨਗੀ ਵਿਭਾਗਾਂ ਨੂੰ ਆਨਲਾਈਨ ਪ੍ਰਸਤਾਵ ਭੇਜਣ ਲਈ ਪ੍ਰਵਾਨਗੀ ਦੇਣ ਵਾਲੇ ਅਥਾਰਿਟੀ ਦੀ ਆਖ਼ਰੀ ਮਿਤੀ 05 ਮਾਰਚ 2025 ਹੈ। ਵਜ਼ੀਫ਼ੇ ਲਈ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਨੂੰ ਆਨਲਾਈਨ ਪ੍ਰਸਤਾਵ ਭੇਜਣ ਲਈ ਲਾਈਨ ਵਿਭਾਗਾਂ/ਪ੍ਰਵਾਨਗੀ ਵਿਭਾਗਾਂ ਦੀ ਆਖ਼ਰੀ ਮਿਤੀ 10 ਮਾਰਚ 2025 ਹੈ।

ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ, ਲਾਈਨ ਵਿਭਾਗਾਂ/ਪ੍ਰਵਾਨਗੀ ਦੇਣ ਵਾਲੇ ਵਿਭਾਗਾਂ ਨੂੰ ਆਨਲਾਈਨ ਪ੍ਰਸਤਾਵ ਭੇਜਣ ਲਈ ਮਨਜ਼ੂਰੀ ਦੇਣ ਦੀ ਆਖ਼ਰੀ ਮਿਤੀ 5 ਮਾਰਚ, 2025 ਹੈ, ਜਦੋਂ ਕਿ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਨੂੰ ਆਨਲਾਈਨ ਪ੍ਰਸਤਾਵ ਭੇਜਣ ਲਈ ਲਾਈਨ ਵਿਭਾਗਾਂ ਦੀ ਅੰਤਿਮ ਮਿਤੀ 10 ਮਾਰਚ 2025 ਹੈ। ਉਨ੍ਹਾਂ ਨੇ ਯੋਗ ਵਿਦਿਆਰਥੀਆਂ ਨੂੰ ਸਮੇਂ ਸਿਰ ਆਪਣੀਆਂ ਅਰਜ਼ੀਆਂ ਨੂੰ ਪੂਰਾ ਕਰਨ ਦੀ ਅਪੀਲ ਕੀਤੀ ਹੈ।

# ਪੰਜਾਬ 'ਚ ਨਿਵੇਸ਼ ਨੂੰ ਹੁਲਾਰਾ ਦੇਣ ਲਈ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਕੰਪਨੀਆਂ ਦੇ ਸੀ.ਈ.ਓਜ਼ ਤੇ ਪ੍ਰਤੀਨਿਧਾਂ ਨਾਲ ਅਹਿਮ ਮੀਟਿੰਗ

**➢ ਪੰਜਾਬ ਸਰਕਾਰ ਵੱਲੋਂ ਨਵੀਂ ਸੂਚਨਾ ਤਕਨੀਕ ਨੀਤੀ ਤਿਆਰ ➢ ਨਿਵੇਸ਼ਕਾਂ ਨੇ ਸੂਬੇ ਅੰਦਰ ਨਿਵੇਸ਼ ਲਈ ਦਿੱਤਾ ਭਰਵਾਂ ਹੁੰਗਾਰਾ**

**ਚੰਡੀਗੜ੍ਹ/ਨਵੀਂ ਦਿੱਲੀ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅੰਦਰ ਨਿਵੇਸ਼ ਨੂੰ ਉਤਸ਼ਾਹਿਤ ਕਰਕੇ ਸੂਬੇ ਨੂੰ ਉਦਯੋਗਿਕ ਹੱਬ ਵਜੋਂ ਵਿਕਸਿਤ ਕਰਨ ਦੇ ਮਕਸਦ ਨਾਲ ਪੰਜਾਬ ਦੇ ਪੂੰਜੀ ਨਿਵੇਸ਼ ਪ੍ਰੋਤਸਾਹਨ ਅਤੇ ਉਦਯੋਗ ਤੇ ਵਪਾਰ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਅੱਜ ਨਵੀਂ ਦਿੱਲੀ ਵਿਖੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਦੀਆਂ ਵੱਖ-ਵੱਖ ਕੰਪਨੀਆਂ ਦੇ ਸੀ.ਈ.ਓਜ਼ ਅਤੇ ਪ੍ਰਤੀਨਿਧਾਂ ਨਾਲ ਅਹਿਮ ਮੀਟਿੰਗ ਕੀਤੀ ਗਈ।



ਸੂਚਨਾ ਤਕਨੀਕ, ਮਸ਼ੀਨੀ ਬੁੱਧੀਮਾਨਤਾ (ਏ.ਆਈ), ਬੁਨਿਆਦੀ ਢਾਂਚਾ, ਬਾਗਬਾਨੀ, ਹੈਲਥ ਅਤੇ ਹੋਰ ਅਹਿਮ ਖੇਤਰਾਂ ਵਿਚ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਦੀਆਂ ਨਾਮਵਰ ਕੰਪਨੀਆਂ ਦੇ ਸੀ.ਈ.ਓਜ਼ ਅਤੇ ਪ੍ਰਤੀਨਿਧਾਂ ਵੱਲੋਂ ਪੰਜਾਬ ਸਰਕਾਰ ਦੇ ਨਿਵੇਸ਼ ਪ੍ਰੋਤਸਾਹਨ ਲਈ ਉਠਾਏ ਜਾ ਰਹੇ ਕਦਮਾਂ ਪ੍ਰਤੀ ਉਸਾਰੂ ਹੁੰਗਾਰਾ ਭਰਦਿਆਂ ਸੂਬੇ ਵਿਚ ਆਪੋ-ਆਪਣੇ ਨਿਵੇਸ਼ ਪ੍ਰਸਤਾਵ ਪੰਜਾਬ ਸਰਕਾਰ ਨੂੰ ਜਲਦ ਸੌਂਪਣ ਦਾ ਭਰੋਸਾ ਦਿੱਤਾ ਗਿਆ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਉਦਯੋਗ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਸੂਚਨਾ ਤਕਨਾਲੌਜੀ ਨੀਤੀ ਤਿਆਰ ਹੋ ਚੁੱਕੀ ਹੈ ਜਿਸਨੂੰ ਆਉਂਦੀ 31 ਮਾਰਚ ਤੋਂ ਪਹਿਲਾਂ-ਪਹਿਲਾਂ ਕੈਬਨਿਟ ਵੱਲੋਂ ਮਨਜ਼ੂਰੀ ਮਿਲ ਜਾਵੇਗੀ। ਉਨਾਂ ਕਿਹਾ ਕਿ ਇਹ ਨੀਤੀ ਬਹੁਤ ਅਧਿਐਨ ਤੇ ਵਿਚਾਰ ਵਟਾਂਦਰੇ ਤੋਂ ਬਾਅਦ ਤਿਆਰ ਕੀਤੀ ਗਈ ਹੈ ਜਿਸ ਨਾਲ ਸੂਬੇ ਦੇ ਆਈ.ਟੀ.ਖੇਤਰ ਵਿਚ ਵੱਡੇ ਪੈਮਾਨੇ 'ਤੇ ਉਸਾਰੂ ਤਬਦੀਲੀ ਆਵੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੇੜ ਭਵਿੱਖ ਵਿਚ ਹੁਨਰ ਵਿਕਾਸ ਨੂੰ ਸਮੇਂ ਦੀ ਲੋੜ ਅਨੁਸਾਰ ਵਿਕਸਿਤ ਕਰਨ ਵੱਲ ਪੂਰੀ ਤਵੱਜੋ ਦਿੱਤੀ ਜਾ ਰਹੀ ਹੈ। ਉਨਾਂ ਨਿਵੇਸ਼ਕਾਂ ਨੂੰ ਦੱਸਿਆ ਕਿ ਇਨਵੈਸਟ ਪੰਜਾਬ ਪੋਰਟਲ ਨੂੰ ਪੂਰੇ ਭਾਰਤ ਅੰਦਰ ਉੱਤਮ ਪੋਰਟਲ ਐਲਾਨਿਆਂ ਗਿਆ ਹੈ ਜਿਸ 'ਤੇ ਇਕ ਸਾਲ ਵਿਚ 55 ਹਜ਼ਾਰ ਲਘੂ, ਛੋਟੀਆਂ ਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦੀ ਰਜਿਸਟ੍ਰੇਸ਼ਨ ਹੋਈ ਹੈ।

ਉਦਯੋਗ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਉਦਯੋਗਿਕ ਵਿਕਾਸ ਤੇ ਨਿਵੇਸ਼ ਨੂੰ ਹੁਲਾਰਾ ਦੇਣ ਲਈ ਸਿੰਗਲ ਵਿੰਡੋ ਪ੍ਰਣਾਲੀ ਲਾਗੂ ਕਰਕੇ ਤਰੱਕੀ ਦੇ ਨਵੇਂ ਰਾਹ ਖੋਲ੍ਹੇ ਗਏ ਹਨ। ਉਨਾਂ ਨਿਵੇਸ਼ਕਾਂ ਤੇ ਕੰਪਨੀਆਂ ਦੇ ਪ੍ਰਤੀਨਿਧਾਂ ਨੂੰ ਪੰਜਾਬ ਆਉਣ ਲਈ ਨਿੱਘਾ ਸੱਦਾ ਦਿੱਤਾ।

ਇਸ ਮੌਕੇ ਪੰਜਾਬ ਰਾਜ ਫੂਡ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ, ਇੰਨਵੈਸਟ ਪੰਜਾਬ ਦੇ ਸੈਕਟਰ ਅਫ਼ਸਰ ਸੰਜੀਵ ਗੁਪਤਾ ਅਤੇ ਇੰਨਵੈਸਟ ਪੰਜਾਬ ਦੇ ਸਲਾਹਕਾਰ ਦਾਨਿਸ਼ ਬਿਲਾਲਾ ਵੱਲੋਂ ਪੰਜਾਬ ਸਰਕਾਰ ਦੁਆਰਾ ਉਦਯੋਗ ਤੇ ਨਿਵੇਸ਼ ਲਈ ਉਠਾਏ ਜਾ ਰਹੇ ਕਦਮਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ।

ਇਸ ਮੀਟਿੰਗ ਵਿਚ ਐਸ.ਐਫ.ਓ ਫਾਊਂਡੇਸ਼ਨ ਦੇ ਚੇਅਰਮੈਨ ਜਗਮੋਹਨ ਸਿੰਘ ਸੇਖੋਂ, ਵਾਈਸ ਪ੍ਰੈਜੀਡੈਂਟ ਬ੍ਰੂਟਸ ਇੰਪੈਕਸ ਟੈਕ ਲਿਮ. ਬਿਨੂ ਨਾਇਰ, ਐਮ.ਡੀ ਸਕਾਇਬ੍ਰਨ ਜਤਿਨ ਸਿੰਧੀ, ਨੈਕਸਵੇਦਾ ਦੇ ਸੰਸਥਾਪਕ ਸੰਦੀਪ ਨਾਰੰਗ, ਆਈ.ਐਸ.ਐਫ.ਏ ਦੇ ਐਕਜੀਕਿਊਟਿਵ ਡਾਇਰੈਕਟਰ ਅਕਸ਼ਤ ਅਗਰਵਾਲ, ਜੈਨਐਕਸ ਏ.ਆਈ ਦੇ ਡਾਇਰੈਕਟਰ ਅੰਜਿਕਯਾ ਦੁੰਭਰੇ, ਸੀ.ਈ.ਓ ਜੀ.ਆਈ.ਆਰ ਲਾਜਿਸਟਿਕਸ ਸੁਰਾਜੀਤ ਸਰਕਾਰ ਤੋਂ ਇਲਾਵਾ ਹੋਰ ਅਹਿਮ ਨਿਵੇਸ਼ਕ ਹਾਜ਼ਰ ਸਨ।

# ਅੰਮ੍ਰਿਤਸਰ ਵਿੱਚ ਕਾਂਗਰਸ ਆਪਣਾ ਮੇਅਰ ਬਣਾਵੇਗੀ: ਚੌਧਰੀ; ਜ਼ਿਲ੍ਹੇ ਦੀ ਸੀਨੀਅਰ ਲੀਡਰਸ਼ਿਪ ਨਾਲ ਵੱਖੋ-ਵੱਖਰੇ ਤੌਰ 'ਤੇ ਮੀਟਿੰਗਾਂ ਮਗਰੋਂ ਕੀਤਾ ਦਾਅਵਾ

**ਅੰਮ੍ਰਿਤਸਰ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਹਾਈਕਮਾਂਡ ਵੱਲੋਂ ਭੇਜੇ ਸੀਨੀਅਰ ਕਾਂਗਰਸੀ ਆਗੂ ਹਰੀਸ਼ ਚੌਧਰੀ ਨੇ ਅੰਮ੍ਰਿਤਸਰ ਜ਼ਿਲ੍ਹੇ ਦੀ ਸੀਨੀਅਰ ਲੀਡਰਸ਼ਿਪ ਨਾਲ ਵੱਖੋ-ਵੱਖਰੇ ਤੌਰ 'ਤੇ ਮੀਟਿੰਗਾਂ ਕਰਨ ਉਪਰੰਤ ਕਿਹਾ ਕਿ ਨਗਰ ਨਿਗਮ ਅੰਮ੍ਰਿਤਸਰ ਦੀਆਂ ਹੋਈਆਂ ਚੋਣਾਂ ਵਿੱਚ ਕਾਂਗਰਸ ਪਾਰਟੀ 40 ਸੀਟਾਂ ਲੈ ਕੇ ਬਹੁਮਤ ਦੇ ਬਹੁਤ ਹੀ ਕਰੀਬ ਹੈ ਤੇ ਕੁਝ ਹੋਰ ਮੈਂਬਰਾਂ ਦੀ ਮਦਦ ਨਾਲ ਪਾਰਟੀ ਆਪਣਾ ਮੇਅਰ ਬਣਾਏਗੀ। ਉਨ੍ਹਾਂ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੰਤਰੀ ਤੇ ਵਿਧਾਇਕ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਤੇ ਕੈਪਟਨ ਸੰਦੀਪ ਸੰਧੂ ਸ਼ਾਮਲ ਸਨ। ਸਾਰੇ ਆਗੂਆਂ ਨਾਲ ਮੀਟਿੰਗ ਕਰਨ ਉਪਰੰਤ ਸੰਤੁਸ਼ਟ ਨਜ਼ਰ ਆਏ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਜ਼ਾਬਤੇ ਵਿੱਚ ਰਹਿਕੇ ਆਪਣਾ ਕੰਮ ਕਰਦੀ ਹੈ ਤੇ ਸਾਰਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਕਿਹਾ ਕਿ ਇੱਕ ਦੋ ਦਿਨਾਂ ਵਿੱਚ ਕਾਂਗਰਸ ਹਾਈਕਮਾਂਡ ਇਸ ਬਾਰੇ ਸਹੀ ਫੈਸਲਾ ਕਰ ਦੇਵੇਗੀ, ਜੋ ਕਿ ਸਰਬਪ੍ਰਵਾਨਿਤ ਹੋਵੇਗਾ।



ਮੀਟਿੰਗ 'ਚ ਹਾਜ਼ਰ ਹਰੀਸ਼ ਚੌਧਰੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਭਗਵੰਤ ਪਾਲ ਸਿੰਘ ਸੱਚਰ ਤੇ ਕੈਪਟਨ ਸੰਦੀਪ ਸੰਧੂ।

ਸ੍ਰੀ ਬਾਜਵਾ ਨੇ ਸੱਤਾਧਾਰੀ ਪਾਰਟੀ ਦੇ ਆਗੂਆਂ ਨੂੰ ਕਿਹਾ ਕਿ ਉਹ ਜਿੰਨੇ ਮਰਜ਼ੀ ਹੱਥਕੰਡੇ ਵਰਤ ਲੈਣ ਪਰ ਕਾਮਯਾਬ ਨਹੀਂ ਹੋਣਗੇ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਮੇਅਰ ਦੇ ਅਹੁਦੇ ਵਾਸਤੇ ਜਿਸ ਦੇ ਵੀ ਨਾਮ 'ਤੇ ਮੋਹਰ ਲਾਈ ਗਈ ਹੈ, ਉਹ ਸਾਰਿਆਂ ਦੀ ਸਲਾਹ ਤੇ ਭਾਵਨਾਵਾਂ ਉਪਰੰਤ ਕਾਂਗਰਸ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੀ ਹੋਵੇਗਾ। ਅੱਜ ਦੀ ਮੀਟਿੰਗ ਵਿੱਚ ਸੁਖਬਿੰਦਰ ਸਿੰਘ ਸਰਕਾਰੀਆ, ਓ ਪੀ ਸੋਨੀ , ਭਗਵੰਤ ਪਾਲ ਸਿੰਘ ਸੱਚਰ, ਡਾ ਰਾਜਕੁਮਾਰ, ਸੁਨੀਲ ਦੱਤੀ, ਇੰਦਰਬੀਰ ਸਿੰਘ ਬੁਲਾਰੀਆ, ਜਸਬੀਰ ਸਿੰਘ ਡਿੰਪਾ, ਅਸ਼ਵਨੀ ਪੱਪੂ, ਦਿਨੇਸ਼ ਬੱਸੀ, ਜੁਗਲ ਕਿਸ਼ੋਰ ਸ਼ਰਮਾ, ਬੱਬੀ ਪਹਿਲਵਾਨ , ਰਮਨ ਬਖਸ਼ੀ ਵੀ ਹਾਜ਼ਰ ਸਨ।

ਦੱਸਣਯੋਗ ਹੈ ਕਿ ਨਗਰ ਨਿਗਮ ਦੀਆਂ ਚੋਣਾਂ ਵਿੱਚ 85 ਸੀਟਾਂ 'ਚੋਂ ਕਾਂਗਰਸ ਨੇ 40 ਵਾਰਡਾਂ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ਮੇਅਰ ਬਣਾਉਣ ਵਾਸਤੇ ਅੱਧ ਤੋਂ ਵੱਧ ਬਹੁਮਤ ਦੀ ਲੋੜ ਹੈ ਜਦਕਿ 'ਆਪ' ਨੂੰ 24 ਸੀਟਾਂ 'ਤੇ ਜਿੱਤ ਮਿਲੀ ਹੈ ਅਤੇ ਉਸਨੇ 4 ਆਜ਼ਾਦ ਕੌਂਸਲਰ ਪਾਰਟੀ ਵਿੱਚ ਸ਼ਾਮਲ ਕਰਨ ਦਾ ਦਾਅਵਾ ਕਰਦਿਆਂ ਆਪਣਾ ਮੇਅਰ ਬਣਾਉਣ ਦਾ ਦਾਅਵਾ ਕੀਤਾ ਹੈ। ਇਸ ਚੋਣ ਵਿੱਚ ਭਾਜਪਾ ਨੂੰ 9 ਅਤੇ ਸ਼੍ਰੋਮਣੀ ਅਕਾਲੀ ਦਲ ਨੂੰ 4 ਸੀਟਾਂ 'ਤੇ ਜਿੱਤ ਮਿਲੀ ਸੀ ਜਦੋਂਕਿ 8 ਆਜ਼ਾਦ ਕੌਂਸਲਰ ਚੋਣ ਜਿੱਤੇ ਸਨ।

# ਪਨੂੰ ਨੇ ਫਤਿਹਗੜ੍ਹ ਚੂੜੀਆਂ ਦੇ ਬਲਾਕ ਦੇ ਸਰਪੰਚਾਂ ਨਾਲ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਕੀਤੀ ਅਹਿਮ ਮੀਟਿੰਗ



**ਬਟਾਲਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ. ਬਲਬੀਰ ਸਿੰਘ ਪਨੂੰ, ਚੇਅਰਮੈਨ ਪਨਸਪ ਪੰਜਾਬ ਵਲੋਂ ਪਾਰਟੀ ਦਫਤਰ ਅਲੀਵਾਲ ਵਿੱਚ ਫਤਿਹਗੜ੍ਹ ਚੂੜੀਆਂ ਦੇ ਬਲਾਕ ਦੇ ਪੰਚਾਂ ਸਰਪੰਚਾਂ ਨਾਲ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਅਹਿਮ ਮੀਟਿੰਗ ਕੀਤੀ ਗਈ। ਇਸ ਮੌਕੇ ਉਨਾਂ ਦੀਆਂ ਦਿੱਕਤਾਂ ਸੁਣੀਆਂ ਗਈਆਂ ਅਤੇ ਚੇਅਰਮੈਨ ਪਨੂੰ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਕਿ ਪਿੰਡਾਂ ਦੇ ਵਿਕਾਸ ਲਈ ਉਨਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸਰਕਾਰ ਵਲੋਂ ਹਰ ਲੋੜੀਦੀ ਸਹਾਇਤਾ ਮੁਹੲੀਆ ਕਰਵਾਈ ਜਾਵੇਗੀ।

ਚੇਅਰਮੈਨ ਪਨੂੰ ਨੇ ਸਾਰੇ ਸਰਪੰਚਾਂ ਪੰਚਾਂ ਤੇ ਵਰਕਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਪਿੰਡ ਵਿੱਚ ਸਰਕਾਰ ਵੱਲੋਂ ਮੁਹਈਆ ਕਰਵਾਈ ਜਾ ਰਹੀ ਆ ਸਹੂਲਤਾਂ ਦਾ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਮੁਹੲੀਆ ਕਰਵਾਉਣ, ਤਾਂ ਜੋ ਕਿਸੇ ਵੀ ਵਰਗ ਦਾ ਭਾਈਚਾਰਾ ਸਰਕਾਰ ਦੀਆਂ ਸਹੂਲਤਾਂ ਤੋਂ ਵਾਂਝਾ ਨਾ ਰਹੇ। ਉਨਾਂ ਅੱਗੇ ਕਿਹਾ ਕਿ ਪਿੰਡਾਂ ਵਿੱਚ ਸਰਬਪੱਖੀ ਵਿਕਾਸ ਬਿਨਾਂ ਪੱਖਪਾਤ ਦੇ ਕਰਵਾਏ ਜਾਣਗੇ ਅਤੇ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਕਰਮਜੀਤ ਸਿੰਘ ਬਰਾੜ, ਮਲਜਿੰਦਰ ਸਿੰਘ, ਕੁਲਬੀਰ ਸਿੰਘ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ, ਹਰਪ੍ਰੀਤ ਸਿੰਘ, ਕਰਨ ਬਾਠ, ਸੁਖਦੇਵ ਸਿੰਘ ਰਿੱਕੂ, ਜਗਜੀਤ ਸਿੰਘ, ਗੁਰ ਪ੍ਰਤਾਪ ਸਿੰਘ ਅਤੇ ਇਲਾਕੇ ਦੇ ਸਰਪੰਚ ਪੰਚ ਆਦਿ ਹਾਜ਼ਰ ਸਨ।

# ਪਿੰਡਾਂ ਦਾ ਵਿਕਾਸ ਜੰਗੀ ਪੱਧਰ 'ਤੇ ਜਾਰੀ: ਨੀਨਾ ਮਿੱਤਲ ਵਿਧਾਇਕਾ ਨੇ ਕਈ ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਲਈ ਗਰਾਂਟਾਂ ਦੇ ਚੈੱਕ ਵੰਡੇ



ਪਿੰਡਾਂ ਦੀਆਂ ਪੰਚਾਇਤਾਂ ਨੂੰ ਗਰਾਂਟਾਂ ਦੇ ਚੈੱਕ ਵੰਡਦੇ ਹੋਏ ਵਿਧਾਇਕਾ ਨੀਨਾ ਮਿੱਤਲ।

**ਰਾਜਪੁਰਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਰਾਜਪੁਰਾ ਦੀ ਵਿਧਾਇਕਾ ਨੀਨਾ ਮਿੱਤਲ ਨੇ ਹਲਕੇ ਦੇ ਲਗਪਗ ਇਕ ਦਰਜਨ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗਰਾਂਟਾਂ ਦੇ ਚੈੱਕ ਵੰਡੇ। ਇਸ ਦੌਰਾਨ ਵਿਧਾਇਕਾ ਨੇ ਪਿੰਡ ਖਰਾਜਪੁਰ ਦੀ ਪੰਚਾਇਤ ਦੀ ਮੰਗ 'ਤੇ ਪਿੰਡ ਵਿੱਚ ਵਾਟਰ ਸਪਲਾਈ ਲਈ 10 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ। ਇਸੇ ਤਰ੍ਹਾਂ ਵਿਧਾਇਕਾ ਨੇ ਗ੍ਰਾਮ ਪੰਚਾਇਤਾਂ ਨੂੰ ਕੈਟਲ ਫੇਅਰ ਸਕੀਮ ਤਹਿਤ ਪਿੰਡ ਖਲੌਰ, ਰਾਮਪੁਰ ਖ਼ੁਰਦ, ਗੁਰਦਿੱਤਪੁਰਾ, ਮਨੌਲੀ ਸੂਰਤ, ਖਾਸਪੁਰ ਤੇ ਚੰਦੂਮਾਜਰਾ ਦੀ ਪੰਚਾਇਤ ਨੂੰ 75-75 ਹਜ਼ਾਰ ਰੁਪਏ ਦੇ ਚੈੱਕ ਵੰਡੇ। ਇਸ ਮੌਕੇ ਉਨ੍ਹਾਂ ਗ੍ਰਾਮ ਪੰਚਾਇਤ ਗੱਦੋ ਮਾਜਰਾ ਨੂੰ ਗਲੀਆਂ-ਨਾਲੀਆਂ ਲਈ 7 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ। ਵਿਧਾਇਕਾ ਮਿੱਤਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਨੂੰ ਸ਼ਹਿਰੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਵੱਡੀ ਪੱਧਰ 'ਤੇ ਵਿਕਾਸ ਕਾਰਜਾਂ ਲਈ ਗਰਾਂਟਾਂ ਤਕਸੀਮ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਨਾਲ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹਲਕਾ ਰਾਜਪੁਰਾ ਵਿੱਚ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ 'ਤੇ ਕਰਵਾਇਆ ਜਾਵੇਗਾ। ਵਿਧਾਇਕਾ ਨੇ ਸਮੂਹ ਪੰਚਾਇਤਾਂ ਨੂੰ ਸੱਦਾ ਦਿੱਤਾ ਕਿ ਉਹ ਪੂਰੀ ਇਮਾਨਦਾਰੀ ਤੇ ਨਿਗਰਾਨੀ ਨਾਲ ਇਨ੍ਹਾਂ ਫੰਡਾਂ ਦੀ ਵਰਤੋਂ ਕਰਨ ਅਤੇ ਕੰਮ ਦੀ ਗੁਣਵੱਤਾ ਵੱਲ ਵੀ ਵਿਸ਼ੇਸ਼ ਧਿਆਨ ਦੇਣ। ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਵੀ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਜਾ ਰਹੇ ਫੰਡਾਂ ਨਾਲ ਕੰਮ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ। ਇਸ ਮੌਕੇ ਅਮਰਿੰਦਰ ਸਿੰਘ ਮੀਰੀ, ਬਲਾਕ ਪ੍ਰਧਾਨ ਜਗਦੀਪ ਸਿੰਘ ਅਲੂਣਾ, ਬਲਾਕ ਪ੍ਰਧਾਨ ਮੇਜਰ ਸਿੰਘ ਬਖ਼ਸ਼ੀਵਾਲਾ, ਧਨਵੰਤ ਸਿੰਘ, ਬਲਾਕ ਪ੍ਰਧਾਨ ਜਸਵਿੰਦਰ ਸਿੰਘ ਲਾਲਾ, ਸਰਪੰਚ ਜਸਵੰਤ ਸਿੰਘ ਨੈਣਾ, ਸਰਪੰਚ ਜਲਿੰਦਰ ਸਿੰਘ ਮਨੌਲੀ ਸੂਰਤ ਤੇ ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਵਪਾਰੀਆਂ ਦੇ ਮਸਲਿਆਂ ਦੇ ਹੱਲ ਲਈ ਕਮੇਟੀ ਕਾਇਮ ਮੀਟਿੰਗ ਵਿੱਚ ਚੋਰੀ 'ਤੇ ਚਿੰਤਾ ਪ੍ਰਗਟਾਈ

**ਨਾਭਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਬੌੜਾਂ ਗੇਟ ਮਾਰਕੀਟ ਦੇ ਵਪਾਰੀਆਂ ਅਤੇ ਸੰਵਾਦ ਗਰੁੱਪ ਵੱਲੋਂ ਨਾਭਾ ਦੇ ਅਕਾਲਗੜ੍ਹ ਗੁਰਦੁਆਰਾ ਸਾਹਿਬ ਵਿੱਚ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸ਼ਹਿਰ 'ਚ ਰੋਜ਼ਾਨਾ ਹੋ ਰਹੀਆਂ ਚੋਰੀਆਂ ਦੇ ਮੁੱਦੇ 'ਤੇ ਵਿਚਾਰ ਚਰਚਾ ਕੀਤੀ ਗਈ। ਐਡਵੋਕੇਟ ਗੀਤਇਕਬਾਲ ਸਿੰਘ ਮਝੈਲ ਅਤੇ ਸੰਵਾਦ ਗਰੁੱਪ ਦੇ ਪ੍ਰਬੰਧਕ ਰਾਜੇਸ਼ ਢੀਂਗਰਾ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ 'ਚ ਵਪਾਰੀਆਂ ਨੇ ਕਿਹਾ ਕਿ ਸ਼ਹਿਰ 'ਚ ਇੱਕ ਅਜਿਹਾ ਵਪਾਰ ਮੰਡਲ ਹੋਣਾ ਚਾਹੀਦਾ ਹੈ ਜਿਹੜਾ ਕਿ ਕਿਸੇ ਸਿਆਸੀ ਪਾਰਟੀ ਦੇ ਪ੍ਰਭਾਵ ਹੇਠ ਨਾ ਹੋਵੇ ਤੇ ਜਿਹੜਾ ਸ਼ਾਸਨ ਅਤੇ ਪ੍ਰਸ਼ਾਸਨ ਅੱਗੇ ਵਪਾਰੀਆਂ ਦੇ ਹਿੱਤਾਂ ਦੀ ਗੱਲ ਕਰੇ। ਇਸ ਦੌਰਾਨ ਗਗਨਦੀਪ ਸਿੰਘ, ਸੰਦੀਪ ਗੋਇਲ ਤੇ ਅਸ਼ੋਕ ਕੁਮਾਰ ਆਦਿ ਦੁਕਾਨਦਾਰਾਂ ਨੇ ਚਿੰਤਾ ਪ੍ਰਗਟਾਈ ਕਿ ਰੋਜ਼ਾਨਾ ਦੁਕਾਨਾਂ ਦੇ ਸ਼ਟਰ ਤੋੜ ਕੇ ਚੋਰੀਆਂ ਹੋ ਰਹੀਆਂ ਹਨ ਤੇ ਥਾਣਿਆਂ 'ਚ ਚੋਰੀ ਨੂੰ ਬਹੁਤ ਹਲਕੇ 'ਚ ਲਿਆ ਜਾਂਦਾ ਹੈ।

# ਦੋਹਰੇ ਮਾਪਦੰਡ: ਸਰਕਾਰ ਨੇ ਅਧਿਕਾਰੀ ਨੂੰ ਦੋਸ਼ ਪੱਤਰ ਦੇ ਤੀਜੇ ਦਿਨ ਦਿੱਤੀ ਤਰੱਕੀ

**ਸਰਕਾਰ ਵੱਲੋਂ ਜਾਰੀ ਕੀਤੇ ਨੋਟਿਸ ਦਾ ਜਵਾਬ ਦੇਵਾਂਗਾ: ਅਧਿਕਾਰੀ**

**ਚੰਡੀਗੜ੍ਹ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬਾ ਸਰਕਾਰ ਨੇ ਆਬਕਾਰੀ ਤੇ ਕਰ ਵਿਭਾਗ ਦੇ ਇੱਕ ਉੱਚ ਅਧਿਕਾਰੀ ਨੂੰ ਦੋਸ਼ ਪੱਤਰ ਜਾਰੀ ਕਰਨ ਤੋਂ ਦੋ ਦਿਨ ਬਾਅਦ ਹੀ ਉਸ ਦੀ ਤਰੱਕੀ ਦੇ ਹੁਕਮ ਜਾਰੀ ਕਰ ਦਿੱਤੇ ਹਨ ਜਿਸ ਤੋਂ ਵਿਭਾਗ ਵਿੱਚ ਨਵੀਂ ਚਰਚਾ ਛਿੜ ਗਈ ਹੈ। ਦੂਜੇ ਪਾਸੇ ਪਦਉਨਤ ਹੋਏ ਉੱਚ ਅਧਿਕਾਰੀ ਸ਼ਾਲਿਨ ਵਾਲੀਆ ਦਾ ਆਖਣਾ ਹੈ ਕਿ ਉਹ ਨੋਟਿਸ ਦਾ ਜਵਾਬ ਦੇਣਗੇ ਅਤੇ ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਸਰਕਾਰ ਦਾ ਕੋਈ ਨੁਕਸਾਨ ਨਹੀਂ ਕੀਤਾ। ਵੇਰਵਿਆਂ ਅਨੁਸਾਰ ਜਲੰਧਰ ਦੇ ਤਤਕਾਲੀ ਉੱਪ ਕਰ ਤੇ ਆਬਕਾਰੀ ਕਮਿਸ਼ਨਰ ਸ਼ਾਲਿਨ ਵਾਲੀਆ ਨੇ ਬਤੌਰ ਕੁਲੈਕਟਰ ਸਾਲ 2020 ਵਿੱਚ ਫ਼ਰਮ ਡੋਡਾ ਵਾਈਨ ਨੂੰ ਪੰਜਾਬ ਲਿਕੁਰ ਲਾਇਸੈਂਸ ਰੂਲ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ 10 ਲੱਖ ਰੁਪਏ ਜੁਰਮਾਨਾ ਲਾਇਆ ਸੀ। ਸਥਾਨਕ ਸ਼ਰਾਬ ਕਾਰੋਬਾਰੀ ਰਵਿੰਦਰ ਪਾਲ ਸਿੰਘ ਰਾਜੂ ਮੁਤਾਬਕ ਫ਼ਰਮ ਡੋਡਾ ਵਾਈਨ ਵੱਲੋਂ ਸੂਬਾ ਸਰਕਾਰ ਵਿਜੀਲੈਂਸ ਤੇ ਹੋਰ ਉੱਚ ਅਧਿਕਾਰੀਆਂ ਨੂੰ ਕਰੀਬ 4 ਸਾਲ ਪਹਿਲਾਂ ਸਾਲ 2020 ਵਿੱਚ ਲਿਖਤੀ ਸ਼ਿਕਾਇਤ ਦਿੱਤੀ ਸੀ ਕਿ ਉਕਤ ਅਧਿਕਾਰੀ ਨੇ ਬਤੌਰ ਕੁਲੈਕਟਰ ਆਪਣੇ ਕਥਿਤ ਚਹੇਤੇ 9 ਹੋਰਨਾਂ ਸ਼ਰਾਬ ਕਾਰੋਬਾਰੀਆਂ ਨੂੰ ਇਸੇ ਹੀ ਨਿਯਮ ਦੀ ਉਲੰਘਣਾ ਦੇ ਦੋਸ਼ ਹੇਠ ਸਿਰਫ਼ 10-10 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ ਜਦਕਿ ਉਨ੍ਹਾਂ ਨੂੰ 10 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਸੂਬੇ 'ਚ ਤਤਕਾਲੀ ਕਾਂਗਰਸ ਸਰਕਾਰ ਕਾਰਜਕਾਲ ਦੌਰਾਨ ਦਿੱਤੀ ਸ਼ਿਕਾਇਤ ਉੱਤੇ ਹੁਣ ਕਰੀਬ 4 ਸਾਲ ਬਾਅਦ 'ਆਪ' ਸਰਕਾਰ ਨੇ ਕਾਰਵਾਈ ਸ਼ੁਰੂ ਕੀਤੀ। ਉਨ੍ਹਾਂ ਸਰਕਾਰ ਦੇ ਹੁਕਮਾਂ ਦੀਆਂ ਕਾਪੀਆਂ ਦੇ ਸਬੂਤ ਦਿਖਾਉਂਦੇ ਦੱਸਿਆ ਕਿ ਸੂਬਾ ਸਰਕਾਰ ਨੇ ਉਨ੍ਹਾਂ ਦੀ ਸ਼ਿਕਾਇਤ ਉੱਤੇ ਮੁਢਲੀ ਪੜਤਾਲ ਬਾਅਦ ਉੱਕਤ ਉੱਚ ਅਧਿਕਾਰੀ ਨੂੰ ਨਵੇਂ ਵਰ੍ਹੇ ਵਾਲੇ ਦਿਨ ਪਹਿਲੀ ਜਨਵਰੀ 2025 ਨੂੰ ਜਵਾਬ ਤਲਬੀ ਨੋਟਿਸ ਜਾਰੀ ਕੀਤਾ ਗਿਆ ਅਤੇ ਸਿਰਫ਼ ਦੋ ਦਿਨ ਬਾਅਦ ਹੀ 3 ਜਨਵਰੀ ਨੂੰ ਉਕਤ ਅਧਿਕਾਰੀ ਦੀ ਫ਼ਰੀਦਕੋਟ ਵਿੱਚ ਉੱਪ ਕਰ ਤੇ ਆਬਕਾਰੀ ਕਮਿਸ਼ਨਰ ਤੋਂ ਬਤੌਰ ਸੰਯੁਕਤ ਕਮਿਸ਼ਨਰ ਤਰੱਕੀ ਵਜੋਂ ਦੇ ਦਿੱਤੀ ਗਈ ਅਤੇ ਪੀਏਸੀ ਮੁੱਖ ਦਫ਼ਤਰ ਵਿਖੇ ਤਾਇਨਾਤੀ ਕਰ ਦਿੱਤੀ ਗਈ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰੀ ਸੇਵਾ ਨਿਯਮਾਂ ਮੁਤਾਬਕ ਜਿਸ ਵੀ ਅਧਿਕਾਰੀ ਖ਼ਿਲਾਫ਼ ਕੋਈ ਸ਼ਿਕਾਇਤ ਲੰਬਤ ਹੋਵੇ ਤਾਂ ਉਸਦੀ ਤਰੱਕੀ ਨਹੀਂ ਹੋ ਸਕਦੀ। ਸੂਬੇ ਦੇ ਵਿੱਤੀ ਕਮਿਸ਼ਨਰ (ਕਰ) ਵੱਲੋਂ ਉਕਤ ਅਧਿਕਾਰੀ ਨੂੰ ਜਾਰੀ ਨੋਟਿਸ ਵਿੱਚ ਲਿਖਿਆ ਹੈ ਕਿ ਉਨ੍ਹਾਂ ਜਲੰਧਰ ਵਿੱਚ ਬਤੌਰ ਕੁਲੈਕਟਰ ਕਮ ਉੱਪ ਆਬਕਾਰੀ ਤੇ ਕਰ ਕਮਿਸ਼ਨਰ ਤਾਇਨਾਤੀ ਦੌਰਾਨ ਆਪਣੀ ਡਿਊਟੀ ਵਿਚ ਅਣਗਹਿਲੀ, ਲਾਪਰਵਾਹੀ ਅਤੇ ਕੁਤਾਹੀ ਵਰਤਦੇ ਫ਼ਰਮ ਡੋਡਾ ਵਾਈਨ ਪ੍ਰੋ ਸ਼ਿਵ ਲਾਲ ਡੋਡਾ ਦੇ ਕੇਸ ਵਿਚ ਪੰਜਾਬ ਲਿਕੁਰ ਲਾਇਸੈਂਸ ਰੂਲ ਨਿਯਮਾਂ ਦੇ ਪ੍ਰਾਵਧਾਨਾਂ ਦੀ ਉਲੰਘਣਾ ਕਰਕੇ 10 ਲੱਖ ਰੁਪਏ ਜੁਰਮਾਨਾ ਲਗਾਇਆ ਜਦੋਂ ਕਿ ਬਾਕੀ ਕਈ ਕੇਸਾਂ ਵਿਚ ਘੱਟ ਜੁਰਮਾਨਾ ਲਗਾ ਸਰਕਾਰੀ ਮਾਲੀਏ ਦਾ ਨੁਕਸਾਨ ਕੀਤਾ ਹੈ।

# ਡਿਪਟੀ ਕਮਿਸ਼ਨਰ ਵੱਲੋਂ ਤਿਆਰ ਕੀਤੇ ਕਲੰਡਰ ਨੂੰ ਰੀਲੀਜ਼

**ਗੁਰਦਾਸਪੁਰ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਉਮਾ ਸ਼ੰਕਰ ਗੁਪਤਾ, ਆਈ.ਏ.ਐਸ., ਡਿਪਟੀ ਕਮਿਸ਼ਨਰ, ਗੁਰਦਾਸਪੁਰ ਵੱਲੋਂ ਅੱਜ ਆਪਣੇ ਦਫ਼ਤਰ ਵਿਖੇ ਰੈੱਡ ਕਰਾਸ ਨਸ਼ਾ ਛੁਡਾਓ ਅਤੇ ਪੁਨਰਵਾਸ ਕੇਂਦਰ, ਗੁਰਦਾਸਪੁਰ ਵੱਲੋਂ ਸਾਲ 2025 ਦਾ ਕਲੰਡਰ ਜਾਰੀ ਕੀਤਾ ਗਿਆ। ਇਸ ਮੌਕੇ ਸ੍ਰੀ ਰੋਮੇਸ਼ ਮਹਾਜਨ, (ਨੈਸ਼ਨਲ ਐਵਾਰਡੀ) ਪ੍ਰੋਜੈਕਟ ਡਾਇਰੈਕਟਰ, ਰੈੱਡ ਕਰਾਸ ਨਸ਼ਾ ਛੁਡਾਓ ਅਤੇ ਪੁਨਰਵਾਸ ਕੇਂਦਰ, ਗੁਰਦਾਸਪੁਰ, ਸ੍ਰੀ ਅਦਿੱਤਿਆ ਗੁਪਤਾ, ਪੀ.ਸੀ.ਐਸ., ਸਹਾਇਕ ਕਮਿਸ਼ਨਰ, ਗੁਰਦਾਸਪੁਰ ਅਤੇ ਸ੍ਰੀ ਬਖ਼ਸ਼ੀ ਰਾਜ, ਕੋਆਰਡੀਨੇਟਰ, ਡੀ.ਸੀ.ਡਬਲਿਊ.ਸੀ. ਗੁਰਦਾਸਪੁਰ ਹਾਜ਼ਰ ਸਨ। ਰੈੱਡ ਕਰਾਸ ਨਸ਼ਾ ਛੁਡਾਓ ਅਤੇ ਪੁਨਰਵਾਸ ਕੇਂਦਰ, ਗੁਰਦਾਸਪੁਰ ਵੱਲੋਂ ਸਾਲ 2025 ਦਾ ਤਿਆਰ ਕਰਵਾਇਆ ਕਲੰਡਰ ਬਹੁਤ ਸੁੰਦਰ ਤੇ ਪ੍ਰਭਾਵਸ਼ਾਲੀ ਹੈ, ਜਿਸ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ, ਐਸ.ਐਸ.ਪੀ. ਗੁਰਦਾਸਪੁਰ ਸ੍ਰੀ ਹਰੀਸ਼ ਦਾਯਮਾ, ਸ੍ਰੀ ਸ਼ਿਵਦੁਲਾਰ ਸਿੰਘ ਢਿੱਲੋਂ ਰਿਟਾਇਰਡ ਆਈ.ਏ.ਐਸ. ਅਧਿਕਾਰੀ ਦੀ ਫ਼ੋਟੋਆਂ ਤੋਂ ਇਲਾਵਾ ਨਸ਼ੇ ਦੇ ਖ਼ਿਲਾਫ਼ ਬਹੁਤ ਪ੍ਰਭਾਵਸ਼ਾਲੀ ਸੰਦੇਸ਼ਾਂ ਨੂੰ ਦਰਸਾਇਆ ਗਿਆ ਹੈ ਤਾਂ ਜੋ ਨੌਜਵਾਨਾਂ ਨੂੰ ਨਸ਼ੇ ਦੇ ਖ਼ਿਲਾਫ਼ ਮਜ਼ਬੂਤ ਸੰਦੇਸ਼ ਦਿੱਤਾ ਜਾ ਸਕੇ। ਨਵੇਂ ਸਾਲ ਦੇ ਇਸ ਕਲੰਡਰ ਨੂੰ ਹੋਟਲ ਆਰ.ਕੇ. ਰੀਜੈਂਸੀ, ਜੀ.ਟੀ. ਰੋਡ, ਗੁਰਦਾਸਪੁਰ ਦੁਆਰਾ ਸਪਾਂਸਰ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਸਾਲ 2025 ਦੇ ਕਲੰਡਰ ਲਈ ਰੈੱਡ ਕਰਾਸ ਇੰਟੀਗ੍ਰੇਟਿਡ ਐਂਡ ਰੀਹੈਬਲੀਟੇਸ਼ਨ ਸੈਂਟਰ ਫ਼ਾਰ ਐਡਿਕਟਸ ਗੁਰਦਾਸਪੁਰ ਦੇ ਪ੍ਰੋਜੈਕਟ ਡਾਇਰੈਕਟਰ ਸ੍ਰੀ ਰੋਮੇਸ਼ ਮਹਾਜਨ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਕਾਰਜਾਂ ਦੀ ਸ਼ਲਾਘਾ ਕੀਤੀ।

# ਗਣਤੰਤਰ ਦਿਵਸ ਦੇ ਮਹੱਤਵਪੂਰਨ ਦਿਹਾੜੇ ਨੂੰ ਮਨਾਉਣ ਲਈ ਬੈਠਕ

## ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਗੰਭੀਰਤਾ ਨਾਲ ਜ਼ਿੰਮੇਵਾਰੀ ਨਿਭਾਉਣ ਦੀ ਕੀਤੀ ਹਦਾਇਤ

**ਪਟਿਆਲਾ, 12 ਜਨਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਗਣਤੰਤਰ ਦਿਵਸ ਮਨਾਉਣ ਸਬੰਧੀ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਨੁਪ੍ਰਿਤਾ ਜੌਹਲ, ਐਸ.ਪੀ. ਹਰਬੰਤ ਕੌਰ, ਆਰ.ਟੀ.ਏ ਨਮਨ ਮਾਰਕੰਨ, ਐਸ.ਡੀ.ਐਮ ਪਟਿਆਲਾ ਮਨਜੀਤ ਕੌਰ, ਸਹਾਇਕ ਕਮਿਸ਼ਨਰ (ਜ) ਰਿਚਾ ਗੋਇਲ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਤੇ ਦੀਪਜੋਤ ਕੌਰ, ਮੁੱਖ ਮੰਤਰੀ ਫ਼ੀਲਡ ਅਫ਼ਸਰ ਡਾ. ਨਵਜੋਤ ਸ਼ਰਮਾ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।


ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਗਣਤੰਤਰ ਦਿਵਸ ਦੇ ਸਮਾਗਮ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕਰਦੇ ਹੋਏ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ 26 ਜਨਵਰੀ ਨੂੰ ਪੂਰੇ ਉਤਸ਼ਾਹ ਨਾਲ ਗਣਤੰਤਰ ਦਿਵਸ ਮਨਾਇਆ ਜਾਣਾ ਹੈ ਅਤੇ ਇਸ ਮਹੱਤਵਪੂਰਨ ਦਿਹਾੜੇ 'ਤੇ ਜਿੱਥੇ ਆਜ਼ਾਦੀ ਘੁਲਾਟੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਜਾਵੇਗਾ, ਉੱਥੇ ਵਿਲੱਖਣ ਸ਼ਖ਼ਸੀਅਤਾਂ ਨੂੰ ਵੀ ਸਨਮਾਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ 'ਤੇ ਸਭਿਆਚਾਰਕ ਪ੍ਰੋਗਰਾਮ ਅਤੇ ਵੱਖ ਵੱਖ ਵਿਕਾਸ ਕਾਰਜਾਂ ਨੂੰ ਦਰਸਾਉਂਦੀਆਂ ਝਾਕੀਆਂ ਵੀ ਕੱਢੀਆਂ ਜਾਣਗੀਆਂ। ਇਸ ਤੋਂ ਇਲਾਵਾ ਦੇਸ਼ ਭਗਤੀ ਨਾਲ ਲਬਰੇਜ਼ ਸਕੂਲੀ ਵਿਦਿਆਰਥੀਆਂ ਵੱਲੋਂ ਰੰਗਾ ਰੰਗ ਸਭਿਆਚਾਰ ਪ੍ਰੋਗਰਾਮ ਅਤੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਗਿੱਧੇ ਤੇ ਭੰਗੜੇ ਦੀ ਪੇਸ਼ਕਾਰੀ ਕੀਤੀ ਜਾਵੇਗੀ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਸਥਾਨਕ ਪੋਲੋ ਗਰਾਊਂਡ (ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ) ਵਿਖੇ ਕਰਵਾਏ ਜਾਣ ਵਾਲੇ ਸਮਾਗਮ ਦੌਰਾਨ ਪੰਜਾਬ ਪੁਲਿਸ ਦੀਆਂ ਟੁਕੜੀਆਂ, ਪੰਜਾਬ ਹੋਮ ਗਾਰਡ, ਆਈ.ਟੀ.ਬੀ.ਪੀ., ਸੇਂਟ ਜੋਨ ਐਂਬੂਲੈਂਸ, ਸਕਾਊਟ ਗਰਲਜ਼ ਗਾਈਡ, ਐਨ.ਸੀ.ਸੀ. ਆਰਮੀ ਵਿੰਗ, ਐਨ.ਸੀ.ਸੀ. ਏਅਰ ਵਿੰਗ ਸਮੇਤ ਵੱਖ ਵੱਖ ਟੁਕੜੀਆਂ ਵੱਲੋਂ ਪਰੇਡ ਕੀਤੀ ਜਾਵੇਗੀ। ਉਨ੍ਹਾਂ ਵਿਭਾਗਾਂ ਦੇ ਮੁਖੀਆਂ ਨੂੰ ਇਸ ਅਹਿਮ ਸਮਾਗਮ ਦੇ ਪ੍ਰਬੰਧਾਂ ਦੀ ਨਿਗਰਾਨੀ ਖ਼ੁਦ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਇਸ ਸਮਾਗਮ ਦੀਆਂ ਤਿਆਰੀਆਂ 'ਚ ਕਿਸੇ ਵੀ ਕਿਸਮ ਦੀ ਅਣਗਹਿਲੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਵਿਭਾਗਾਂ ਦੇ ਮੁਖੀਆਂ ਨੂੰ ਸੌਂਪੀਆਂ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਹਦਾਇਤ ਕੀਤੀ।

# ਕੌਮੀ ਸਕੂਲ ਖੇਡਾਂ ਦੇ ਕੁਰਾਸ਼ ਮੁਕਾਬਲਿਆਂ ਵਿੱਚ ਪੰਜਾਬ ਦੇ ਖਿਡਾਰੀ ਛਾਏ

## ਵੱਖ-ਵੱਖ ਉਮਰ ਗੁੱਟਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਜੇਤੂ ਰਹੇ ਖਿਡਾਰੀ ਅਤੇ ਟੀਮਾਂ: ਚਰਨਜੀਤ ਸਿੰਘ ਭੁੱਲਰ



**ਪਟਿਆਲਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

68ਵੀਆਂ ਸਕੂਲ ਖੇਡਾਂ ਦੇ ਕੁਰਾਸ਼ ਖੇਡ ਦੇ ਕੌਮੀ ਮੁਕਾਬਲੇ ਰਾਏਪੁਰ (ਛਤੀਸਗੜ੍ਹ) ਵਿਖੇ ਆਯੋਜਿਤ ਹੋਏ ਜਿਸ ਵਿੱਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਪੰਜਾਬ ਦੇ 48 ਖਿਡਾਰੀਆਂ ਨੇ ਕੌਮੀ ਪੱਧਰ ਦੇ ਮੁਕਾਬਲਿਆਂ ਵਿੱਚ ਸ਼ਮੂਲੀਅਤ ਕੀਤੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਚਰਨਜੀਤ ਸਿੰਘ ਭੁੱਲਰ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਕਮੇਟੀ ਪਟਿਆਲਾ ਕਮ ਟੀਮ ਮੈਨੇਜਰ ਲੈਕਚਰਾਰ ਫਿਜੀਕਲ ਐਜੂਕੇਸ਼ਨ ਸਕੂਲ ਆਫ ਐਮੀਨੈਂਸ ਮਹਿੰਦਰਗੰਜ ਰਾਜਪੁਰਾ ਨੇ ਦੱਸਿਆ ਕਿ 14 ਸਾਲਾਂ ਲੜਕਿਆਂ ਦੇ ਵਰਗ ਵਿੱਚ ਦੂਜਾ ਸਥਾਨ ਤੇ 17 ਸਾਲ ਲੜਕੇ ਅਤੇ ਲੜਕੀਆਂ ਦੇ ਵਰਗ ਵਿੱਚ ਪਹਿਲਾ ਸਥਾਨ ਤੇ 19 ਸਾਲ ਲੜਕੀਆਂ ਦੇ ਵਰਗ ਵਿੱਚ ਪਹਿਲਾ ਸਥਾਨ ਤੇ 19 ਸਾਲ ਲੜਕਿਆਂ ਦੇ ਵਰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਆਲ ਓਵਰ ਚੈਂਪੀਅਨਸ਼ਿਪ ਪੰਜਾਬ ਦੇ ਕੁਰਾਸ਼ ਖਿਡਾਰੀਆਂ ਨੇ ਜਿੱਤੀ। ਇਸ ਆਲ ਓਵਰ ਚੈਂਪੀਅਨਸ਼ਿਪ ਜਿੱਤਣ ਵਿੱਚ ਇਹਨਾਂ ਕੋਚ ਅਤੇ ਮੈਨੇਜਰਾਂ ਨੇ ਸ਼ਾਨਦਾਰ ਤਿਆਰੀ ਅਤੇ ਪ੍ਰਬੰਧ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ। ਇਸ ਤੋਂ ਇਲਾਵਾ ਹਰਪ੍ਰੀਤ ਸਿੰਘ ਡੀ.ਪੀ.ਈ ਰੋਪੜ, ਗੁਰਜੀਤ ਸਿੰਘ ਰੋਪੜ, ਸਤਵਿੰਦਰ ਕੌਰ ਪੀਟੀਆਈ ਮੋਹਾਲੀ, ਭੁਪਿੰਦਰ ਕੌਰ ਪੀਟੀਆਈ ਰੋਪੜ, ਸਰਬਜੀਤ ਕੌਰ ਪੀ.ਟੀ.ਆਈ ਰੋਪੜ, ਰਜਨੀ ਠਾਕੁਰ ਗੁਰੂ ਤੇਗ ਬਹਾਦਰ ਸਕੂਲ ਪਟਿਆਲਾ, ਅਰੁਣ ਕੁਮਾਰ ਨੌਗਾਵਾਂ ਡੀ.ਪੀ.ਈ, ਫਿਜ਼ੀਕਲ ਟੀਚਰ ਪਟਿਆਲਾ ਰਜੇਸ਼ ਕੁਮਾਰ ਜੂਡੋ ਕੋਚ ਜ਼ੀਰਕਪੁਰ, ਸੁਰਜੀਤ ਸਿੰਘ ਵਾਲੀਆ ਕੋਚ ਪਟਿਆਲਾ ਨੇ ਵਿਸ਼ੇਸ਼ ਯੋਗਦਾਨ ਪਾਇਆ।

ਚਰਨਜੀਤ ਸਿੰਘ ਨੇ ਕਿਹਾ ਕਿ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਪਰਮਜੀਤ ਸਿੰਘ ਡਾਇਰੈਕਟਰ ਸਕੂਲ ਸਿੱਖਿਆ ਪੰਜਾਬ, ਸੁਨੀਲ ਕੁਮਾਰ ਡਿਪਟੀ ਡਾਇਰੈਕਟਰ ਸਕੂਲ ਸਿੱਖਿਆ ਵਿਭਾਗ ਪੰਜਾਬ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਸੰਜੀਵ ਸ਼ਰਮਾ, ਡਿਪਟੀ ਡੀਈਓ ਪਟਿਆਲਾ ਡਾ: ਰਵਿੰਦਰਪਾਲ ਸ਼ਰਮਾ ਨੇ ਜੇਤੂ ਖਿਡਾਰੀਆਂ ਅਤੇ ਕੋਚਾਂ ਦੀ ਸਮੇਂ-ਸਮੇਂ 'ਤੇ ਹੌਸਲਾ ਅਫ਼ਜ਼ਾਈ ਕੀਤੀ ਅਤੇ ਜਿੱਤ ਦੀਆਂ ਵਧਾਈਆਂ ਵੀ ਦਿੱਤੀਆਂ।

# ਪਿੰਡ ਕੋਟ ਕਲਾਂ ਦੇ ਮਾਤਾ ਰਾਣੀ ਸ਼ੀਤਲਾ ਮਾਤਾ ਮੰਦਰ ਦੀ ਉਸਾਰੀ ਦਾ ਕੰਮ ਹੋਇਆ ਸ਼ੁਰੂ



**ਧੂਰੀ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਜ਼ਰਵ ਹਲਕਾ ਨਾਭਾ ਦੇ ਪਿੰਡ ਕੋਟ ਕਲਾਂ ਸਥਿਤ ਮਾਤਾ ਰਾਣੀ (ਸੀਤਲਾ ਮਾਤਾ) ਮੰਦਰ ਦੀ ਉਸਾਰੀ ਦਾ ਕੰਮ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਇਸ ਕੰਮ ਵਿੱਚ ਸ਼ਰਧਾਲੂਆਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਹੋਇਆ ਪ੍ਰਧਾਨ ਗੁਰਜੀਤ ਸਿੰਘ ਨੇ ਦੱਸਿਆ ਕੀ ਮੰਦਿਰ ਬਹੁਤ ਪੁਰਾਣਾ ਹੈ ਜਿਸ ਦੀ ਨਵੇਂ ਸਿਰੇ ਤੋਂ ਉਸਾਰੀ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀ ਹੈ ਇਸ ਕਰਕੇ ਅਸੀਂ ਸ਼ਰਧਾਲੂਆਂ ਨੂੰ ਬੇਨਤੀ ਕਰਦੇ ਹਾਂ ਕਿ ਆਣ ਵਾਲੇ ਮਈ ਜੂਨ ਦੇ ਮੇਲਿਆਂ ਤੋਂ ਪਹਿਲਾਂ ਬਰਾਂਡੇ ਦੇ ਲੈਂਟਰ ਦਾ ਕੰਮ ਪੂਰਾ ਕੀਤਾ ਜਾ ਸਕੇ ਇਸ ਕਰਕੇ ਸ਼ਰਧਾਲੂਆਂ ਨੂੰ ਬੇਨਤੀ ਹੈ ਕਿ ਆਪਣੀ ਸ਼ਰਧਾ ਦੇ ਅਨੁਸਾਰ ਜੋ ਕੋਈ ਵੀ ਸਮਾਨ ਸੀਮੈਂਟ, ਰੇਤਾ, ਬਜਰੀ ਮਾਇਆ ਰੂਪੀ ਦਾਨ, ਸਰੀਆ ਆਦਿ ਦਾਨ ਦੇਣਾ ਚਾਹੁੰਦਾ ਹੈ ਉਹ ਲੈਂਟਰ ਪੈਣ ਤੋਂ ਪਹਿਲਾਂ ਮੰਦਰ ਵਿੱਚ ਪਹੁੰਚਾ ਦੇਣ ਜਿਸ ਨਾਲ ਮੰਦਰ ਦੀ ਉਸਾਰੀ ਦਾ ਕੰਮ ਤੇਜ਼ੀ ਨਾਲ ਪੂਰਾ ਕੀਤਾ ਜਾ ਸਕੇ ਅਤੇ ਜੇਕਰ ਹੋਰ ਕਿਸੇ ਤਰ੍ਹਾਂ ਦੀ ਸਹਾਇਤਾ ਕਰਨੀ ਹੈ ਤਾਂ ਉਹ ਮੰਦਰ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਤੇ ਮੰਦਰ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ, ਮੀਤ ਪ੍ਰਧਾਨ ਭਗਵਾਨ ਸਿੰਘ, ਸੈਕਟਰੀ ਗੁਰਚਰਨ ਸਿੰਘ ਖਜ਼ਾਨਚੀ ਹਰਪ੍ਰੀਤ ਸਿੰਘ ਸਾਲ ਇਲਾਵਾ ਗੁਰਚਰਨ ਸਿੰਘ, ਖਜਾਨਚੀ ਹਰਪ੍ਰੀਤ ਸਿੰਘ, ਮੈਂਬਰ ਚੰਦ ਸਿੰਘ ਮੈਂਬਰ ਪਰਗਟ ਸਿੰਘ ਮੈਂਬਰ ਜਗਸੀਰ ਸਿੰਘ ਤੋ ਇਲਾਵਾ ਹੋਰ ਕਮੇਟੀ ਮੈਂਬਰ ਵੀ ਹਾਜ਼ਰ ਹੋਏ।

# ਸਰਬੱਤ ਦੇ ਭਲੇ ਲਈ ਦਫ਼ਤਰ ਡਿਪਟੀ ਕਮਿਸ਼ਨਰ ਵਿਖੇ ਕਰਵਾਇਆ ਸੁਖਮਨੀ ਸਾਹਿਬ ਦਾ ਪਾਠ

**ਮਲੇਰਕੋਟਲਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵੇਂ ਵਰ੍ਹੇ 2025 ਦੀ ਆਮਦ ਮੌਕੇ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਦਫ਼ਤਰ ਡਿਪਟੀ ਕਮਿਸ਼ਨਰ ਕੰਪਲੈਕਸ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ । ਇਸ ਮੌਕੇ ਪ੍ਰਬੰਧਕਾਂ ਵੱਲੋਂ ਸਮੂਹ ਸੰਗਤਾਂ ਲਈ ਗੁਰੂ ਕੇ ਲੰਗਰ ਦਾ ਪ੍ਰਬੰਧ ਕੀਤਾ ਗਿਆ

ਇਸ ਮੌਕੇ ਸਹਾਇਕ ਕਮਿਸ਼ਨਰ ਗੁਰਮੀਤ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਕੌਰ, ਡੀ.ਐਸ.ਪੀ, ਡੀ.ਆਈ.ਓ, ਸਾਈਨ ਕਮਲ, ਸਹਾਇਕ ਲੋਕ ਸੰਪਰਕ ਅਫ਼ਸਰ ਦੀਪਕ ਕਪੂਰ ਸਮੇਤ ਵੱਡੀ ਗਿਣਤੀ ਵਿਚ ਵੱਖ-ਵੱਖ ਵਿਭਾਗਾਂ ਦੇ ਮੁਖੀਆਂ, ਅਧਿਕਾਰੀਆਂ ਤੇ ਕਰਮਚਾਰੀਆਂ ਨੇ ਗੁਰੂ ਚਰਨਾਂ ਵਿਚ ਹਾਜਰੀ ਭਰੀ। ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਨਵੇਂ ਸਾਲ ਦੀ ਆਮਦ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਇਮਾਨਦਾਰੀ, ਤਨਦੇਹੀ, ਪੂਰੀ ਲਗਨ, ਫ਼ਰਜ਼, ਸਮਰਪਣ ਭਾਵਨਾ ਨਾਲ ਆਪਣੀ ਡਿਊਟੀ ਨਿਭਾਉਣ ਦੀ ਦਾਤ ਬਖਸ਼ਣ ਦੀ ਅਰਦਾਸ ਕੀਤੀ ।

ਸਰਕਾਰ ਵੱਲੋਂ ਉਲੀਕੀਆਂ ਯੋਜਨਾਵਾਂ ਤੇ ਪ੍ਰੋਗਰਾਮਾਂ ਦਾ ਲਾਭ,



ਲਾਭਪਾਤਰੀਆਂ ਨੂੰ ਹੇਠਲੇ ਪੱਧਰ ਤੱਕ ਪੁੱਜਦਾ ਕਰਨ ਲਈ ਉਹ ਆਪਣਾ ਯੋਗਦਾਨ ਪਾਉਣ ਲਈ ਹਮੇਸ਼ਾ ਤਤਪਰ ਰਹਿਣਗੇ ਤਾਂ ਜੋ ਆਮ ਲੋਕਾਂ ਨੂੰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਮਿਲ ਸਕੇ । ਇਸ ਮੌਕੇ ਤਹਿਸੀਲਦਾਰ ਚੋਣਾਂ ਬ੍ਰਿਜ ਮੋਹਨ, ਸੁਪਰਡੈਂਟ ਅੰਮ੍ਰਿਤਪਾਲ ਸਿੰਘ, ਸੁਪਰਡੈਂਟ ਗੁਪਾਲ ਚੰਦ, ਸੁਪਰਡੈਂਟ ਬਲਵੀਰ ਸਿੰਘ, ਸੁਪਰਡੈਂਟ ਧਰਮ ਸਿੰਘ, ਪੀ.ਏ. ਟੂ ਡਿਪਟੀ ਕਮਿਸ਼ਨਰ ਹਰਵਿੰਦਰ ਸਿੰਘ, ਰੀਡਰ ਬੇਅੰਤ ਸਿੰਘ, ਸਦਰ ਕਾਨੂੰਗੋ ਰਣਜੀਤ ਸਿੰਘ, ਸ਼ਰਨਦੀਪ ਸਿੰਘ, ਮਨਪ੍ਰੀਤ ਸਿੰਘ, ਮੋਹਿਤ ਕੁਮਾਰ, ਰੋਹਿਤ ਕੁਮਾਰ, ਸਟੈਨੋ ਟੂ ਏ.ਡੀ.ਸੀ ਰਾਜਵਿੰਦਰ ਕੌਰ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਮਨਦੀਪ ਸਿੰਘ ਚਾਹਲ, ਪ੍ਰਧਾਨ ਪਟਵਾਰ ਯੂਨੀਅਨ ਪੰਜਾਬ ਹਰਵੀਰ ਸਿੰਘ ਢੀਂਡਸਾ, ਪ੍ਰਧਾਨ ਨੰਬਰਦਾਰ ਯੂਨੀਅਨ ਪੰਜਾਬ ਰਾਜ ਸਿੰਘ ਦੁਲਮਾ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਸਹੋਤਾ, ਲਵਇੰਸ ਬਾਂਸਲ, ਰਾਜੂ, ਅਭਿਸ਼ੇਕ ਜੈਨ, ਕਰਮਜੀਤ ਸਿੰਘ, ਰਾਜੇਸ਼ ਕੁਮਾਰ, ਹਰਪ੍ਰੀਤ ਕੌਰ, ਮਾਹਿਮਾ, ਰਿਧੀਮਾ, ਸੁਚੇਤਾ, ਅੰਜੂ, ਸਿਮਰਨ, ਜਤੀਨ ਗਰਗ, ਰਮਨਦੀਪ ਸਿੰਘ, ਸਾਹਿਲ, ਫਕੀਰ ਚੰਦ ਸਮੇਤ ਵੱਡੀ ਗਿਣਤੀ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸ਼ਿਰਕਤ ਕੀਤੀ।

# ਜੇਕਰ ਸਰਹਿੰਦ ਨਹਿਰ ਦੇ ਕਿਨਾਰਿਆਂ ਨੂੰ ਪੱਕਾ ਕੀਤਾ ਜਾਂਦਾ ਹੈ ਤਾਂ ਕਿਸਾਨ ਯੂਨੀਅਨ ਇਸਦਾ ਡਟਵਾਂ ਵਿਰੋਧ ਕਰੇਗੀ



**ਚਮਕੌਰ ਸਾਹਿਬ 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਇੱਥੇ ਐਸਡੀਐਮ ਦਫਤਰ ਅੱਗੇ ਭਾਰਤੀ ਕਿਸਾਨ ਯੂਨੀਅਨ ਖੋਸਾਂ ਦੇ ਜ਼ਿਲ੍ਹਾ ਪ੍ਰਧਾਨ ਜਸਪ੍ਰੀਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕੀਤਾ ਉਹਨਾਂ ਕਿਹਾ ਕਿ ਉਹਨਾਂ ਕਿਹਾ ਕਿ ਅੱਜ ਅਸੀਂ ਇਸ ਮੁੱਦੇ ਤੇ ਐਸਡੀਐਮ ਸ਼੍ਰੀ ਚਮਕੌਰ ਸਾਹਿਬ ਨੂੰ ਮੰਗ ਪੱਤਰ ਦੇਣ ਆਏ ਸੀ ਪਰੰਤੂ ਉਹ ਨਹੀਂ ਮਿਲੇ ਉਹਨਾਂ ਨਾਲ ਫੋਨ ਤੇ ਕੋਈ ਗੱਲਬਾਤ ਦਾ ਵੇਰਵਾ ਦਿੰਦੇ ਹੋਏ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਸੱਤ ਅੱਠ ਦਿਨ ਹੋ ਗਏ ਇਸ ਨਹਿਰ ਦਾ ਉਪਰੋਕਤ ਕੰਮ ਚਲਦਿਆਂ ਪ੍ਰੰਤੂ ਐਸ.ਡੀ.ਐਮ ਸਾਹਿਬ ਕਹਿ ਰਹੇ ਹਨ ਕਿ ਮੈਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਨਹੀਂ, ਜਿਸ ਤੋਂ ਸਾਫ ਜਾਹਿਰ ਹੈ ਕਿ ਸਰਕਾਰ ਮਿਲੀ ਭੁਗਤ ਨਾਲ ਕੋਈ ਨਵਾਂ ਸ਼ਰਿਅੰਤਰ ਰਚਣ ਜਾ ਰਹੀ ਹੈ ਉਹਨਾਂ ਕਿਹਾ ਕਿ ਜੇਕਰ ਕੇਵਲ ਨਹਿਰ ਦੀ ਸਫਾਈ ਹੁੰਦੀ ਹੈ ਜਾਂ ਚੌੜਾ ਕੀਤਾ ਜਾਂਦਾ ਇਸ ਵਿੱਚ ਕੋਈ ਇਤਰਾਜ਼ ਨਹੀਂ ਹੋਵੇਗਾ।

ਜੇਕਰ ਨਹਿਰ ਦੇ ਕਿਨਾਰੇ ਪੱਕੇ ਕੀਤੇ ਗਏ ਤਾਂ ਬੀਕੇਯੂ ਖੋਸਾ ਵੱਡੇ ਪੱਧਰ ਤੇ ਸੰਘਰਸ਼ ਕਰੇਗੀ। ਕਿਉਂਕਿ ਜੇਕਰ ਕਿਨਾਰੇ ਪੱਕੇ ਕੀਤੇ ਗਏ ਤਾਂ ਬੇਟ ਏਰੀਏ ਦਾ ਪਾਣੀ ਬੇ ਸਵਾਦ ਹੋ ਜਾਵੇਗਾ ਅਤੇ ਪਾਣੀ ਸਿੰਮਣ ਦੇ ਨਾਲ ਬੇਟ ਏਰੀਏ ਦੇ 20-25 ਪਿੰਡ ਸਾਫ ਪਾਣੀ ਪੀਂਦੇ ਹਨ ਅਤੇ ਪਾਣੀ ਦਾ ਲੈਵਲ ਵੀ ਸਹੀ ਰਹਿੰਦਾ ਹੈ ਇੰਜ ਨਹਿਰ ਪੱਕੀ ਹੋਣ ਦੇ ਨਾਲ ਜਿੱਥੇ ਜਮੀਨ ਇਹ ਜਮੀਨ ਬੰਜਰ ਬਣਦੀ ਜਾਵੇਗੀ ਉੱਥੇ ਕਿਸਾਨਾਂ ਨੂੰ ਆਰਥਿਕ ਨੁਕਸਾਨ ਵੀ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਕੱਤਰ ਪਰਮਿੰਦਰ ਸਿੰਘ ਜਨਰਲ ਸਕੱਤਰ ਮਾਸਟਰ ਸੁਰਿੰਦਰ ਪਾਲ ਸਿੰਘ ਲਖਬੀਰ ਸਿੰਘ ਸਿਮਰਨ ਸਿੰਘ ਜਸਪਾਲ ਸਿੰਘ, ਹੁਸਨ ਪ੍ਰੀਤ ਸਿੰਘ ਕਮਲਜੀਤ ਸਿੰਘ, ਸੰਦੀਪ ਸਿੰਘ, ਕਮਲਜੀਤ ਸਿੰਘ, ਜੁਗਰਾਜ ਸਿੰਘ, ਰਵੀ ਦੀਪ ਸਿੰਘ ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਸਿੰਘ ਅਤੇ ਪਵਿੱਤਰ ਸਿੰਘ ਆਦੀ ਹਾਜ਼ਰ ਸਨ।

# ਲਖਵਿੰਦਰ ਸਿੰਘ ਬਦਰੂ ਬਣੇ ਫੂਡ ਗਰੇਨ ਐਂਡ ਅਲਾਇਡ ਵਰਕਰਜ਼ ਯੂਨੀਅਨ ਦੇ ਪ੍ਰਧਾਨ

**ਗਿੱਦੜਬਾਹਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫੂਡ ਗਰੇਨ ਐਂਡ ਅਲਾਇਡ ਵਰਕਰਜ਼ ਯੂਨੀਅਨ ਗਿੱਦੜਬਾਹਾ ਦੀ ਇਕ ਮੀਟਿੰਗ ਅੱਜ ਗਿੱਦੜਬਾਹਾ ਵਿਖੇ ਹੋਈ ਮੀਟਿੰਗ ਦੌਰਾਨ ਲਖਵਿੰਦਰ ਸਿੰਘ ਬਦਰੂ ਨੂੰ ਸਰਵਸੰਮਤੀ ਨਾਲ ਯੂਨੀਅਨ ਦਾ ਪ੍ਰਧਾਨ ਚੁਣਿਆ ਗਿਆ।

ਇਸ ਮੌਕੇ ਨਵਨਿਯੁਕਤ ਪ੍ਰਧਾਨ ਲਖਵਿੰਦਰ ਸਿੰਘ ਬਦਰੂ ਨੇ ਕਿਹਾ ਕਿ ਜੋ ਜਿੰਮੇਵਾਰੀ ਉਨ੍ਹਾਂ ਨੂੰ ਸਾਥੀਆਂ ਵੱਲੋਂ ਦਿੱਤੀ ਗਈ ਹੈ ਉਸ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ ਅਤੇ ਸ਼ੈਲਰ ਮਾਲਿਕ ਨੂੰ ਕੋਈ ਵੀ ਸਮੱਸਿਆ ਪੇਸ਼ ਨਹੀਂ ਆਉਣ ਦੇਣਗੇ। ਉਨ੍ਹਾਂ ਦੱਸਿਆ ਕਿ ਯੂਨੀਅਨ ਦੇ ਬਾਕੀ ਅਹੁਦੇਦਾਰਾਂ ਦੀ ਨਿਯੁਕਤੀ ਵੀ ਜਲਦੀ ਹੀ ਕੀਤੀ ਜਾ ਰਹੀ ਹੈ।

ਇਸ ਮੌਕੇ ਤਰਸੇਮ ਸਿੰਘ ਸੇਮਾਂ ਸਕੱਤਰ ਤੋਂ ਇਲਾਵਾ ਗੁਰਮੀਤ ਸਿੰਘ, ਜੱਸਾ ਸਿੰਘ, ਨਿਰਮਲ ਸਿੰਘ, ਲਖਬੀਰ ਸਿੰਘ, ਜਸਕਰਨ ਸਿੰਘ, ਸੁਖਮੰਦਰ ਸਿੰਘ, ਬੋਹੜ ਸਿੰਘ, ਸੇਮੀ ਸਿੰਘ, ਸੰਮੀ ਸਿੰਘ, ਬਲਤੇਜ ਸਿੰਘ, ਬੇਅੰਤ ਸਿੰਘ, ਤੇਜ਼ਾ ਸਿੰਘ ਆਦਿ ਵੀ ਹਾਜ਼ਰ ਸਨ।

# ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਦੀ ਮੀਟਿੰਗ ਪਿੰਡ ਮੋਇਲਾ ਵਾਹਿਦਪੁਰ 'ਚ ਹੋਈ




**ਗੜ੍ਹਸ਼ੰਕਰ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੀ ਮੀਟਿੰਗ ਪਿੰਡ ਮੋਇਲਾ ਵਾਹਿਦਪੁਰ ਵਿੱਚ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਹੋਈ।ਇਹ ਮੀਟਿੰਗ ਪਿੰਡ ਦੀ ਪੰਚਾਇਤ ਅਤੇ ਪਿੰਡ ਦੇ ਮੋਹਤਵਰ ਸੱਜਣਾ ਨਾਲ 12 ਤਰੀਕ ਨੂੰ ਕੀਤੇ ਜਾਣ ਵਾਲੇ ਧੀਆਂ ਦੀ ਲੋਹੜੀ ਦੇ ਆਯੋਜਨ ਦੀ ਤਿਆਰੀ ਦੇ ਸੰਬੰਧ ਵਿੱਚ ਕੀਤੀ ਗਈ। ਜਿਸ ਵਿਚ ਪਿੰਡ ਦੇ ਸਰਪੰਚ ਸ. ਜਸਵਿੰਦਰ ਸਿੰਘ, ਤੇਜ ਪਾਲ, ਕਰਮਬੀਰ ਸਿੰਘ ਪੰਚ, ਜੋਗਿੰਦਰ ਸਿੰਘ ਪੰਚ, ਜਗਦੀਸ਼ ਸਿੰਘ ਪੰਚ, ਮੱਖਣ ਸਿੰਘ ਪੰਚ, ਡਾਕਟਰ ਹਰੀਕ੍ਰਿਸ਼ਨ ਬੰਗਾ ਜਨਰਲ ਸਕੱਤਰ ਪੰਜਾਬ, ਪ੍ਰੋ. ਜਗਦੀਸ਼ ਰਾਏ ਬੁਲਾਰਾ ਪੰਜਾਬ, ਕਿਰਨ ਬਾਲਾ ਬੰਗਾ ਜਨਰਲ ਸਕੱਤਰ ਜ਼ਿਲ੍ਹਾ ਨਵਾਸ਼ਹਿਰ, ਜਸਪ੍ਰੀਤ ਬਾਜਵਾ ਵਾਈਸ ਪ੍ਰਧਾਨ ਜਿਲ੍ਹਾ ਨਵਾਂਸ਼ਹਿਰ, ਸੰਤੋਖ ਸਿੰਘ ਜੁਆਇੰਟ ਸਕੱਤਰ ਬਲਾਕ ਗੜ੍ਹਸ਼ੰਕਰ, ਆਦਿ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਇਸ ਮੌਕੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਸੁਸਾਇਟੀ ਵਲੋ 2017 ਤੋ ਧੀ ਬਚਾਓ ਬੇਟੀ ਬਚਾਓ ਮੁਹਿੰਮ ਚਲਾਈ ਹੋਈ ਹੈ ਜਿਸ ਦੌਰਾਨ ਧੀਆ ਦੀ ਲੋਹੜੀ, ਵਾਤਾਵਰਨ ਨੂੰ ਬਚਾਉਣ ਲਈ ਸਕੂਲਾਂ ਚ ਜਾਗ੍ਰਿਤੀ ਕੈਂਪ ਆਦਿ ਵਰਗੇ ਉਪਰਾਲੇ ਕਿਤੇ ਜਾਂਦੇ ਹਨ। ਉਹਨਾ ਕਿਹਾ ਕਿ ਸੁਸਾਇਟੀ ਵੱਲੋਂ ਹਰ ਸਾਲ ਅਲੱਗ ਅਲੱਗ ਪਿੰਡਾਂ ਵਿੱਚ ਧੀਆ ਦੀ ਲੋਹੜੀ ਦਾ ਆਯੋਜਨ ਕੀਤਾ ਜਾਂਦਾ ਹੈ, ਇਸ ਵਾਰ ਧੀਆਂ ਦਾ ਲਗਾਤਾਰ ਅੱਠਵਾਂ ਆਯੋਜਨ ਪਿੰਡ ਮੋਇਲਾ ਵਾਹਿਦਪੁਰ ਵਿੱਚ ਕੀਤਾ ਜਾ ਰਿਹਾ ਹੈ। ਜਿਸ ਵਿਚ ਇੱਕੀ ਧੀਆਂ ਦੀ ਲੋਹੜੀ ਪਾਈ ਜਾਵੇਗੀ, ਜਿਸ ਦੌਰਾਨ ਉਹਨਾ ਨੂੰ ਲੋਹੜੀ ਨਾਲ ਸਬੰਧਿਤ ਸਮਗਰੀ ਭੇਂਟ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਅਲੱਗ ਅਲੱਗ ਖੇਤਰਾਂ ਵਿਚ ਪਿੰਡ ਨਾਮ ਉੱਚਾ ਕਰਨ ਵਾਲੀਆਂ ਬੇਟੀਆਂ ਦਾ ਸਨਮਾਨ ਵੀ ਕੀਤਾ ਜਵੇਗਾ। ਬੁਲਾਰਾ ਪੰਜਾਬ ਪ੍ਰੋ. ਜਗਦੀਸ਼ ਰਾਏ ਨੇ ਕਿਹਾ ਕਿ ਧੀਆਂ ਦੀ ਲੋਹੜੀ ਦਾ ਸਮਾਜ ਵਿਚ ਬਹੁਤ ਮਹੱਤਵ ਹੈ ਸਾਡੇ ਗੁਰੂਆਂ ਨੇ ਵੀ ਆਪਣੀ ਪਵਿੱਤਰ ਗੁਰਬਾਣੀ ਵਿੱਚ ਸਨਮਾਨਜਨਕ ਦਰਜਾ ਦਿੱਤਾ ਹੈ । ਜਨਰਲ ਸਕੱਤਰ ਪੰਜਾਬ ਡਾਕਟਰ ਹਰੀਕ੍ਰਿਸ਼ਨ ਬੰਗਾ ਨੇ ਧੀਆਂ ਦੀ ਲੋਹੜੀ ਮੁੱਖ ਮੰਤਵ ਬੇਟੇ ਅਤੇ ਬੇਟੀ ਦੇ ਲਿੰਗ ਭੇਦ ਨੂੰ ਖਤਮ ਕਰਨਾ ਅਤੇ ਉਹਨਾ ਨੂੰ ਸਮਾਜ ਵਿੱਚ ਬਣਦਾ ਮਾਣ ਸਨਮਾਨ ਦੇਣਾ ਹੈ । ਮੈਡਮ ਕਿਰਨ ਬਾਲਾ ਬੰਗਾ ਨੇ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋ ਧੀਆ ਦੀ ਲੋਹੜੀ ਪਾਉਣਾ , ਬਹੁਤ ਹੀ ਸ਼ਲਾਘਾਯੋਗ ਕਦਮ ਹੈ ।

ਸਾਰੇ ਮਾਪਿਆਂ ਨੂੰ ਆਪਣੀ ਬੇਟੀ ਦੀ ਲੋਹੜੀ ਪਾਉਣੀ ਚਾਹੀਦੀ ਕਿਉਂਕਿ ਹੁਣ ਬੇਟੀ ਹਰ ਖੇਤਰ ਵਿੱਚ ਅਪਣੀ ਹੋਂਦ ਨੂੰ ਦਰਸਾ ਚੁਕਿਆ ਹਨ। ਪਿੰਡ ਦੇ ਸਰਪੰਚ ਸਰਦਾਰ ਜਸਵਿੰਦਰ ਸਿੰਘ ਨੇ ਕਿਹਾ ਕਿ ਸਾਡੇ ਪਿੰਡ ਲਈ ਬਹੁਤ ਹੀ ਖੁਸ਼ੀ ਵਾਲੀ ਗੱਲ ਹੈ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਸਾਡੇ ਪਿੰਡ ਨੂੰ ਧੀਆਂ ਦੀ ਲੋਹੜੀ ਆਯੋਜਨ ਲਈ ਚੁਣਿਆ ਹੈ, ਸਾਡੇ ਪਿੰਡ ਵਾਸੀਆਂ ਵੱਲੋਂ ਸੁਸਾਇਟੀ ਦੇ ਇਸ ਨੇਕ ਕਾਰਜ ਵਿਚ ਪੂਰਾ ਸਹਿਯੋਗ ਦਿੱਤਾ ਜਾਵੇਗਾ।

# ਐਨ.ਜੀ.ਓ ਵੱਲੋਂ ਲੋਕਾਂ ਨੂੰ ਚਾਈਨਾ ਡੋਰ ਦਾ ਪੂਰਨ ਤੌਰ ਤੇ ਬਾਈਕਾਟ ਕਰਨ ਦੀ ਅਪੀਲ

**ਮਾਛੀਵਾੜਾ ਸਾਹਿਬ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਹੜੀ ਦਾ ਤਿਉਹਾਰ ਅਤੇ ਬਸੰਤ ਉਤਸਵ ਹਰ ਸਾਲ ਹੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਵਿਚਾਲੇ ਪਤੰਗ ਉਡਾਉਣ ਵਾਲੇ ਬੱਚੇ ਅਤੇ ਨੌਜਵਾਨ ਚਾਈਨਾ ਡੋਰ ਦਾ ਵੱਧ ਇਸਤੇਮਾਲ ਕਰਦੇ ਹਨ। ਚਾਈਨਾ ਡੋਰ 'ਤੇ ਲੰਬੇ ਸਮੇਂ ਤੋਂ ਪਾਬੰਦੀ ਲਗਾਈ ਗਈ ਹੈ ਪਰ ਫਿਰ ਵੀ ਕਈ ਦੁਕਾਨਦਾਰਾਂ ਵੱਲੋਂ ਇਸ ਨੂੰ ਵੇਚਿਆ ਜਾਂਦਾ ਹੈ। ਦਸ ਦਈਏ ਕਿ ਪੁਲਿਸ ਦੇ ਵੱਲੋਂ ਚਾਈਨਾ ਡੋਰ 'ਤੇ ਨੱਥ ਪਾਉਣ ਦੇ ਲਈ ਸਖ਼ਤ ਕਰਵਾਈ ਕੀਤੀ ਜਾ ਰਹੀ ਹੈ।

ਡਰੋਨ ਰਾਹੀਂ ਪਤੰਗ ਉਡਾਉਣ ਵਾਲਿਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਸੋਸ਼ਲ ਵੈਲਫੇਅਰ ਸੁਸਾਇਟੀ ਐਨ.ਜੀ.ਓ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਅਤੇ ਐਨ.ਜੀ.ਓ ਮੈਂਬਰ ਤੌ ਪ੍ਰਧਾਨ ਮਿੰਕੂ ਹੰਸ ਨੇ ਕਿਹਾ ਕਿ ਪੂਰੇ ਪੰਜਾਬ ਦੇ ਅੰਦਰ ਚਾਈਨਾ ਡੋਰ ਦਾ ਪੂਰਨ ਬਾਈਕਾਟ ਹੋਣਾ ਚਾਹੀਦਾ ਹੈ।

# ਅਦਿਤੀ ਨੂੰ ਸੱਤ ਦਿਨਾਂ ਐਨਐਸਐਸ ਕੈਂਪ ਦੀ ਸਰਵੋਤਮ ਐਨਐਸਐਸ ਵਾਲੰਟੀਅਰ ਚੁਣਿਆ

**ਲੁਧਿਆਣਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ ਵਿਖੇ ਸੱਤ ਰੋਜ਼ਾ ਐਨਐਸਐਸ ਕੈਂਪ ਲਗਾਇਆ ਗਿਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ, ਟੀਮ ਵਰਕ ਅਤੇ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨਾ ਹੈ। ਐਨ.ਐਸ.ਐਸ ਪ੍ਰੋਗਰਾਮ ਅਫਸਰਾਂ ਡਾ.ਮਨਦੀਪ ਕੌਰ, ਡਾ.ਰੇਖਾ ਅਤੇ ਡਾ.ਸੁਖਵਿੰਦਰ ਸਿੰਘ ਦੇ ਤਾਲਮੇਲ ਵਾਲੇ ਇਸ ਕੈਂਪ ਵਿੱਚ ਉੱਘੇ ਬੁਲਾਰਿਆਂ ਜਿਵੇਂ ਕਿ ਸ੍ਰੀਮਤੀ ਮੁਕਤੀ ਗਿੱਲ, ਸ੍ਰੀ ਰੋਹਿਤ ਬਜਾਜ, ਸ੍ਰੀ ਨਵਨੀਤ ਜੋਸ਼ੀ, ਡਾ. ਬਲਵਿੰਦਰ ਸਿੰਘ, ਸ੍ਰੀਮਤੀ ਡਾ. ਬਬੀਤਾ ਅਰੋੜਾ, ਡਾ.ਰੁਪਿੰਦਰ ਕੌਰ ਨੇ ਸਮਾਜਿਕ, ਸਿਹਤ ਅਤੇ ਵਾਤਾਵਰਣ ਸੰਬੰਧੀ ਮੁੱਦਿਆਂ 'ਤੇ ਕੀਮਤੀ ਸਮਝ ਪ੍ਰਦਾਨ ਕੀਤੀ।

ਵਿਦਿਆਰਥੀਆਂ ਨੇ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਭਾਸ਼ਣ, ਕਵਿਤਾ ਉਚਾਰਨ, ਰੁੱਖ ਲਗਾਉਣ ਅਤੇ ਜਾਗਰੂਕਤਾ ਰੈਲੀਆਂ ਵਰਗੀਆਂ ਗਤੀਵਿਧੀਆਂ ਵਿੱਚ ਭਾਗ ਲਿਆ।

ਕੈਂਪ ਦੀ ਇੱਕ ਖਾਸ ਗੱਲ ਇਹ ਸੀ ਕਿ 6 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਮਨਾਉਣਾ, ਅਰਦਾਸ, ਕੀਰਤਨ, ਅਤੇ ਇੱਕ ਕਮਿਊਨਿਟੀ ਰਸੋਈ, ਜੋ ਕਿ ਟੀਮ ਵਰਕ ਅਤੇ ਸੇਵਾ ਦਾ ਪ੍ਰਤੀਕ ਹੈ। ਕੈਂਪ ਦੀ ਸਮਾਪਤੀ ਇੱਕ ਸੱਭਿਆਚਾਰਕ ਪ੍ਰੋਗਰਾਮ ਨਾਲ ਹੋਈ, ਜਿੱਥੇ ਵਿਦਿਆਰਥੀਆਂ ਨੇ 12 ਜਨਵਰੀ ਨੂੰ ਡਾਂਸ, ਸੰਗੀਤ ਅਤੇ ਬੋਲਣ ਅਤੇ ਸਮਾਪਤੀ ਸਮਾਰੋਹ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ, ਜਿਸ ਦੌਰਾਨ ਵਲੰਟੀਅਰਾਂ ਨੂੰ ਉਹਨਾਂ ਦੇ ਸਮਰਪਣ ਅਤੇ NSS ਗਤੀਵਿਧੀਆਂ ਵਿੱਚ ਮਹੱਤਵਪੂਰਨ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਅਦਿਤੀ ਨੂੰ ਸਰਵੋਤਮ ਐਨਐਸਐਸ ਵਾਲੰਟੀਅਰ ਚੁਣਿਆ ਗਿਆ। ਪਿ ?ਸੀਪਲ ਡਾ: ਸਤਵੰਤ ਕੌਰ ਨੇ ਕੈਂਪ ਨੂੰ ਸ਼ਾਨਦਾਰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਐਨ.ਐਸ.ਐਸ ਟੀਮ ਦੇ ਯਤਨਾਂ ਅਤੇ ਵਲੰਟੀਅਰਾਂ ਦੇ ਉਤਸ਼ਾਹ ਦੀ ਭਰਪੂਰ ਸ਼ਲਾਘਾ ਕੀਤੀ।

# ਡਿਪਟੀ ਕਮਿਸ਼ਨਰ ਪਟਿਆਲਾ ਵੱਲੋਂ ਗਊਸ਼ਾਲਾ ਦੇ ਪ੍ਰਬੰਧਾਂ ਵਿੱਚ ਸੁਧਾਰ ਲਿਆਉਣ ਲਈ ਕੀਤੀ ਮੀਟਿੰਗ

## ਗਊਸ਼ਾਲਾਵਾਂ ਦੀ ਸਾਂਭ ਸੰਭਾਲ ਲਈ ਗਊ ਸੈਸ ਇਕੱਤਰ ਕਰਕੇ ਕਮੇਟੀਆਂ ਨੂੰ ਸਮੇਂ ਸਿਰ ਸੌਂਪਣਾ ਯਕੀਨੀ ਬਣਾਇਆ ਜਾਵੇ : ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ

**ਪਟਿਆਲਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਨਾਲ ਇਕ ਬੈਠਕ ਕੀਤੀ । ਬੈਠਕ ਵਿੱਚ ਗਊਸ਼ਾਲਾ ਦੇ ਪ੍ਰਬੰਧ ਵਿੱਚ ਸੁਧਾਰ ਲਿਆਉਣ ਲਈ ਚਰਚਾ ਕੀਤੀ ਗਈ । ਅਸ਼ੋਕ ਕੁਮਾਰ ਸਿੰਗਲਾ ਨੇ ਸਮੂਹ ਅਧਿਕਾਰੀਆਂ ਨੂੰ ਗਊਸ਼ਾਲਾਵਾਂ ਵਿੱਚ ਸੋਲਰ ਪਲਾਂਟ ਲਗਾਉਣ ਲਈ ਕਿਹਾ ।

ਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ ਨੇ ਦੱਸਿਆ ਕਿ ਉਹਨਾ ਅੱਜ ਗਾਜ਼ੀਪੁਰ ਗਊਸ਼ਾਲਾ ਦਾ ਨਿਰੀਖਣ ਕੀਤਾ । ਉਹਨਾਂ ਦੇ ਨਾਲ ਐਸ.ਡੀ.ਐਮ ਨਾਭਾ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ , ਕਾਰਜਕਾਰੀ ਇੰਜੀਨੀਅਰ ਸਮਾਣਾ ਅਤੇ ਜ਼ਿਲ੍ਹਾ ਮੈਨੇਜਰ ਪੇਡਾ ਵੀ ਸਨ । ਨਿਰੀਖਣ ਦੌਰਾਨ ਉਹਨਾਂ ਗਊਸ਼ਾਲਾ ਵਿੱਚ ਗਊਆਂ ਦੀ ਮੌਤ ਦੇ ਕਾਰਨਾਂ , ਸਾਂਭ ਸੰਭਾਲ ਅਤੇ ਇਸ ਦੀ ਰੋਕਥਾਮ ਬਾਰੇ ਦੱਸਿਆ । ਉਹਨਾਂ ਗਾਜ਼ੀਪੁਰਾ ਗਊਸ਼ਾਲਾ ਦੇ ਪ੍ਰਬੰਧਾਂ ਦੀ ਸ਼ਲਾਘਾ ਵੀ ਕੀਤੀ । ਉਹਨਾਂ ਦੱਸਿਆ ਕਿ ਗਊ ਸੇਵਾ ਕਮਿਸ਼ਨ ਵੱਲੋਂ ਗਊਸ਼ਾਲਾਵਾਂ ਦੇ ਰੱਖ ਰਖਾਵ , ਸਾਫ ਪਾਣੀ , ਹਰਾ ਚਾਰਾ, ਦਵਾਈਆਂ ਆਦਿ



ਦੇ ਪ੍ਰਬੰਧ ਕਰਨ ਸਮੇਤ ਹੋਰ ਸਹੂਲਤਾਂ ਉਪਲਬੱਧ ਕਰਵਾਉਣ ਲਈ ਲਗਾਤਾਰ ਕੋਸ਼ੀਸ਼ਾਂ ਕੀਤੀਆਂ ਜਾ ਰਹੀਆਂ ਹਨ ।

ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਸ੍ਰੀ ਅਸ਼ੋਕ ਕੁਮਾਰ ਸਿੰਗਲਾ ਨੇ ਕਿਹਾ ਕਿ ਸਰਦੀਆਂ ਦੌਰਾਨ ਧੁੰਦ ਪੈਣ ਕਾਰਨ ਸੜਕਾਂ ਤੇ ਫਿਰਦੇ ਬੇਸਹਾਰਾ ਗਊਆਂ ਦੀ ਸਾਂਭ ਸੰਭਾਲ ਲਈ ਉਹ ਲਗਾਤਾਰ ਪ੍ਰਸ਼ਾਸ਼ਨ ਨਾਲ ਤਾਲਮੇਲ ਕਰ ਰਹੇ ਹਨ ਅਤੇ ਪ੍ਰਸ਼ਾਸ਼ਨ ਵੱਲੋਂ ਵੀ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ । ਉਹਨਾਂ ਸਮੂਹ ਬੀ.ਡੀ.ਪੀ.ਓਜ਼ ਨੂੰ ਹਦਾਇਤ ਕੀਤੀ ਕਿ ਗਊ ਸੈਸ ਇਕੱਠਾ ਕਰਕੇ ਗਊਸ਼ਾਲਾਵਾਂ ਦੀ ਸਾਂਭ ਸੰਭਾਲ ਲਈ ਤੁਰੰਤ ਕਮੇਟੀਆਂ ਨੂੰ ਸੌਂਪਿਆ ਜਾਵੇ ਅਤੇ ਇਕੱਤਰ ਕੀਤਾ ਗਊ ਸੈਸ ਕਮੇਟੀਆਂ ਨੂੰ ਤਬਦੀਲ ਕਰਨ ਲਈ ਗਊਸ਼ਾਲਾਵਾਂ ਨੂੰ ਬਿਨਾ ਕਿਸੇ ਦੇਰੀ ਤੋ ਭੇਜਿਆ ਜਾਵੇ । ਉਹਨਾਂ ਇਹ ਵੀ ਕਿਹਾ ਕਿ ਗਊ ਸੈਸ ਵਸੂਲਣ ਵਿੱਚ ਹੋਰ ਤੇਜੀ ਲਿਆਂਦੀ ਜਾਵੇ ਤਾਂ ਜੋ ਰਾਜ ਵਿੱਚ ਗਊਧੰਨ ਦੀ ਸਾਂਭ ਸੰਭਾਲ ਸਹੀ ਢੰਗ ਨਾਲ ਕੀਤੀ ਜਾ ਸਕੇ ।

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ,ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ , ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਦੀਪ ਜੋਤ ਕੌਰ , ਐਸ.ਡੀ.ਐਮ ਸਮਾਣਾ ਤਰਸੇਮ ਚੰਦ , ਕਾਰਜਕਾਰੀ ਇੰਜੀਨਅਰ ਅਸ਼ੀਸ਼ ਚੁੱਘ , ਪੰਜਾਬ ਰਾਜ ਗਊ ਸੇਵਾ ਕਮਿਸ਼ਨ ਦੇ ਨੁਮਾਇੰਦੇ , ਜ਼ਿਲ੍ਹੇ ਦੀਆਂ ਨਗਰ ਪਾਲਿਕਾਵਾਂ ਤੇ ਨਗਰ ਪੰਚਾਇਤਾਂ ਦੇ ਕਾਰਜ ਸਾਧਕ ਅਫਸਰ ਤੇ ਪੀ.ਐਸ.ਪੀ.ਸੀ.ਐਲ ਦੇ ਅਧਿਕਾਰੀ, ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਸਮੇਤ ਟਰਾਂਸਪੋਰਟ ਵਿਭਾਗ ਦੇ ਅਧਿਕਾਰੀ ਸ਼ਾਮਲ ਸਨ।

# ਪੰਜਾਬ ਵਾਸੀ ਐਚ.ਐਮ.ਪੀ. ਵਾਇਰਸ ਤੋਂ ਨਾ ਘਬਰਾਉਣ : ਡਾ. ਬਲਬੀਰ ਸਿੰਘ

## ਸਿਹਤ ਮੰਤਰੀ ਵੱਲੋਂ ਰਾਜਿੰਦਰਾ ਹਸਪਤਾਲ ਦਾ ਦੌਰਾ, ਐਮਰਜੈਂਸੀ ਸੇਵਾ ਲਈ 50 ਬੈਡਾਂ ਤੇ 20 ਵੈਂਟੀਲੇਟਰਾਂ ਦੀ ਸਹੂਲਤ ਉਪਲਬੱਧ

**ਪਟਿਆਲਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਨਵੇਂ ਉਭਰੇ ਹਿਉਮਨ ਮੈਟਾਨਿਉਮੋਵਾਇਰਸ (ਐਚ.ਐਮ.ਪੀ.ਵੀ) ਤੋਂ ਕਿਸੇ ਵੀ ਤਰ੍ਹਾਂ ਨਾ ਘਬਰਾਉਣ। ਸਿਹਤ ਮੰਤਰੀ ਨੇ ਅੱਜ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਇਹ ਵਾਇਰਸ ਤੋਂ ਸੰਭਾਵਤ ਪ੍ਰਭਾਵਤ ਵਿਅਕਤੀਆਂ ਦੇ ਇਲਾਜ ਲਈ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਦੱਸਿਆ ਕਿ ਇਸ ਵਾਇਰਸ ਦੀ ਟੈਸਟਿੰਗ ਸਹੂਲਤ ਰਾਜਿੰਦਰਾ ਹਸਪਤਾਲ ਸਮੇਤ ਪੂਰੇ ਪੰਜਾਬ 'ਚ ਉਪਲਬੱਧ ਹੈ ਅਤੇ ਇੱਥੇ ਲਾਇਫ ਸਪੋਰਟ ਐਮਰਜੈਂਸੀ ਸਵਾਇਨ ਫਲੂ ਵਾਰਡ ਵਿੱਚ 20 ਬੈਡ ਤੇ 5 ਨੰਬਰ ਵਾਰਡ 'ਚ 30 ਬੈਡਾਂ ਸਮੇਤ 20 ਵੈਂਟੀਲੇਟਰ ਤਿਆਰ ਹਨ। ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਐਚ.ਐਮ.ਪੀ. ਵਾਇਰਸ ਕਰੋਨਾ ਵਰਗਾ ਵਾਇਰਸ ਨਹੀਂ ਹੈ ਇਸ ਲਈ ਇਸ ਤੋਂ ਕਿਸੇ ਵੀ ਤਰ੍ਹਾਂ ਦੀ ਘਬਰਾਹਟ ਵਿੱਚ



ਆਉਣ ਦੀ ਲੋੜ ਨਹੀਂ ਹੈ ਸਗੋਂ ਇਹ ਇੱਕ ਆਮ ਜੁਕਾਮ ਵਰਗਾ ਫਲੂ ਵਰਗਾ ਵਾਇਰਸ ਹੈ। ਉਨ੍ਹਾਂ ਕਿਹਾ ਕਿ ਇਹ ਮਾਮੂਲੀ ਜਿਹਾ ਬੁਖ਼ਾਰ ਤੇ ਖਾਂਸੀ ਜੁਕਾਮ ਕਰਦਾ ਹੈ, ਜੋ ਕਿ ਇੱਕ ਹਫ਼ਤੇ 'ਚ ਆਪਣੇ ਆਪ ਹੀ ਠੀਕ ਹੋ ਜਾਂਦਾ ਹੈ ਅਤੇ ਇਸ 'ਚ ਕੋਈ ਖ਼ਤਰਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਇਸ ਦੇ ਬਾਵਜੂਦ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਸ ਵਾਇਰਸ ਦੇ ਇਲਾਜ ਲਈ ਸਾਰੇ ਪੰਜਾਬ ਵਿੱਚ ਤਿਆਰੀਆਂ ਕੀਤੀਆਂ ਹੋਈਆਂ ਹਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ 'ਚ ਇਸ ਵਾਇਰਸ ਦਾ ਕੋਈ ਕੇਸ ਨਹੀਂ ਆਇਆ ਦੱਖਣੀ ਭਾਰਤ 'ਚ ਕੋਈ ਕੇਸ ਆਇਆ ਹੈ ਇਸ ਦੇ ਬਾਵਜੂਦ ਭਾਰਤ ਸਰਕਾਰ, ਕੇਂਦਰੀ ਸਿਹਤ ਮੰਤਰਾਲੇ ਤੇ ਵਿਸ਼ਵ ਸਿਹਤ ਸੰਸਥਾ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਨੈਸ਼ਨਲ ਇੰਸਟੀਚਿਊਟ ਆਫ਼ ਵਾਇਰਲੋਜੀ ਨਾਲ ਰਾਬਤਾ ਕੀਤਾ ਗਿਆ ਹੈ ਅਤੇ ਸੂਬੇ ਦੇ ਸਾਰੇ ਸਿਵਲ ਸਰਜਨਾਂ ਨਾਲ ਵੀਡੀਓਕਾਨਫਰੰਸਿੰਗ ਕਰਕੇ ਲੋੜੀਂਦੇ ਦਿਸ਼ਾ ਨਿਰਦੇਸ਼ ਦੇ ਦਿੱਤੇ ਗਏ ਹਨ। ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ ਅਤੇ ਉਹ ਖ਼ੁਦ ਸਵੇਰੇ-ਸ਼ਾਮ ਸਿਹਤ ਅਧਿਕਾਰੀਆਂ ਨਾਲ ਰਾਬਤਾ ਬਣਾ ਰਹੇ ਹਨ। ਡਾ. ਬਲਬੀਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਤਰ੍ਹਾਂ ਦੇ ਵਹਿਮ ਭਰਮ ਵਿੱਚ ਨਾ ਪੈਣ, ਨਾ ਹੀ ਕਿਸੇ ਅਫ਼ਵਾਹ 'ਤੇ ਯਕੀਨ ਕਰਨ ਅਤੇ ਨਾ ਹੀ ਭਰਮ ਭੁਲੇਖੇ ਅੱਗੇ ਫੈਲਾਉਣ ਪਰੰਤੂ ਇਹਤਿਹਾਤ ਜ਼ਰੂਰ ਵਰਤੇ ਜਾਣ। ਸਿਹਤ ਮੰਤਰੀ ਨੇ ਕਿਹਾ ਕਿ ਇੱਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਬਜ਼ੁਰਗਾਂ ਤੇ ਗੰਭੀਰ ਬਿਮਾਰੀਆਂ ਵਾਲਿਆਂ ਨੂੰ ਵੈਸੇ ਵੀ ਸਿਹਤ ਦਾ ਖਿਆਲ ਰੱਖਣਾ ਚਾਹੀਦਾ ਹੈ ਅਤੇ ਭੀੜ-ਭਾੜ ਵਾਲੀਆਂ ਥਾਵਾਂ 'ਚ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜੇਕਰ ਕਿਸੇ ਨੂੰ ਜੁਕਾਮ ਹੈ ਤਾਂ ਉਹ ਨੱਕ ਮੂੰਹ ਢੱਕ ਕੇ ਰੱਖੇ ਤੇ ਹੱਥ ਧੋਹ ਕੇ ਹੀ ਨੱਕ ਨੂੰ ਲਗਾਵੇ।

ਡਾ. ਬਲਬੀਰ ਸਿੰਘ ਨੇ ਸਰਕਾਰੀ ਮੈਡੀਕਲ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਰਾਜਨ ਸਿੰਗਲਾ, ਰਾਜਿੰਦਰਾ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਗਿਰੀਸ਼ ਸਾਹਨੀ ਅਤੇ ਡਾ. ਆਰ.ਪੀ.ਐਸ. ਸਿਬੀਆ ਸਮੇਤ ਹੋਰ ਸਿਹਤ ਅਮਲੇ ਨਾਲ ਬੈਠਕ ਕਰਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਕੌਂਸਲਰ ਜਸਬੀਰ ਸਿੰਘ ਗਾਂਧੀ ਵੀ ਮੌਜੂਦ ਸਨ।

# ਨਵੀਂ ਸ਼ਰਾਬ ਨੀਤੀ ਕਰਕੇ 'ਆਪ' ਸਰਕਾਰ ਨੂੰ 2026 ਕਰੋੜ ਦਾ ਚੂਨਾ ਲੱਗਾ

## ਵਿਵਾਦਿਤ ਆਬਕਾਰੀ ਨੀਤੀ ਤਿਆਰ ਕਰਨ ਮੌਕੇ ਕੇਜਰੀਵਾਲ ਸਰਕਾਰ 'ਤੇ ਨੇਮ ਛਿੱਕੇ ਟੰਗਣ ਦਾ ਦੋਸ਼; ਦਿੱਲੀ 'ਚ ਸਿਆਸੀ ਪਾਰਾ ਚੜ੍ਹਿਆ

**ਨਵੀਂ ਦਿੱਲੀ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੰਪਟਰੋਲਰ ਤੇ ਆਡਿਟ ਜਨਰਲ (ਕੈਗ) ਨੇ ਆਪਣੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਵਿਵਾਦਿਤ ਆਬਕਾਰੀ ਨੀਤੀ ਦਾ ਖਰੜਾ ਤਿਆਰ ਕਰਨ ਮੌਕੇ ਸਾਰੇ ਨੇਮਾਂ ਨੂੰ ਛਿੱਕੇ ਟੰਗਿਆ, ਜਿਸ ਕਰਕੇ ਸਰਕਾਰੀ ਖ਼ਜ਼ਾਨੇ ਨੂੰ 2,026 ਕਰੋੜ ਰੁਪਏ ਦਾ ਚੂਨਾ ਲੱਗਾ। ਇਸ ਰਿਪੋਰਟ ਦੇ ਕੁਝ ਅੰਸ਼ ਜਨਤਕ ਤੌਰ 'ਤੇ ਉਪਲਬਧ ਹਨ। 'ਲੀਕ' ਕੈਗ ਰਿਪੋਰਟ ਦੀਆਂ ਇਹ ਲੱਭਤਾਂ ਅਜਿਹੇ ਮੌਕੇ ਸਾਹਮਣੇ ਆਈਆਂ ਹਨ ਜਦੋਂ ਦਿੱਲੀ ਅਸੈਂਬਲੀ ਲਈ 5 ਫਰਵਰੀ ਨੂੰ ਵੋਟਾਂ ਪੈਣੀਆਂ ਹਨ।



ਰਿਪੋਰਟ ਮੁਤਾਬਕ ਆਬਕਾਰੀ ਨੀਤੀ ਦਾ ਖਰੜਾ ਤਿਆਰ ਕਰਨ ਮੌਕੇ ਕਈ ਬੇਨੇਮੀਆਂ ਹੋਈਆਂ ਜਿਵੇਂ ਕਿ ਕੀਮਤ ਨਿਰਧਾਰਨ ਵਿੱਚ ਪਾਰਦਰਸ਼ਤਾ ਦੀ ਘਾਟ, ਲਾਇਸੈਂਸ ਜਾਰੀ ਕਰਨ ਅਤੇ ਨਵਿਆਉਣ ਵਿੱਚ ਉਲੰਘਣਾ, ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਨਾ ਦੇਣਾ, ਉਪ ਰਾਜਪਾਲ, ਕੈਬਨਿਟ ਜਾਂ ਵਿਧਾਨ ਸਭਾ ਤੋਂ ਲੋੜੀਂਦੀ ਪ੍ਰਵਾਨਗੀ ਨਾ ਲੈਣਾ। ਕੈਗ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 'ਆਪ' ਸਰਕਾਰ ਵੱਲੋਂ ਸਮਰਪਣ ਕੀਤੇ ਗਏ ਪ੍ਰਚੂਨ ਸ਼ਰਾਬ ਲਾਇਸੈਂਸਾਂ ਨੂੰ ਮੁੜ ਟੈਂਡਰ ਨਾ ਕੀਤੇ ਜਾਣ ਕਰਕੇ ਸਰਕਾਰੀ ਖਜ਼ਾਨੇ ਨੂੰ ਕਰੀਬ 890 ਕਰੋੜ ਰੁਪਏ ਦਾ ਨੁਕਸਾਨ ਹੋਇਆ। ਰਿਪੋਰਟ ਵਿਚ ਕਿਹਾ ਗਿਆ ਕਿ ਜ਼ੋਨਲ ਲਾਇਸੈਂਸਾਂ ਵਿਚ ਦਿੱਤੀ ਛੋਟ ਕਰਕੇ ਸਰਕਾਰ ਨੂੰ 941 ਰੁਪਏ ਦਾ ਵਾਧੂ ਨੁਕਸਾਨ ਹੋਇਆ।

ਰਿਪੋਰਟ ਮੁਤਾਬਕ ਤਤਕਾਲੀ ਮੰਤਰੀ ਮਨੀਸ਼ ਸਿਸੋਦੀਆ ਦੀ ਅਗਵਾਈ ਵਾਲੇ ਮੰਤਰੀ ਸਮੂਹ ਨੇ ਮਾਹਿਰਾਂ ਦੀ ਕਮੇਟੀ ਵੱਲੋਂ ਕੀਤੀਆਂ ਸਿਫਾਰਸ਼ਾਂ 'ਤੇ ਕਥਿਤ ਕੋਈ ਕਾਰਵਾਈ ਨਹੀਂ ਕੀਤੀ ਤੇ ਕਈ ਅਯੋਗ ਐਂਟਿਟੀਜ਼ ਨੂੰ ਲਾਇਸੈਂਸ ਦੀ ਬੋਲੀ ਵਿਚ ਸ਼ਾਮਲ ਕੀਤਾ। ਕਾਬਿਲੇਗੌਰ ਹੈ ਕਿ ਆਬਕਾਰੀ ਨੀਤੀ ਵਿਚ ਕਥਿਤ ਗੜਬੜੀਆਂ ਕਰਕੇ ਕੇਜਰੀਵਾਲ, ਸਿਸੋਦੀਆ ਤੇ ਹੋਰਨਾਂ ਸਰਕਾਰੀ ਅਧਿਕਾਰੀਆਂ ਨੂੰ ਮਨੀ ਲਾਂਡਰਿੰਗ ਤੇ ਭ੍ਰਿਸ਼ਟਾਚਾਰ ਕੇਸਾਂ ਦਾ ਸਾਹਮਣਾ ਕਰਨਾ ਪਿਆ।

ਕੈਗ ਰਿਪੋਰਟ ਦੇ ਕੁਝ ਅੰਸ਼ ਜਨਤਕ ਹੋਣ ਮਗਰੋਂ ਦਿੱਲੀ ਵਿਚ ਸਿਆਸੀ ਪਾਰਾ ਚੜ੍ਹਨ ਦੇ ਆਸਾਰ ਹਨ, ਜਿੱਥੇ ਆਪ ਲਗਾਤਾਰ ਚੌਥੀ ਵਾਰ ਸੱਤਾ 'ਚ ਵਾਪਸੀ ਲਈ ਜ਼ੋਰ ਅਜ਼ਮਾਈ ਕਰ ਰਹੀ ਹੈ। ਦਿੱਲੀ ਦੀ 70 ਮੈਂਬਰੀ ਅਸੈਂਬਲੀ ਲਈ ਵੋਟਾਂ 5 ਫਰਵਰੀ ਨੂੰ ਪੈਣਗੀਆਂ ਜਦੋਂਕਿ ਨਤੀਜਿਆਂ ਦਾ ਐਲਾਨ 8 ਫਰਵਰੀ ਨੂੰ ਹੋਵੇਗਾ। ਮੌਜੂਦਾ ਅਸੈਂਬਲੀ ਵਿਚ 'ਆਪ' ਦੇ 62 ਤੇ ਭਾਜਪਾ ਦੇ 8 ਵਿਧਾਇਕ ਹਨ।

# ਮੁੱਖ ਮੰਤਰੀ ਨੇ ਨਸ਼ਿਆਂ ਦੀ ਰੋਕਥਾਮ ਲਈ ਵਿਸ਼ੇਸ਼ ਐਨ.ਡੀ.ਪੀ.ਐਸ. ਅਦਾਲਤਾਂ ਸਥਾਪਤ ਕਰਨ ਲਈ ਅਮਿਤ ਸ਼ਾਹ ਦਾ ਦਖ਼ਲ ਮੰਗਿਆ

## 'ਨਸ਼ਾ ਤਸਕਰੀ ਤੇ ਕੌਮੀ ਸੁਰੱਖਿਆ' ਬਾਰੇ ਖੇਤਰੀ ਕਾਨਫਰੰਸ ਵਿੱਚ ਹਿੱਸਾ ਲਿਆ

**ਚੰਡੀਗੜ੍ਹ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨਸ਼ਿਆਂ ਦੀ ਰੋਕਥਾਮ ਲਈ ਵਿਸ਼ੇਸ਼ ਐਨ.ਡੀ.ਪੀ.ਐਸ. ਅਦਾਲਤਾਂ ਸਥਾਪਤ ਕਰਨ ਲਈ ਵਿੱਤੀ ਇਮਦਾਦ ਮੁਹੱਈਆ ਕਰਵਾਉਣ ਵਾਸਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦਖ਼ਲ ਦੀ ਮੰਗ ਕੀਤੀ ਹੈ।



'ਨਸ਼ਾ ਤਸਕਰੀ ਅਤੇ ਕੌਮੀ ਸੁਰੱਖਿਆ' ਬਾਰੇ ਖੇਤਰੀ ਕਾਨਫਰੰਸ ਵਿੱਚ ਵੀਡੀਓ ਕਾਨਫਰੰਸ ਜ਼ਰੀਏ ਸ਼ਿਰਕਤ ਕਰਦਿਆਂ ਮੁੱਖ ਮੰਤਰੀ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਨੂੰ ਵਿਸ਼ੇਸ਼ ਐਨ.ਡੀ.ਪੀ.ਐਸ. ਅਦਾਲਤਾਂ ਸਥਾਪਤ ਕਰਨ ਅਤੇ ਸਰਕਾਰੀ ਵਕੀਲਾਂ ਦੇ ਨਾਲ—ਨਾਲ ਹੋਰ ਸਹਾਇਕ ਸਟਾਫ ਦੀ ਭਰਤੀ ਕਰਨ ਲਈ 10 ਸਾਲਾਂ ਲਈ ਯਕਮੁਸ਼ਤ ਤੌਰ ਉਤੇ 600 ਕਰੋੜ ਰੁਪਏ ਦੀ ਵਿੱਤੀ ਸਹਾਇਤਾ (60 ਕਰੋੜ ਰੁਪਏ ਪ੍ਰਤੀ ਸਾਲ) ਦਿੱਤੀ ਜਾਵੇ। ਉਨ੍ਹਾਂ ਦੱਸਿਆ ਇਕ ਜਨਵਰੀ, 2025 ਤੱਕ ਸੈਸ਼ਨ ਮੁੱਕਦਮੇ ਦੀ ਸੁਣਵਾਈ ਲਈ 35,000 ਐਨ.ਡੀ.ਪੀ.ਐਸ. ਕੇਸ ਲੰਬਿਤ ਹਨ। ਇਨ੍ਹਾਂ ਦੇ ਨਿਪਟਾਰੇ ਦੀ ਮੌਜੂਦਾ ਦਰ ਉਤੇ ਔਸਤਨ ਇੱਕ ਸੈਸ਼ਨ ਅਦਾਲਤ ਨੂੰ ਨਵੇਂ ਜੁੜ ਗਏ ਕੇਸਾਂ ਨੂੰ ਛੱਡ ਕੇ ਲੰਬਿਤ ਕੇਸਾਂ ਦੀ ਸੁਣਵਾਈ ਨੂੰ ਪੂਰਾ ਕਰਨ ਵਿੱਚ 7 ਸਾਲ ਲੱਗ ਜਾਂਦੇ ਹਨ। ਪੰਜ ਸਾਲਾਂ ਬਾਅਦ ਇਹ ਔਸਤ ਨਿਪਟਾਰੇ ਦਾ ਸਮਾਂ 7 ਸਾਲ ਤੋਂ ਵਧ ਕੇ 11 ਸਾਲ (35,000 ਬਕਾਇਆ ਕੇਸ ਤੋਂ ਵੱਧ ਕੇ 55,000 ਲੰਬਿਤ ਕੇਸ) ਹੋ ਜਾਣਗੇ। ਮੁੱਖ ਮੰਤਰੀ ਨੇ ਦੱਸਿਆ ਕਿ ਅਗਲੇ ਪੰਜ ਸਾਲਾਂ ਵਿੱਚ ਲੰਬਿਤ ਪਏ ਕੇਸਾਂ ਦੇ ਨਿਪਟਾਰੇ ਲਈ ਪੰਜਾਬ ਵਿੱਚ 79 ਵਿਸ਼ੇਸ਼ ਐਨ.ਡੀ.ਪੀ.ਐਸ. ਅਦਾਲਤਾਂ ਬਣਾਉਣ ਦੀ ਲੋੜ ਹੈ ਅਤੇ ਇਨ੍ਹਾਂ ਵਿਸ਼ੇਸ਼ ਐਨ.ਪੀ.ਡੀ.ਐਸ. ਅਦਾਲਤਾਂ ਲਈ 79 ਸਰਕਾਰੀ ਵਕੀਲ ਸਮੇਤ ਸਹਾਇਕ ਸਟਾਫ ਨਿਯੁਕਤ ਕਰਨ ਦੀ ਲੋੜ ਹੈ।

ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਐਂਟੀ ਨਾਰਕੋਟਿਕਸ ਟਾਸਕ ਫੋਰਸ ਲਈ ਨੈਸ਼ਨਲ ਫ਼ੰਡ ਫਾਰ ਡਰੱਗਜ਼ ਅਬਿਊਜ (ਐਨ.ਡੀ.ਪੀ.ਐਸ. ਐਕਟ ਅਧਿਆਇ-7ਏ) ਤਹਿਤ ਫੰਡਿੰਗ ਦੀ ਸਖ਼ਤ ਜ਼ਰੂਰਤ ਹੈ। ਛੇ ਸਰਹੱਦੀ ਜ਼ਿਲ੍ਹਿਆਂ ਲਈ ਲਾਈਵ ਨਿਗਰਾਨ ਪ੍ਰਣਾਲੀਆਂ, ਜੇਲ੍ਹਾਂ ਲਈ 5-ਜੀ ਜੈਮਿੰਗ ਉਪਕਰਨ, ਬੁਨਿਆਦੀ ਢਾਂਚੇ ਅਤੇ ਲੌਜਿਸਟਿਕ ਸਾਜ਼ੋ—ਸਾਮਾਨ, ਜੇਲ੍ਹਾਂ ਵਿੱਚ ਨਸ਼ਾ ਛੁਡਾਊ ਕੇਂਦਰ, ਜੇਲ੍ਹਾਂ ਵਿੱਚ ਏ.ਆਈ. ਨਿਗਰਾਨ ਪ੍ਰਣਾਲੀ, ਨਸ਼ਾ ਤਸ਼ਕਰਾਂ ਲਈ ਵਿਸ਼ੇਸ਼ ਜੇਲ੍ਹ ਅਤੇ ਸਾਰੇ 28 ਜ਼ਿਲ੍ਹਿਆਂ ਵਿੱਚ ਨਸ਼ਾ ਵਿਰੋਧੀ ਜਾਗਰੂਕ ਮੁਹਿੰਮ ਲਈ ਸਹਾਇਤਾ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਐਂਟੀ ਨਾਰਕੋਟਿਕਸ ਟਾਸਕ ਫੋਰਸ ਪੰਜਾਬ ਅਤੇ ਜੇਲ੍ਹ ਵਿਭਾਗ ਨਾਲ ਸਬੰਧਤ ਢਾਂਚੇ ਦੀ ਮਜ਼ਬੂਤੀ ਲਈ 16ਵੇਂ ਵਿੱਤ ਕਮਿਸ਼ਨ ਰਾਹੀਂ 2829 ਕਰੋੜ ਰੁਪਏ ਦੀ ਦੇ ਫੰਡ ਮੁਹੱਈਆ ਕਰਵਾਏ ਜਾਣ।

ਇਕ ਹੋਰ ਮਸਲੇ ਨੂੰ ਉਠਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆ ਦੇ ਹੌਟ-ਸਪੌਟ ਨੂੰ ਕੰਟਰੋਲ ਕਰਨ ਦੇ ਉਦੇਸ਼ ਨਾਲ ਸੀ.ਏ.ਡੀ.ਏ. (ਕਾਡਾ) ਫੰਡ ਦੇ ਪ੍ਰਭਾਵਾਂ ਬਾਰੇ ਸਰਵੇਖਣ ਅਤੇ ਅਧਿਐਨ ਕਰਨ ਲਈ ਸਲਾਹਕਾਰਾਂ ਅਤੇ ਕੋਆਰਡੀਨੇਟਰ ਦੀ ਭਰਤੀ ਵਾਸਤੇ ਸਾਲ 2022 ਤੋਂ ਲੈ ਕੇ ਹੁਣ ਤੱਕ 107 ਕਰੋੜ ਰੁਪਏ ਸਰਕਾਰ ਨੂੰ ਜਮ੍ਹਾਂ ਕਰਵਾਏ ਗਏ ਸਨ, ਪਰ ਅੱਜ ਤੱਕ ਕੁਝ ਵੀ ਅਲਾਟ ਨਹੀਂ ਕੀਤਾ ਗਿਆ।

ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਦੱਸਿਆ ਕਿ ਪਾਕਿਸਤਾਨ ਨਾਲ ਅੰਤਰ-ਰਾਸ਼ਟਰੀ ਸਰਹੱਦ ਲੱਗਣ ਕਾਰਨ ਅਤੇ ਇਸ ਦੀ ਭੂਗੋਲਿਕ ਸਥਿਤੀ ਕਾਰਨ ਪੰਜਾਬ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਨੇ ਪਹਿਲਾਂ 70ਵੇਂ ਅਤੇ 80ਵੇਂ ਦਹਾਕੇ ਵਿੱਚ ਅੱਤਵਾਦ ਖਿਲਾਫ ਵੱਡੀ ਲੜਾਈ ਲੜੀ ਸੀ ਅਤੇ ਹੁਣ ਪੰਜਾਬ ਪਾਕਿਸਤਾਨ ਵੱਲੋਂ ਆ ਰਹੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਜੰਗ ਲੜ ਰਿਹਾ ਹੈ। ਪੰਜਾਬ ਰਾਜ ਦੀ ਪਾਕਿਸਤਾਨ ਨਾਲ 552 ਕਿਲੋਮੀਟਰ ਅੰਤਰ-ਰਾਸ਼ਟਰੀ ਸਰਹੱਦ ਲਗਦੀ ਹੈ, ਜਿਸ ਵਿੱਚ ਲਗਭਗ 43 ਕਿਲੋਮੀਟਰ ਦੀ ਕੰਡਿਆਲੀ ਤਾਰ ਦੇ ਅਤੇ 35 ਕਿਲੋਮੀਟਰ ਦਰਿਆਈ ਪਾੜੇ ਹਨ, ਜਿਨ੍ਹਾਂ ਦੁਆਰਾ ਨਸ਼ਾ ਤਸਕਰੀ ਹੋ ਰਹੀ ਹੈ। 'ਗੋਲਡਨ ਕਰੇਸੈਂਟ' ਤੋਂ ਨਸ਼ੀਲੇ ਪਦਾਰਥਾਂ ਨੂੰ ਦੇਸ਼ ਦੇ ਵੱਖ—ਵੱਖ ਸੂਬਿਆਂ ਅਤੇ ਵਿਦੇਸ਼ਾਂ ਵਿੱਚ ਤਸਕਰੀ ਕਰਨ ਲਈ ਪਹਿਲਾਂ ਪੰਜਾਬ ਰਸਤੇ ਵਜੋਂ ਵਰਤਿਆ ਜਾਂਦਾ ਸੀ, ਪਰ ਹੁਣ ਇੱਥੋਂ ਦੇ ਸਥਾਨਕ ਵਸਨੀਕਾਂ ਵੱਲੋਂ ਸੇਵਨ ਕਰਨਾ ਹੋਰ ਵੀ ਚਿੰਤਾਜਨਕ ਵਿਸ਼ਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਬਹੁਤ ਘੱਟ ਵਸੀਲੇ ਹੋਣ ਦੇ ਬਾਵਜੂਦ ਵੀ ਪੰਜਾਬ ਨਸ਼ਿਆਂ ਦੇ ਵਿਰੁੱਧ ਬਹੁਤ ਮੁਸ਼ਕਿਲ ਕਾਰਜ ਕਰ ਰਿਹਾ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਨਸ਼ੇ ਵਿਰੁੱਧ ਲੜਾਈ ਲੜਨ ਲਈ 861 ਅਧਿਕਾਰੀਆਂ/ਕਰਮਚਾਰੀਆਂ ਦੀ ਐਂਟੀ ਨਾਰਕੋਟਿਕਸ ਟਾਸਕ ਫੋਰਸ (ਏ.ਐਨ.ਟੀ.ਐਫ.) ਦੀ ਸਥਾਪਨਾ ਕੀਤੀ ਗਈ ਹੈ, ਜਿਹੜੇ ਕਿ ਨਸ਼ਾ ਤਸਕਰੀ ਦੇ ਖਿਲਾਫ ਕਾਰਵਾਈ ਕਰਨ ਦੇ ਮਾਹਿਰ ਹਨ। ਇਸੇ ਤਰ੍ਹਾਂ ਪੰਜਾਬ ਦੇ ਹਰ ਜ਼ਿਲ੍ਹੇ/ਕਮਿਸ਼ਨਰੇਟ ਵਿੱਚ ਨਸ਼ਾ ਤਸਕਰੀ ਨੂੰ ਠੱਲ੍ਹ ਪਾਉਣ ਲਈ ਇਕ—ਇਕ ਨਾਰਕੋਟਿਕ ਸੈੱਲ ਦੀ ਸਥਾਪਨਾ ਕੀਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਵੱਖ—ਵੱਖ ਮਹਿਕਮਿਆਂ ਵਿਚਕਾਰ ਤਾਲਮੇਲ ਲਈ ਸੂਬਾ ਪੱਧਰ ਉਤੇ ਮੁੱਖ ਸਕੱਤਰ, ਪੰਜਾਬ ਦੀ ਪ੍ਰਧਾਨਗੀ ਹੇਠ ਪੰਜਾਬ ਨਾਰਕੋਟਿਕਸ ਕੰਪੇਨ ਕਮੇਟੀ ਅਤੇ ਜ਼ਿਲ੍ਹਾ ਪੱਧਰ ਉਤੇ ਜ਼ਿਲ੍ਹਾ ਮੈਜਿਸਟ੍ਰੇਟ ਅਧੀਨ ਜ਼ਿਲ੍ਹਾ ਮਿਸ਼ਨ ਟੀਮਾਂ ਦਾ ਗਠਨ ਵੀ ਕੀਤਾ ਗਿਆ ਹੈ।

# ਸ਼ਿਵ ਸੈਨਾ ਹਿੰਦੁਸਤਾਨ ਦੇ ਸਿਆਸੀ ਵਿੰਗ ਦੀ ਦੂਜੀ ਰਾਸ਼ਟਰੀ ਕਨਵੈਨਸ਼ਨ ਪਟਿਆਲਾ ਵਿੱਚ ਸਫਲਤਾਪੂਰਵਕ ਸੰਪੰਨ

**ਪਟਿਆਲਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਸਿਆਸੀ ਵਿੰਗ, ਹਿੰਦੁਸਤਾਨ ਸ਼ਕਤੀ ਸੈਨਾ, ਜੋ ਕਿ ਭਾਰਤ ਦੇ ਚੋਣ ਕਮਿਸ਼ਨ ਕੋਲ ਰਜਿਸਟਰਡ ਇੱਕ ਸਿਆਸੀ ਪਾਰਟੀ ਹੈ, ਦੀ ਦੂਜੀ ਰਾਸ਼ਟਰੀ ਕਨਵੈਨਸ਼ਨ ਅੱਜ 12 ਜਨਵਰੀ 2025 ਨੂੰ ਪਟਿਆਲਾ (ਪੰਜਾਬ) ਵਿੱਚ ਸਫਲਤਾਪੂਰਵਕ ਸੰਪੰਨ ਹੋਈ।



ਹਿੰਦੁਸਤਾਨ ਸ਼ਕਤੀ ਸੈਨਾ ਦੇ ਇਸ ਰਾਸ਼ਟਰੀ ਸੰਮੇਲਨ ਵਿੱਚ ਦੇਸ਼ ਭਰ ਦੇ ਵੱਖ-ਵੱਖ ਰਾਜਾਂ ਤੋਂ 125 ਤੋਂ ਵੱਧ ਡੈਲੀਗੇਟਾਂ ਅਤੇ ਰਾਸ਼ਟਰੀ ਅਧਿਕਾਰੀਆਂ ਨੇ ਭਾਗ ਲਿਆ।

ਪਾਰਟੀ ਦੇ ਕੌਮੀ ਅਹੁਦੇਦਾਰਾਂ ਵਿੱਚ ਜੰਮੂ ਤੋਂ ਸ੍ਰੀ ਰਾਜੇਸ਼ ਕੇਸਰੀ ਕੌਮੀ ਜਨਰਲ ਸਕੱਤਰ, ਸ੍ਰੀ ਕ੍ਰਿਸ਼ਨ ਸ਼ਰਮਾ ਕੌਮੀ ਖਜ਼ਾਨਚੀ, ਸ੍ਰੀ ਸ਼ਿਵਨਾਰਾਇਣ ਜਾਂਗੜਾ ਕੌਮੀ ਮੀਤ ਪ੍ਰਧਾਨ, ਸ੍ਰੀਮਤੀ ਸੁਮਨ ਗੁਪਤਾ ਕੌਮੀ ਕਾਰਜਕਾਰਨੀ ਮੈਂਬਰ, ਸ੍ਰੀ ਹੇਮਰਾਜ ਗੋਇਲ, ਸ੍ਰ. ਦੇ ਕੌਮੀ ਸਲਾਹਕਾਰ ਸ੍ਰੀ ਅਜੇ ਚੌਹਾਨ ਆਦਿ ਕੌਮੀ ਆਗੂਆਂ ਨੇ ਸ਼ਿਰਕਤ ਕੀਤੀ।

ਇਨ੍ਹਾਂ ਤੋਂ ਇਲਾਵਾ ਪੰਜਾਬ ਤੋਂ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਸ੍ਰੀ ਸੰਜੀਵ ਦੇਮ, ਪਾਰਟੀ ਦੇ ਉੱਤਰੀ ਭਾਰਤ ਪ੍ਰਧਾਨ ਰਾਜੇਸ਼ ਕੌਸ਼ਿਕ ਗੰਗੀ, ਸ੍ਰੀਮਤੀ ਸਵਰਾਜ ਘੁੰਮਣ ਭਾਟੀਆ, ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ ਦੀ ਮੁਖੀ ਸ੍ਰੀ ਰਾਹੁਲ ਖੰਨਾ, ਸੂਬਾਈ. ਯੁਵਾ ਸੈਨਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਰਵਿੰਦਰ ਸਿੰਗਲਾ ਪੰਜਾਬ ਚੇਅਰਮੈਨ, ਸ੍ਰੀ ਹਿਤੇਸ਼ ਰਿੰਕੂ ਸੂਬਾ ਪ੍ਰਧਾਨ ਆਈ.ਟੀ. ਸੈਨਾ, ਸ੍ਰੀ ਸ਼ਮਾ ਕਾਂਤ ਪਾਂਡੇ ਸੀਨੀਅਰ ਮੀਤ ਪ੍ਰਧਾਨ ਪੰਜਾਬ, ਸ੍ਰੀ ਮਨਦੀਪ ਸ਼ਰਮਾ ਪੰਜਾਬ ਪ੍ਰਧਾਨ ਮਹਿਲਾ ਸੈਨਾ, ਸ੍ਰੀ ਰਾਜਾ ਵਾਲੀਆ ਸੰਗਠਨ ਮੰਤਰੀ ਸ ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਦੇਸ਼ ਵਿੱਚ ਜਹਾਦੀ ਮਾਨਸਿਕਤਾ ਦੇ ਦਹਿਸ਼ਤਗਰਦੀ ਨੂੰ 48 ਸਾਲਾਂ ਬਾਅਦ ਉੱਤਰ ਪ੍ਰਦੇਸ਼ ਦੇ ਸੰਭਲ ਜ਼ਿਲ੍ਹੇ ਵਿੱਚ ਬੇਰਹਿਮੀ ਨਾਲ ਕਤਲ ਕਰਨ ਦੇ ਮਾਮਲੇ ਦੀ ਫਾਈਲ ਖੋਲ੍ਹਣ ਦੀ ਜ਼ੋਰਦਾਰ ਸ਼ਲਾਘਾ ਕੀਤੀ ਯੋਗੀ ਆਦਿਤਿਆਨਾਥ ਜੀ।

ਇਸੇ ਤਰਜ਼ 'ਤੇ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਖਾਲਿਸਤਾਨੀ ਅੱਤਵਾਦ ਦੌਰਾਨ 35 ਹਜ਼ਾਰ ਹਿੰਦੂਆਂ ਦੇ ਕਤਲੇਆਮ ਦੇ ਕਾਲੇ ਦੌਰ ਦੀ ਫਾਈਲ ਵੀ ਖੋਲ੍ਹੀ ਜਾਵੇ ਅਤੇ ਇਸ ਖਾਲਿਸਤਾਨੀ ਅੱਤਵਾਦ ਲਈ ਜ਼ਿੰਮੇਵਾਰ ਸਿਆਸੀ ਲੋਕਾਂ ਅਤੇ ਇਸ ਅੱਤਵਾਦ ਨੂੰ ਭੜਕਾਉਣ ਵਾਲਿਆਂ ਖਿਲਾਫ ਵੀ ਆਵਾਜ਼ ਬੁਲੰਦ ਕੀਤੀ ਜਾਵੇ। 1984 ਦੇ ਸਿੱਖ ਦੰਗਾ ਪੀੜਤਾਂ ਵਾਂਗ ਪੰਜਾਬ ਦੇ 35,000 ਹਿੰਦੂ ਅੱਤਵਾਦ ਪੀੜਤਾਂ ਲਈ 781 ਕਰੋੜ ਰੁਪਏ, ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਲਈ। ਜਿਸ ਪੈਕੇਜ ਨੂੰ ਪੰਜਾਬ ਸਰਕਾਰ ਨੇ ਮਨਜ਼ੂਰੀ ਦੇ ਕੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਸੀ, ਉਹ ਤੁਰੰਤ ਜਾਰੀ ਕੀਤਾ ਜਾਵੇ।

ਰਾਸ਼ਟਰੀ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਪਵਨ ਗੁਪਤਾ ਜੀ ਨੇ ਕਿਹਾ ਕਿ ਹਿੰਦੁਸਤਾਨ ਸ਼ਕਤੀ ਸੈਨਾ ਦੇਸ਼ ਭਰ ਦੇ ਮੰਦਰਾਂ ਨੂੰ ਸਰਕਾਰੀ ਕਬਜੇ ਤੋਂ ਮੁਕਤ ਕਰਵਾਉਣਾ ਚਾਹੁੰਦੀ ਹੈ ਅਤੇ ਇਸ ਮਕਸਦ ਲਈ ਦੇਸ਼ ਦੀ ਪਾਰਲੀਮੈਂਟ ਵਿੱਚ ਇੱਕ ਕਾਨੂੰਨ ਪਾਸ ਕੀਤਾ ਜਾਣਾ ਚਾਹੀਦਾ ਹੈ ਅਤੇ ਇੱਕ ਆਲ ਇੰਡੀਆ ਹਿੰਦੂ ਟੈਂਪਲ ਮੈਨੇਜਮੈਂਟ ਐਕਟ ਹੋਣਾ ਚਾਹੀਦਾ ਹੈ। ਪਾਸ ਕੀਤਾ ਤਾਂ ਕਿ ਹਿੰਦੂ ਸਮਾਜ ਖੁਦ ਹਿੰਦੂ ਮੰਦਰਾਂ ਦਾ ਪ੍ਰਬੰਧ ਅਤੇ ਸੇਵਾ ਕਰ ਸਕੇ। ਉਨ੍ਹਾਂ ਪਾਰਟੀ ਦੇ ਸਾਰੇ ਡੈਲੀਗੇਟਾਂ ਦਾ

# ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਵਾਲੇ ਨਵੇਂ ਕਾਨੂੰਨ ਦੀ ਪੜਚੋਲ ਕਰੇਗੀ ਸੁਪਰੀਮ ਕੋਰਟ

**ਨਵੀਂ ਦਿੱਲੀ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਚੋਣ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ ਸਬੰਧੀ ਕਾਨੂੰਨ ਦੀ ਪੜਚੋਲ ਕਰੇਗੀ ਕਿਉਂਕਿ ਚੋਣ ਕਮੇਟੀ ਵਿਚ ਭਾਰਤ ਦੇ ਚੀਫ਼ ਜਸਟਿਸ ਨੂੰ ਮੈਂਬਰ ਨਾ ਬਣਾਉਣ ਸਬੰਧੀ ਨਵੇਂ ਕਾਨੂੰਨ ਦੀ ਪ੍ਰਮਾਨਿਕਤਾ ਨੂੰ ਚੁਣੌਤੀ ਦਿੱਤੀ ਗਈ ਹੈ। ਮੁੱਖ ਚੋਣ ਕਮਿਸ਼ਨਰ ਤੇ ਹੋਰ ਚੋਣ ਕਮਿਸ਼ਨਰ (ਨਿਯੁਕਤੀ, ਸੇਵਾ ਸ਼ਰਤਾਂ ਤੇ ਅਹੁਦੇ ਦੀ ਮਿਆਦ) ਐਕਟ ਦਸੰਬਰ 2023 ਵਿਚ ਲਾਗੂ ਹੋਇਆ।




ਇਸ ਦੀ ਪਹਿਲੀ ਵਾਰ ਵਰਤੋਂ ਮਾਰਚ 2024 ਵਿਚ ਗਿਆਨੇਸ਼ ਕੁਮਾਰ ਤੇ ਐੱਸ.ਐੱਸ.ਸੰਧੂ ਨੂੰ ਚੋਣ ਕਮਿਸ਼ਨਰ ਵਜੋਂ ਨਿਯੁਕਤ ਕਰਨ ਲਈ ਕੀਤੀ ਗਈ ਸੀ। ਉਨ੍ਹਾਂ ਨੂੰ ਅਰੁਣ ਗੋਇਲ ਤੇ ਅਸਤੀਫ਼ੇ ਤੇ ਅਨੂਪ ਚੰਦਰ ਪਾਂਡੇ ਦੀ ਸੇਵਾਮੁਕਤੀ ਮਗਰੋਂ ਖਾਲੀ ਹੋਏ ਅਹੁਦਿਆਂ ਲਈ ਨਿਯੁਕਤ ਕੀਤਾ ਗਿਆ ਸੀ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ 65 ਸਾਲ ਦੀ ਉਮਰ ਦੇ ਹੋਣ ਮਗਰੋਂ 18 ਫਰਵਰੀ ਨੂੰ ਸੇਵਾਮੁਕਤ ਹੋ ਜਾਣਗੇ। ਲਿਹਾਜ਼ਾ ਪਹਿਲੀ ਵਾਰ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਨਵੇਂ ਕਾਨੂੰਨ ਤਹਿਤ ਹੋਵੇਗੀ।

ਪਟੀਸ਼ਨ ਵਿਚ ਚੋਣ ਕਮੇਟੀ ਦੀ ਬਣਤਰ 'ਚ ਬਦਲਾਅ ਨੂੰ ਚੁਣੌਤੀ ਦਿੱਤੀ ਗਈ ਹੈ। ਸੁਪਰੀਮ ਕੋਰਟ ਵੱਲੋਂ ਇਸ ਮਾਮਲੇ ਵਿਚ 4 ਫਰਵਰੀ ਨੂੰ ਸੁਣਵਾਈ ਕੀਤੀ ਜਾਵੇਗੀ।

ਸੀਈਸੀ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਨਾਲ ਸਬੰਧਤ ਨਵਾਂ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ, ਚੋਣ ਕਮਿਸ਼ਨਰਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਸਰਕਾਰ ਦੀ ਸਿਫ਼ਾਰਸ਼ 'ਤੇ ਕੀਤੀ ਜਾਂਦੀ ਸੀ। ਰਵਾਇਤ ਮੁਤਾਬਕ ਸਭ ਤੋਂ ਸੀਨੀਅਰ ਚੋਣ ਕਮਿਸ਼ਨਰ ਨੂੰ ਸੀਈਸੀ ਦੇ ਅਹੁਦੇ 'ਤੇ ਤਰੱਕੀ ਦਿੱਤੀ ਜਾਂਦੀ ਸੀ। ਪਰ ਐਤਕੀਂ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਕਮੇਟੀ ਨਵੇਂ ਚੋਣ ਕਮਿਸ਼ਨਰ ਬਾਰੇ ਫੈਸਲਾ ਕਰੇਗੀ। ਗਿਆਨੇਸ਼ ਕੁਮਾਰ ਅਤੇ ਸੰਧੂ ਵਿੱਚੋਂ, ਕੁਮਾਰ ਸਭ ਤੋਂ ਸੀਨੀਅਰ ਹੈ।

ਗਿਆਨੇਸ਼ ਕੁਮਾਰ ਦਾ ਕਾਰਜਕਾਲ 26 ਜਨਵਰੀ, 2029 ਤੱਕ ਹੈ, ਜਦੋਂ ਉਹ 65 ਸਾਲ ਦੇ ਹੋਣਗੇ। ਕਾਨੂੰਨ ਅਨੁਸਾਰ, ਕਾਨੂੰਨ ਮੰਤਰੀ ਦੀ ਅਗਵਾਈ ਵਾਲੀ ਅਤੇ ਦੋ ਕੇਂਦਰੀ ਸਕੱਤਰਾਂ ਵਾਲੀ ਸਰਚ ਕਮੇਟੀ ਪੰਜ ਨਾਵਾਂ ਦੀ ਚੋਣ ਕਰਕੇ ਇਨ੍ਹਾਂ ਨੂੰ ਅੱਗੇ ਚੋਣ ਕਮੇਟੀ ਨੂੰ ਭੇਜੇਗੀ।

## 2.4 ਡਿਗਰੀ ਤਾਪਮਾਨ ਨਾਲ ਕੰਬਿਆ ਫਾਜ਼ਿਲਕਾ

# ਸੰਘਣੀ ਧੁੰਦ ਕਾਰਨ ਅੰਮ੍ਰਿਤਸਰ ਵਿੱਚ ਦਿਸਣ ਹੱਦ ਸਿਫ਼ਰ ਰਹੀ



**ਚੰਡੀਗੜ੍ਹ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੇ ਹਰਿਆਣਾ ਦੇ ਕਈ ਇਲਾਕਿਆਂ 'ਚ ਅੱਜ ਸੰਘਣੀ ਧੁੰਦ ਛਾਈ ਰਹੀ ਜਿਸ ਕਾਰਨ ਦਿਸਣ ਹੱਦ ਕਾਫੀ ਘੱਟ ਰਹੀ। ਦੋਵਾਂ ਰਾਜਾਂ 'ਚ ਕੜਾਕੇ ਦੀ ਠੰਢ ਦਾ ਜ਼ੋਰ ਜਾਰੀ ਹੈ। ਪੰਜਾਬ ਵਿੱਚ ਫਾਜ਼ਿਲਕਾ ਜਦਕਿ ਹਰਿਆਣਾ ਵਿੱਚ ਨਾਰਨੌਲ ਸਭ ਤੋਂ ਠੰਢਾ ਸਥਾਨ ਰਿਹਾ। ਪੰਜਾਬ ਦਾ ਫਾਜ਼ਿਲਕਾ ਸਭ ਤੋਂ ਠੰਢਾ ਸਥਾਨ ਰਿਹਾ ਜਿੱਥੇ ਘੱਟੋ-ਘੱਟ ਤਾਪਮਾਨ 2.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ ਸੰਘਣੀ ਧੁੰਦ ਕਾਰਨ ਅੰਮ੍ਰਿਤਸਰ 'ਚ ਦਿਸਣ ਹੱਦ ਸਿਫਰ ਰਹੀ। ਲੁਧਿਆਣਾ, ਪਟਿਆਲਾ, ਚੰਡੀਗੜ੍ਹ, ਅੰਬਾਲਾ, ਹਿਸਾਰ ਤੇ ਕਰਨਾਲ 'ਚ ਵੀ ਧੁੰਦ ਛਾਈ ਰਹੀ। ਪੰਜਾਬ ਦੇ ਅੰਮ੍ਰਿਤਸਰ 'ਚ ਘੱਟੋ-ਘੱਟ ਤਾਪਮਾਨ ਪੰਜ ਡਿਗਰੀ ਅਤੇ ਪਟਿਆਲਾ 'ਚ 6.5 ਡਿਗਰੀ ਸੈਲਸੀਅਸ ਰਿਹਾ। ਲੁਧਿਆਣਾ 'ਚ ਘੱਟੋ-ਘੱਟ ਤਾਪਮਾਨ 5.4 ਡਿਗਰੀ, ਪਠਾਨਕੋਟ 'ਚ 4.2, ਬਠਿੰਡਾ 'ਚ 5.4 ਅਤੇ ਫਰੀਦਕੋਟ ਤੇ ਗੁਰਦਾਸਪੁਰ ਜ਼ਿਲ੍ਹਿਆਂ 'ਚ ਘੱਟੋ-ਘੱਟ ਤਾਪਮਾਨ ਪੰਜ ਡਿਗਰੀ ਰਿਹਾ।

# ਖ਼ੂੰਖ਼ਾਰ ਕੁੱਤਿਆਂ ਨੇ 11 ਸਾਲਾ ਬੱਚਾ ਨੋਚ-ਨੋਚ ਕੇ ਮਾਰ ਮੁਕਾਇਆ, ਲੋਕਾਂ ਵੱਲੋਂ ਕੌਮੀ ਮਾਰਗ ਜਾਮ

**ਮੁੱਲਾਂਪੁਰ-ਦਾਖਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਗਲੇ ਪਿੰਡ ਹਸਨਪੁਰ ਵਿਚ ਵਾਪਰੀ ਇਕ ਦਰਦਨਾਕ ਘਟਨਾ ਵਿਚ ਪਿੰਡ ਦੇ ਖੇਤਾਂ 'ਚ ਰਹਿੰਦੇ ਪਰਿਵਾਰ ਦੇ 11 ਸਾਲਾਂ ਬੱਚੇ ਨੂੰ ਖ਼ੂੰਖ਼ਾਰ ਕੁੱਤਿਆਂ ਨੇ ਨੋਚ ਨੋਚ ਕੇ ਮਾਰ ਮੁਕਾਇਆ। ਗੰਭੀਰ ਜ਼ਖ਼ਮੀ ਬੱਚੇ ਦੀ ਮੌਕੇ 'ਤੇ ਹੀ ਮੌਤ ਹੋ ਗਈ।



ਕੁੱਤਿਆਂ ਦਾ ਸ਼ਿਕਾਰ ਹੋਇਆ ਹਰਸੁਖਪ੍ਰੀਤ ਸਿੰਘ ਪੁੱਤਰ ਰਣਧੀਰ ਸਿੰਘ ਆਪਣੇ ਮਾਪਿਆਂ ਦਾ ਇਹ ਇਕਲੌਤਾ ਪੁੱਤਰ ਸੀ। ਉਹ ਪਿੰਡ ਹਸਨਪੁਰ ਦੇ ਸਰਕਾਰੀ ਸਕੂਲ ਵਿੱਚ ਪੰਜਵੀਂ ਜਮਾਤ ਦਾ ਵਿਦਿਆਰਥੀ ਸੀ। ਘਟਨਾ ਕਾਰਨ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ ਹੈ।

ਇਸ ਦਰਦਨਾਕ ਮੌਤ ਨਾਲ ਪਿੰਡ ਵਾਸੀਆਂ ਵਿੱਚ ਕਾਫ਼ੀ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਪਿੰਡ ਵਾਸੀਆਂ ਨੇ ਲੁਧਿਆਣਾ-ਫ਼ਿਰੋਜ਼ਪੁਰ ਕੌਮੀ ਮਾਰਗ 'ਤੇ ਧਰਨਾ ਲਾ ਕੇ ਆਵਾਜਾਈ ਠੱਪ ਕਰ ਦਿੱਤੀ ਹੈ। ਗ਼ੁੱਸੇ ਨਾਲ ਭਰੇ ਲੋਕ ਪ੍ਰਸ਼ਾਸਨ ਤੋਂ ਕਾਰਵਾਈ ਦੀ ਮੰਗ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਇਹ ਇਸੇ ਹਫ਼ਤੇ ਵਿੱਚ ਵਾਪਰੀ ਅਜਿਹੀ ਦੂਜੀ ਘਟਨਾ ਹੈ। ਕੁਝ ਦਿਨ ਪਹਿਲਾਂ ਇੱਕ ਪਰਵਾਸੀ ਮਜ਼ਦੂਰ ਪਰਿਵਾਰ ਦੇ ਬੱਚੇ ਨੂੰ ਵੀ ਕੁੱਤਿਆਂ ਨੇ ਇਸੇ ਤਰ੍ਹਾਂ ਨੋਚ-ਨੋਚ ਮਾਰ ਮੁਕਾਇਆ ਸੀ।

ਲੋਕਾਂ ਦਾ ਦੋਸ਼ ਹੈ ਕਿ ਖ਼ੂੰਖ਼ਾਰ ਕੁੱਤਿਆਂ ਵੱਲੋਂ ਇਲਾਕੇ ਦੇ ਕਈ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਪਰ ਪ੍ਰਸ਼ਾਸਨ ਅੱਖਾਂ ਬੰਦ ਕਰ ਕੇ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ।

# ਸਪੀਕਰ ਸੰਧਵਾਂ ਨੇ ਵਿਧਾਇਕ ਗੁਰਪ੍ਰੀਤ ਗੋਗੀ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ

**ਚੰਡੀਗੜ੍ਹ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ.ਕੁਲਤਾਰ ਸਿੰਘ ਸੰਧਵਾਂ ਨੇ ਵਿਧਾਇਕ ਗੁਰਪ੍ਰੀਤ ਗੋਗੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਅੱਜ ਜਾਰੀ ਪ੍ਰੈਸ ਬਿਆਨ ਵਿੱਚ ਸਪੀਕਰ ਨੇ ਕਿਹਾ ਕਿ 57 ਸਾਲਾ ਸ੍ਰੀ ਗੁਰਪ੍ਰੀਤ ਗੋਗੀ ਸਾਲ 2022 'ਚ ਲੁਧਿਆਣਾ ਪੱਛਮੀ ਤੋਂ ਵਿਧਾਇਕ ਚੁਣੇ ਗਏ ਸਨ। ਸਪੀਕਰ ਨੇ ਇਸ ਬੇਵਕਤ ਅਕਾਲ ਚਲਾਣੇ 'ਤੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਬੀਤੇ ਕੱਲ ਹੀ ਸ੍ਰੀ ਗੋਗੀ ਜੀ ਅਤੇ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਨੂੰ ਮਿਲਕੇ ਬੁੱਢੇ ਨਾਲੇ ਨੂੰ ਮੁੜ ਬੁੱਢਾ ਦਰਿਆ ਬਣਾਉਣ ਦੇ ਕਾਰਜਾਂ ਸਬੰਧੀ ਲੰਬਾ ਸਮਾਂ ਵਿਚਾਰ ਚਰਚਾ ਕੀਤੀ ਸੀ।

ਸਪੀਕਰ ਨੇ ਕਿਹਾ ਕਿ ਬਤੌਰ ਆਗੂ ਸਮਾਜ ਲਈ ਅਤੇ ਵਿਸ਼ੇਸ਼ ਤੌਰ 'ਤੇ ਲੁਧਿਆਣਾ ਖੇਤਰ ਲਈ ਕੀਤੀਆਂ ਸੇਵਾਵਾਂ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

ਸਪੀਕਰ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਡਾ. ਬਲਜੀਤ ਕੌਰ ਦੀ ਪ੍ਰਧਾਨਗੀ ਹੇਠ ਪੰਜਾਬ ਰਾਜ ਐਡਵਾਈਜਰੀ ਬੋਰਡ ਦੀ ਉੱਚ ਪੱਧਰੀ ਮੀਟਿੰਗ ਹੋਈ



**ਚੰਡੀਗੜ੍ਹ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਮੰਤਰੀ ਡਾ. ਬਲਜੀਤ ਕੌਰ ਦੀ ਪ੍ਰਧਾਨਗੀ ਹੇਠ ਪੰਜਾਬ ਰਾਜ ਐਡਵਾਈਜਰੀ ਬੋਰਡ ਦੀ ਉੱਚ ਪੱਧਰੀ ਮੀਟਿੰਗ ਪੰਜਾਬ ਭਵਨ ਵਿਖੇ ਹੋਈ, ਜਿਸ ਵਿੱਚ ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਇੰਨ ਬਿੰਨ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਦਿਵਿਆਂਗ ਵਿਅਕਤੀਆਂ ਨੂੰ ਇਹਨਾਂ ਸਕੀਮਾਂ ਦਾ ਲਾਭ ਮਿਲ ਸਕੇ। ਮੀਟਿੰਗ ਦੌਰਾਨ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦਿਵਿਆਂਗਜਨਾ ਦੀਆਂ ਭਲਾਈ ਸਕੀਮਾਂ ਦਾ ਉੱਚ ਪੱਧਰੀ ਰਿਵਿਊ ਕਰਦਿਆਂ ਵੱਖ-ਵੱਖ ਵਿਭਾਗਾਂ ਨੂੰ ਦਿਵਿਆਂਗਜਨਾਂ ਦੀਆਂ ਭਲਾਈ ਸਕੀਮਾਂ ਨੂੰ ਜਮੀਨੀ ਪੱਧਰ ਤੇ ਸਹੀ ਢੰਗ ਨਾਲ ਲਾਗੂ ਕਰਨ ਲਈ ਹੁਕਮ ਦਿੱਤੇ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਸਿਪਡਾ ਸਕੀਮ ਅਧੀਨ ਰਾਜ ਦੇ 10 ਜਿਲਿਆਂ ਦੀਆਂ 144 ਇਮਾਰਤਾਂ ਨੂੰ ਅੜਿਚਨ ਰਹਿਤ ਬਣਾਉਣ ਦੇ ਲਈ ਰੁਕੇ ਹੋਏ ਕੰਮ ਨੂੰ ਨਿਰਧਾਰਿਤ ਸਮੇਂ ਅੰਦਰ ਪੂਰਾ ਕਰਨ ਲਈ ਕਿਹਾ। ਉਹਨਾਂ ਸੂਬਾ ਸਰਕਾਰ ਦੀਆਂ ਸਮੂਹ ਸਰਕਾਰੀ ਇਮਾਰਤਾਂ ਨੂੰ ਅੜਿਚਨ ਰਹਿਤ ਬਣਾਉਣ ਦੇ ਲਈ ਅਗਲੇ ਤਿੰਨ ਸਾਲਾਂ ਵਿੱਚ ਸਾਰੇ ਪ੍ਰੋਜੈਕਟ ਮੁਕੰਮਲ ਕਰਨ ਲਈ ਵਿਭਾਗ ਨੂੰ ਖਾਕਾ ਤਿਆਰ ਕਰਨ ਲਈ ਕਿਹਾ। ਸਮੂਹ ਵਿਭਾਗਾਂ ਦੀਆਂ ਸਰਕਾਰੀ ਇਮਾਰਤਾਂ ਨੂੰ ਅੜਿਚਣ ਰਹਿਤ ਬਣਾਉਣ ਦੇ ਲਈ ਉਹਨਾਂ ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਦੀ ਅਗਵਾਈ ਅਧੀਨ 5 ਮੈਂਬਰੀ ਕਮੇਟੀ ਦਾ ਨੋਟੀਫਿਕੇਸ਼ਨ ਕਰਨ ਦੇ ਲਈ ਵੀ ਸਮਾਜਿਕ ਸੁਰੱਖਿਆ ਵਿਭਾਗ ਨੂੰ ਹਦਾਇਤ ਕੀਤੀ।

ਡਾ. ਬਲਜੀਤ ਕੌਰ ਨੇ ਆਰ.ਪੀ.ਡਬਲਿਊਡੀ.ਐਕਟ 2016 ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਦਿਵਿਆਂਗਜਨਾ ਨੂੰ ਮਿਲਣ ਵਾਲੇ ਰਾਖਵੇਂਕਰਨ ਨੂੰ ਸੁਰੱਖਿਅਤ ਕਰਨ ਦੇ ਸਬੰਧੀ ਸਖਤੀ ਦੇ ਨਾਲ ਇਹਨਾਂ ਧਾਰਾਵਾਂ ਨੂੰ ਲਾਗੂ ਕਰਨ ਲਈ ਹਦਾਇਤ ਕੀਤੀ ਅਤੇ ਐਡਵਾਈਜਰੀ ਬੋਰਡ ਦੀ ਅਗਲੀ ਮੀਟਿੰਗ ਵਿੱਚ ਇਸ ਸਬੰਧੀ ਦਿਵਿਆਗਜਨਾਂ ਨੂੰ ਦਿੱਤੇ ਗਏ ਲਾਭ ਦੀ ਜਾਣਕਾਰੀ ਪੇਸ਼ ਕਰਨ ਦੇ ਹੁਕਮ ਦਿੱਤੇ।

ਮੰਤਰੀ ਨੇ ਸੂਬੇ ਵਿੱਚ ਦਿਵਿਆਗਜਨਾਂ ਨੂੰ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਦੇਣ ਲਈ ਬਣਾਏ ਜਾ ਰਹੇ ਯੂ.ਡੀ.ਆਈ.ਡੀ. ਕਾਰਡ ਦੀ ਪੈਡੈਂਸੀ ਤੇ ਸਖਤ ਨੋਟਿਸ ਲੈਂਦੇ ਹੋਏ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਨੂੰ ਪੈਂਡਿੰਗ ਅਰਜ਼ੀਆਂ ਦਾ ਨਿਪਟਾਰਾ ਇੱਕ ਮਹੀਨੇ ਦੇ ਅੰਦਰ-ਅੰਦਰ ਕਰਨ ਲਈ ਹੁਕਮ ਦਿੱਤੇ। ਬੋਰਡ ਦੇ ਮੈਂਬਰਾਂ ਵੱਲੋਂ ਦਿੱਤੇ ਗਏ ਸੁਝਾਵਾਂ ਦੇ ਅਨੁਸਾਰ ਯੂ.ਡੀ.ਆਈ.ਡੀ. ਕਾਰਡ ਬਣਾਉਣ ਸਬੰਧੀ ਦਿਵਿਅਆਂਗਜਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਸਾਰਥਕ ਹੱਲ ਕਰਨ ਲਈ ਉਹਨਾਂ ਸਿਹਤ ਵਿਭਾਗ ਨੂੰ ਮੁਕੰਮਲ ਤਜਵੀਜ ਬੋਰਡ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕਰਨ ਲਈ ਹਦਾਇਤ ਕੀਤੀ। ਇਸ ਤੋਂ ਇਲਾਵਾ ਉਹਨਾਂ ਸਿਵਲ ਸਰਜਨਾਂ ਨੂੰ ਦਿਵਿਆਂਗਜਨਾਂ ਨੂੰ ਪ੍ਰਾਪਤ ਹੋਣ ਵਾਲੇ ਯੂ.ਡੀ.ਆਈ.ਡੀ. ਕਾਰਡਾਂ ਵਿੱਚ ਦਿਵਿਆਂਗਤਾ ਦੀ ਪ੍ਰਤੀਸ਼ਤਤਾ ਅਤੇ ਕਮੀਆਂ ਨੂੰ ਦੂਰ ਕਰਨ ਲਈ ਵਿਸ਼ੇਸ਼ ਕੈਂਪ ਲਗਾਉਣ ਲਈ ਕਿਹਾ।

ਦਿਵਿਆਂਗਾਜਨਾਂ ਨੂੰ ਪੰਜਾਬ ਸਰਕਾਰ ਦੀ ਖੇਡ ਨੀਤੀ 2023 ਦੇ ਅਧੀਨ ਵੱਖ-ਵੱਖ ਤਰ੍ਹਾਂ ਦੇ ਮਿਲਣ ਵਾਲੇ ਲਾਭ ਅਤੇ ਰਿਆਇਤਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਡਾਇਰੈਕਟਰ ਖੇਡ ਵਿਭਾਗ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਦੇ ਲਈ ਸਪੈਸ਼ਲ ਕਾਡਰ ਬਣਾਇਆ ਗਿਆ ਹੈ, ਜਿਸ ਵਿੱਚ ਦਿਵਿਆਂਗ ਖਿਡਾਰੀਆਂ ਨੂੰ ਵੀ ਬਰਾਬਰ ਦੇ ਮੌਕੇ ਦਿੱਤੇ ਗਏ ਹਨ ਅਤੇ ਅਜਿਹੇ ਵਿਸ਼ੇਸ਼ ਲਾਭ ਦੇਣ ਵਾਲਾ ਪੰਜਾਬ ਇਸ ਖਿੱਤੇ ਵਿੱਚ ਪਹਿਲਾ ਸੂਬਾ ਹੈ।

## ਡਿਪਟੀ ਕਮਿਸ਼ਨਰ ਵੱਲੋਂ ਰਾਜਪੁਰਾ ਵਿੱਚ ਟ੍ਰੈਫਿਕ ਸਮੱਸਿਆਵਾਂ ਤੇ ਲੱਗਦੇ ਭਾਰੀ ਜਾਮ ਦਾ ਨਿਰੀਖਣ

# ਗਗਨ ਚੌਕ ਤੇ ਟਾਹਲੀ ਵਾਲਾ ਚੌਕ ਵਿਖੇ ਆਵਾਜਾਈ ਨਿਯਮਤ ਕਰਨ ਲਈ ਤੁਰੰਤ ਕਾਰਵਾਈ ਦੇ ਨਿਰਦੇਸ਼ ਦਿੱਤੇ; ਲੋਕ ਵੀ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ : ਡਾ. ਪ੍ਰੀਤੀ ਯਾਦਵ

**ਰਾਜਪੁਰਾ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਰਾਜਪੁਰਾ ਸ਼ਹਿਰ ਵਿੱਚ ਟ੍ਰੈਫਿਕ ਭੀੜ ਵਾਲੇ ਸਥਾਨਾਂ ਦਾ ਨਿਰੀਖਣ ਕੀਤਾ। ਉਨ੍ਹਾਂ ਨੇ ਐਸ.ਡੀ.ਐਮ ਅਵਿਕੇਸ਼ ਗੁਪਤਾ ਨੂੰ ਨਾਲ ਲੈ ਕੇ ਗਗਨ ਚੌਕ, ਜੀ.ਟੀ. ਰੋਡ ਅਤੇ ਟਾਹਲੀ ਵਾਲਾ ਚੌਕ ਦੇ ਆਲੇ-ਦੁਆਲੇ ਟ੍ਰੈਫਿਕ ਵਿਵਸਥਾ ਦਾ ਜਾਇਜ਼ਾ ਲਿਆ।



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਰਾਜਪੁਰਾ ਦੇ ਗਗਨ ਚੌਕ ਵਿਖੇ ਆਵਾਜਾਈ ਨੂੰ ਨਿਯਮਤ ਕਰਨ ਲਈ ਐਸ.ਡੀ.ਐਮ ਅਵਿਕੇਸ਼ ਗੁਪਤਾ ਅਤੇ ਸਥਾਨਕ ਟ੍ਰੈਫਿਕ ਪੁਲਿਸ ਨੂੰ ਨਿਰਦੇਸ਼ ਦਿੰਦੇ ਹੋਏ।

ਡਿਪਟੀ ਕਮਿਸ਼ਨਰ ਨੇ ਗੱਡੀਆਂ ਦੀ ਭਾਰੀ ਭੀੜ ਤੇ ਜਾਮ ਵਾਲੀ ਸਥਿਤੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਉਨ੍ਹਾਂ ਨੇ ਸੁਚਾਰੂ ਆਵਾਜਾਈ ਪ੍ਰਵਾਹ ਨੂੰ ਯਕੀਨੀ ਬਣਾਉਣ ਲਈ ਵਿਆਪਕ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਅਤੇ ਸਥਾਨਕ ਪ੍ਰਸ਼ਾਸਨ ਨੂੰ ਭੀੜ ਘਟਾਉਣ ਲਈ ਤੁਰੰਤ ਉਪਾਅ ਲਾਗੂ ਕਰਨ ਦੇ ਨਿਰਦੇਸ਼ ਦਿੱਤੇ।

ਡਾ. ਪ੍ਰੀਤੀ ਯਾਦਵ ਨੇ ਐਸ.ਡੀ.ਐਮ ਅਵਿਕੇਸ਼ ਗੁਪਤਾ ਨੂੰ ਨੇੜਲੇ ਉਦਯੋਗਾਂ ਦੇ ਪ੍ਰਤੀਨਿਧੀਆਂ ਨਾਲ ਇੱਕ ਮੀਟਿੰਗ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਉਦਯੋਗਾਂ ਲਈ ਚੱਲਦੇ ਟਰੱਕਾਂ ਅਤੇ ਭਾਰੀ ਵਾਹਨਾਂ ਲਈ ਸਮਰਪਿਤ ਲੇਨ ਬਣਾਉਣ ਲਈ ਇੱਕ ਯੋਜਨਾ ਤਿਆਰ ਕੀਤੀ ਜਾ ਸਕੇ। ਇਸ ਪਹਿਲ ਦਾ ਉਦੇਸ਼ ਜੀ.ਟੀ ਰੋਡ ਅਤੇ ਚੰਡੀਗੜ੍ਹ ਰੋਡ 'ਤੇ ਅਜਿਹੇ ਵਾਹਨਾਂ ਕਾਰਨ ਹੋਣ ਲੱਗਦੇ ਗੱਡੀਆਂ ਦੇ ਜਾਮ ਨੂੰ ਘਟਾਉਣਾ ਆਵਾਜਾਈ ਨੂੰ ਸੁਚਾਰੂ ਬਣਾਉਣਾ ਹੈ।

ਡਿਪਟੀ ਕਮਿਸ਼ਨਰ ਨੇ ਸਥਾਨਕ ਟ੍ਰੈਫਿਕ ਪੁਲਿਸ ਨੂੰ ਟ੍ਰੈਫਿਕ ਨੂੰ ਸਰਗਰਮੀ ਨਾਲ ਨਿਯਮਤ ਕਰਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਪੁਲਿਸ ਨੂੰ ਜਿਆਦਾ ਭੀੜ ਵਾਲੇ ਸਮੇਂ ਦੀ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ ਅਤੇ ਗਗਨ ਚੌਕ ਵਿਖੇ ਦੋਵਾਂ ਮੋੜਾਂ ਉੱਤੇ ਖੜ੍ਹਦੀਆਂ ਬੱਸਾਂ ਦਾ ਸਟਾਪੇਜ ਨੂੰ ਚੰਡੀਗੜ੍ਹ ਰੋਡ ਤੇ ਪਟਿਆਲਾ ਰੋਡ ਵੱਲ ਥੋੜ੍ਹਾ ਹੋਰ ਅੱਗੇ ਤਬਦੀਲ ਕਰਨ ਦਾ ਸੁਝਾਅ ਦਿੱਤਾ। ਇਸ ਤਬਦੀਲੀ ਨਾਲ ਮੌਜੂਦਾ ਥਾਵਾਂ 'ਤੇ ਰੋਜ਼ਾਨਾ ਯਾਤਰੀਆਂ ਦੁਆਰਾ ਬੱਸਾਂ ਵਿੱਚ ਚੜ੍ਹਨ ਉਤਰਨ ਕਾਰਨ ਹੋਣ ਵਾਲੀ ਭੀੜ ਨੂੰ ਘਟਾਉਣ ਦੀ ਉਮੀਦ ਹੈ।

ਟਾਹਲੀ ਚੌਕ ਦੇ ਆਪਣੇ ਦੌਰੇ ਦੌਰਾਨ, ਡਾ. ਪ੍ਰੀਤੀ ਯਾਦਵ ਨੇ ਨਗਰ ਕੌਂਸਲ ਅਧਿਕਾਰੀਆਂ ਨੂੰ ਸੜਕਾਂ ਵਿੱਚ ਰੁਕਾਵਟ ਪਾਉਣ ਵਾਲੇ ਕਬਜ਼ੇ ਹਟਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਫਲ ਅਤੇ ਸਬਜ਼ੀ ਵਿਕਰੇਤਾਵਾਂ ਨੂੰ ਸੜਕ ਦੀ ਜਗ੍ਹਾ 'ਤੇ ਰੇਹੜੀਆਂ ਲਗਾਉਣ ਦੀ ਬਜਾਏ ਆਪਣੇ ਨਿਰਧਾਰਤ ਸਥਾਨਾਂ 'ਤੇ ਹੀ ਰਹਿਣਾ ਚਾਹੀਦਾ ਹੈ, ਕਿਉਂਕਿ ਕਬਜ਼ੇ ਅਜਿਹੇ ਨਾਜਾਇਜ਼ ਕਬਜ਼ਿਆਂ ਕਾਰਨ ਟ੍ਰੈਫਿਕ ਰੁਕਾਵਟ ਪੈਦਾ ਹੁੰਦੀ ਹੈ।

ਐਸ.ਡੀ.ਐਮ ਅਵਿਕੇਸ਼ ਗੁਪਤਾ ਅਤੇ ਸਥਾਨਕ ਟ੍ਰੈਫਿਕ ਪੁਲਿਸ ਨੇ ਡਿਪਟੀ ਕਮਿਸ਼ਨਰ ਨੂੰ ਪਛਾਣੇ ਗਏ ਮੁੱਦਿਆਂ ਨੂੰ ਹੱਲ ਕਰਨ ਲਈ ਤੇਜ਼ੀ ਨਾਲ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਸੜਕਾਂ ਨੂੰ ਸਾਫ਼ ਕਰਨ ਅਤੇ ਰਾਜਪੁਰਾ ਸ਼ਹਿਰ, ਜਿਸ ਵਿੱਚ ਟਾਹਲੀ ਵਾਲਾ ਚੌਕ ਅਤੇ ਭਾਰੀ ਰਸ਼ ਵਾਲੇ ਗਗਨ ਚੌਕ ਵਿਖੇ ਆਵਾਜਾਈ ਦਿੱਕਤਾਂ ਨੂੰ ਘਟਾਉਣ ਲਈ ਹੱਲ ਕਰਨ ਲਈ ਠੋਸ ਕਦਮ ਚੁੱਕਣ ਦੀ ਵਚਨਬੱਧਤਾ ਪ੍ਰਗਟਾਈ। ਡਿਪਟੀ ਕਮਿਸ਼ਨਰ ਨੇ ਟ੍ਰੈਫਿਕ ਸਥਿਤੀਆਂ ਨੂੰ ਬਿਹਤਰ ਬਣਾਉਣ ਲਈ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਸਾਰੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਤਾਲਮੇਲ ਨਾਲ ਕੰਮ ਕਰਨ ਦੀ ਤਕੀਦ ਕੀਤੀ ਤਾਂ ਜੋ ਸ਼ਹਿਰ ਵਸਨੀਕਾਂ ਅਤੇ ਰਾਹਗੀਰਾਂ ਲਈ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਇਆ ਜਾ ਸਕੇ।

# ਕੋਰੋਨਾ ਦੀ ਚਿਤਾਵਨੀ ਦੇਣ ਵਾਲੇ ਜੋਤਿਸ਼ੀ ਨੇ 2025 ਲਈ ਕਰ'ਤੀ ਸਭ ਤੋਂ ਡਰਾ ਦੇਣ ਵਾਲੀ ਭਵਿੱਖਬਾਣੀ

**ਲੰਡਨ, 12 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਕੋਲਸ ਔਜਲਾ ਲੰਡਨ ਦੇ ਮਸ਼ਹੂਰ ਹਿਪਨੋਥੈਰੇਪਿਸਟ ਅਤੇ ਪ੍ਰੈਡਿਕਟਰ ਹਨ ਜਿਨ੍ਹਾਂ ਨੇ ਹੁਣ ਤਕ ਕਈ ਸਹੀ ਭਵਿੱਖਬਾਣੀਆਂ ਕੀਤੀਆਂ ਹਨ। ਉਸ ਨੇ ਕੋਵਿਡ 19 ਬਾਰੇ ਵੀ ਭਵਿੱਖਬਾਣੀ ਕੀਤੀ ਸੀ ਜਿਸ ਤੋਂ ਬਾਅਦ ਉਹ ਸੁਰਖ਼ੀਆਂ 'ਚ ਆ ਗਿਆ ਸੀ। ਨਿਕੋਲਸ ਦਾ ਦਾਅਵਾ ਹੈ ਕਿ ਉਸ ਨੇ 2018 'ਚ ਕੋਵਿਡ-19 ਮਹਾਂਮਾਰੀ ਦੀ ਭਵਿੱਖਬਾਣੀ ਕੀਤੀ ਸੀ ਜੋ ਬਾਅਦ 'ਚ ਸੱਚ ਸਾਬਿਤ ਹੋਈ। ਹੁਣ ਉਸ ਨੇ 2025 ਲਈ ਜੋ ਭਵਿੱਖਬਾਣੀਆਂ ਕੀਤੀਆਂ ਹਨ ਉਹ ਚਿੰਤਾ ਅਤੇ ਉਤਸੁਕਤਾ ਦਾ ਮਿਸ਼ਰਣ ਹਨ। ਆਓ ਜਾਣਦੇ ਹਾਂ ਨਿਕੋਲਸ ਇਸ ਸਾਲ ਬਾਰੇ ਕੀ ਕਹਿ ਰਹੇ ਹਨ।



ਨਿਕੋਲਸ ਔਜਲਾ ਦਾ ਮੰਨਣਾ ਹੈ ਕਿ ਸਾਲ 2025 ਵਿਸ਼ਵ ਪੱਧਰ 'ਤੇ ਵੱਡੀ ਉਥਲ-ਪੁੱਥਲ ਲੈ ਕੇ ਆਵੇਗਾ। ਉਹ ਦਾਅਵਾ ਕਰਦਾ ਹੈ ਕਿ ਇਸ ਸਾਲ ਤੀਜਾ ਵਿਸ਼ਵ ਯੁੱਧ ਛਿੜ ਸਕਦਾ ਹੈ ਜਿੱਥੇ ਧਾਰਮਿਕ ਅਤੇ ਰਾਸ਼ਟਰਵਾਦੀ ਹਿੰਸਾ ਆਪਣੇ ਸਿਖਰ 'ਤੇ ਹੋਵੇਗੀ। ਲੋਕ ਇੱਕ- ਦੂਜੇ ਉੱਤੇ ਹਮਲਾ ਕਰਨਗੇ ਤੇ ਸੰਸਾਰ ਭਰ 'ਚ ਅਸਥਿਰਤਾ ਵੱਧ ਜਾਵੇਗੀ।

2025 ਨੂੰ ਵਿਗਿਆਨ ਦੇ ਖੇਤਰ 'ਚ ਇੱਕ ਵੱਡੀ ਛਾਲ ਦਾ ਸਾਲ ਵੀ ਮੰਨਿਆ ਜਾਵੇਗਾ। ਨਿਕੋਲਸ ਦਾ ਕਹਿਣਾ ਹੈ ਕਿ ਇਸ ਸਾਲ ਲੈਬ 'ਚ ਮਨੁੱਖੀ ਅੰਗ ਬਣਾਉਣ 'ਚ ਸਫ਼ਲਤਾ ਮਿਲੇਗੀ, ਪਰ ਕੁਦਰਤੀ ਆਫ਼ਤਾਂ ਇਸ ਤਰੱਕੀ ਨੂੰ ਢਾਹ ਲਗਾ ਸਕਦੀਆਂ ਹਨ। ਹੜ੍ਹਾਂ ਅਤੇ ਸਮੁੰਦਰ ਦੇ ਵਧਦੇ ਪੱਧਰ ਕਾਰਨ ਲੱਖਾਂ ਲੋਕ ਬੇਘਰ ਹੋ ਸਕਦੇ ਹਨ।

ਨਿਕੋਲਸ ਦੇ ਅਨੁਸਾਰ, ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦਾ ਸਿਆਸੀ ਕਰੀਅਰ 2025 'ਚ ਢਹਿ ਜਾਵੇਗਾ।

ਇਸ ਦੇ ਨਾਲ ਹੀ ਪ੍ਰਿੰਸ ਵਿਲੀਅਮ ਅਤੇ ਪ੍ਰਿੰਸ ਹੈਰੀ ਵਿਚਾਲੇ ਸੁਲ੍ਹਾ ਹੋਣ ਦੀ ਸੰਭਾਵਨਾ ਹੈ। ਮਹਿੰਗਾਈ ਆਪਣੇ ਸਿਖਰ 'ਤੇ ਹੋਵੇਗੀ ਜਿਸ ਦਾ ਵਿਸ਼ਵ ਅਰਥਚਾਰੇ 'ਤੇ ਡੂੰਘਾ ਅਸਰ ਪਵੇਗਾ।

ਨਿਕੋਲਸ ਦਾ ਕਹਿਣਾ ਹੈ ਕਿ ਉਸ ਨੇ 17 ਸਾਲ ਦੀ ਉਮਰ 'ਚ ਇੱਕ ਦੁਰਘਟਨਾ ਤੋਂ ਬਾਅਦ ਕੋਮਾ 'ਚ ਰਹਿੰਦੇ ਹੋਏ ਆਪਣੇ ਪਿਛਲੇ ਜੀਵਨ ਦੇ ਤਜਰਬਿਆਂ ਦਾ ਅਨੁਭਵ ਕੀਤਾ। ਇਨ੍ਹਾਂ ਸੁਪਨਿਆਂ ਨੇ ਉਸ ਨੂੰ ਭਵਿੱਖ ਦੇਖਣ ਦੀ ਸਮਰੱਥਾ ਦਿੱਤੀ। ਉਹ ਦਾਅਵਾ ਕਰਦਾ ਹੈ ਕਿ ਬਲੈਕ ਲਾਈਵਜ਼ ਮੈਟਰ ਅੰਦੋਲਨ, ਨੋਟਰ ਡੈਮ ਕੈਥੀਡ੍ਰਲ ਅੱਗ, ਅਤੇ ਆਰਟੀਫ਼ੀਸ਼ਲ ਇੰਟੈਲੀਜੈਂਸ 'ਚ ਤਰੱਕੀ ਵਰਗੀਆਂ ਘਟਨਾਵਾਂ ਦੀ ਪਹਿਲਾਂ ਹੀ ਭਵਿੱਖਬਾਣੀ ਕੀਤੀ ਜਾ ਚੁੱਕੀ ਹੈ। ਹੁਣ ਸਮਾਂ ਹੀ ਦੱਸੇਗਾ ਕਿ 2025 ਲਈ ਉਸ ਦੀਆਂ ਭਵਿੱਖਬਾਣੀਆਂ ਕਿੰਨੀਆਂ ਸਹੀ ਸਾਬਤ ਹੁੰਦੀਆਂ ਹਨ, ਪਰ ਉਸ ਦੀਆਂ ਭਵਿੱਖਬਾਣੀਆਂ ਨੇ ਇੱਕ ਵਾਰ ਫ਼ਿਰ ਲੋਕਾਂ ਦੀ ਉਤਸੁੱਕਤਾ ਅਤੇ ਚਿੰਤਾ ਵਧਾ ਦਿੱਤੀ ਹੈ।

# ਕਹਾਣੀ

## ਇਕ ਹੋਰ ਦਿਨ

ਪ੍ਰੋ. ਜਤਿੰਦਰਬੀਰ ਨੰਦਾ

ਅੱਜ ਪਤਾ ਨਹੀਂ ਪ੍ਰੋਫੈਸਰ ਸ਼ਾਦੀ ਲਾਲ ਕਿਉਂ ਉਚਾਟ ਹਨ ? ਅੱਜ ਤਾਂ ਐਤਵਾਰ ਹੈ, ਇਸ ਦਿਨ ਪਰਿਵਾਰ ਦਾ ਹਰ ਮੈਂਬਰ ਆਪਣੀ ਮਰਜ਼ੀ ਨਾਲ ਉੱਠਦਾ ਹੈ। ਵੱਡਾ ਬੇਟਾ ਹਰੀਸ਼ ਆਪਣੀ ਗਰਭਵਤੀ ਪਤਨੀ ਨੂੰ ਲੈ ਕੇ ਸਵੇਰ ਦੀ ਸੈਰ ਲਈ ਚਲਾ ਜਾਂਦਾ ਹੈ। ਪੰਜ ਸਾਲ ਪਹਿਲਾਂ ਉਸ ਦੀ ਸ਼ਾਦੀ ਗੱਜ ਵੱਜ ਕੇ ਕੀਤੀ ਸੀ ਪਰ ਅਜੇ ਤੱਕ ਔਲਾਦ ਨਹੀਂ ਸੀ ਹੋਈ, ਹੁਣ ਉਮੀਦ ਬਣੀ ਹੈ। ਵਿਚਕਾਰਲਾ ਬੇਟਾ ਰਮੇਸ਼ ਤੇ ਉਸ ਦੀ ਪਤਨੀ ਰੀਟਾ ਅਜੇ ਆਪਣੇ ਕਮਰੇ ਵਿਚ ਸੁੱਤੇ ਹੋਏ ਹਨ, ਉਹ ਕਾਫੀ ਦੇਰ ਤੱਕ ਸ਼ਨੀਵਾਰ ਦੀ ਸ਼ਾਮ ਨੂੰ ਸ਼ੁਰੂ ਕਰਕੇ ਦੇਰ ਰਾਤ ਤੱਕ ਟੀ. ਵੀ. 'ਤੇ ਫਿਲਮ ਦੇਖਣ ਦੇ ਸ਼ੌਕੀਨ ਹਨ। ਦੋਵੇਂ ਨੌਕਰੀ ਕਰਦੇ ਹਨ। ਪ੍ਰੋ. ਸ਼ਾਦੀ ਲਾਲ ਦੀ ਪਤਨੀ ਭਾਗਵੰਤੀ ਘਰ ਤੋਂ ਬਾਹਰ ਪਾਰਕ ਤੋਂ ਚੰਮੇਲੀ ਦੇ ਫੁੱਲ ਇਕੱਠੇ ਕਰਕੇ ਸਵੇਰੇ ਮੰਦਰ ਗਈ ਹੋਈ ਹੈ। ਪਰਿਵਾਰ ਦੇ ਸਾਰੇ ਮੈਂਬਰ ਆਪੋ ਆਪਣੇ ਮਸਤ ਐਤਵਾਰ ਨੂੰ ਬਿਤਾ ਰਹੇ ਹਨ ਪਰ ਪ੍ਰੋਫੈਸਰ ਸ਼ਾਦੀ ਲਾਲ ਨੂੰ ਇਉਂ ਲੱਗਦਾ ਹੈ ਕਿ ਜਿਵੇਂ ਕੋਈ ਅੱਚਵੀ ਜਿਹੀ ਉਨ੍ਹਾਂ ਨੂੰ ਲੱਗੀ ਹੋਈ ਹੈ। ਇਸ ਤੋਂ ਬਚਣ ਲਈ ਉਹ ਐਤਵਾਰ ਦੀਆਂ ਅਖਬਾਰਾਂ ਲੈ ਕੇ ਪੜ੍ਹਨ ਲੱਗ ਜਾਂਦੇ ਹਨ। ਉਨ੍ਹਾਂ ਦੀ ਪਤਨੀ ਮੰਦਰ ਤੋਂ ਮੁੜ ਆਈ ਹੈ ਤੇ ਨਾਲ ਅਖਬਾਰ ਪੜ੍ਹਦੇ ਹੋਏ ਪਤਨੀ ਨਾਲ ਗੱਲਾਂ ਕਰੀ ਜਾਂਦੀ ਹਨ।

"ਸੁਨੈਨਾ ਨਾਲ ਤੇਰੀ ਅੱਜ ਕੋਈ ਮੋਬਾਇਲ 'ਤੇ ਗੱਲਬਾਤ ਹੋਈ ਹੈ ?" ਪ੍ਰੋ. ਸ਼ਾਦੀ ਲਾਲ ਆਪਣੀ ਬੇਟੀ ਬਾਰੇ ਫਿਕਰਮੰਦ ਹਨ, ਜਿਹੜੀ ਪੰਜਾਬ ਤੋਂ ਬਾਹਰ ਬਹੁਤ ਦੂਰ ਪੂਨੇ ਵਿਆਹੀ ਹੋਈ ਹੈ। "ਹਾਂ, ਮੰਦਰ ਜਾਂਦੇ ਸਮੇਂ ਉਸ ਨਾਲ ਗੱਲਬਾਤ ਹੋਈ ਸੀ। ਕਹਿੰਦੀ ਸੀ ਸਾਰੇ ਟੈਸਟ ਹੋ ਗਏ ਹਨ ਪਰ ਰਿਪੋਰਟ ਅੱਜ ਸ਼ਾਮ ਨੂੰ ਮਿਲੇਗੀ।" "ਚੰਗਾ ! ਸ਼ਾਮ ਨੂੰ ਫਿਰ ਫੋਨ ਕਰੀਂ ਤੇ ਮੈਨੂੰ ਰਿਪੋਰਟ ਬਾਰੇ ਦੱਸੀਂ।" "ਠੀਕ ਹੈ ਜੀ ! ਪਰ ਅੱਜ ਅਸੀਂ ਦੁਪਹਿਰ ਵੇਲੇ ਮੈਂ ਕਿੱਟੀ ਦੀ ਇਕ ਸਹੇਲੀ ਦੀ ਲੜਕੀ ਦੀ ਰਿੰਗ ਪਹਿਨਣ ਦੇ ਸਮਾਗਮ 'ਤੇ ਜਾਣਾ ਹੈ ਤੇ ਖਾਣਾ ਵੀ ਉਥੇ ਖਾਣਾ ਹੈ।"

ਅਖਬਾਰਾਂ ਪੜ੍ਹਦੇ ਹੋਏ ਉਨ੍ਹਾਂ ਦਾ ਧਿਆਨ ਕੁਝ ਉੱਖੜ-ਉੱਖੜ ਜਾਂਦਾ ਹੈ, ਉਹ ਮਹਿਸੂਸ ਕਰਦੇ ਹਨ ਕਿ ਖਬਰਾਂ ਤਾਂ ਪਹਿਲੇ ਹੀ ਉਨ੍ਹਾਂ ਦੀਆਂ ਕੁਝ ਸੁਣੀਆਂ ਹੋਈਆਂ ਹਨ। ਘਰ ਵਿਚ ਲੱਗੇ ਕੇਬਲ ਟੀ. ਵੀ. ਤੋਂ ਖਬਰਾਂ ਦੇ ਚੈਨਲ ਹਰ ਸਮੇਂ ਖਬਰਾਂ ਸੁਣਾਉਂਦੇ ਰਹਿੰਦੇ ਹਨ ਤੇ ਉਨ੍ਹਾਂ ਨੂੰ ਖਬਰਾਂ ਸੁਣਨ ਨੂੰ ਮਿਲਦੀਆਂ ਹਨ। ਅਖਬਾਰਾਂ ਵਿਚ ਲੋੜ ਤੋਂ ਵੱਧ ਵਰਤੀ ਗਈ ਇਸ਼ਤਿਹਾਰਾਂ ਦੀ ਵਰਤੋਂ ਨਾਲ ਸਗੋਂ ਉਨ੍ਹਾਂ ਵਿਚ ਖਲਾਅ ਹੋਰ ਵੱਧਣਾ ਸ਼ੁਰੂ ਹੋ ਜਾਂਦਾ ਹੈ। ਉਹ ਤਾਂ ਖਬਰਾਂ ਨਾਲੋਂ ਐਤਵਾਰ ਵਾਲੇ ਦਿਨ ਮੈਗਜ਼ੀਨ ਸੈਕਸ਼ਨ ਵਿਚ ਫੀਚਰ ਆਰਟੀਕਲ ਵਧੇਰੇ ਪਸੰਦ ਕਰਦੇ ਹਨ ਤੇ ਵਿਹਲੇ ਸਮੇਂ ਫਿਰ ਦੁਬਾਰਾ ਅਖਬਾਰਾਂ ਦੀਆਂ ਖਬਰਾਂ ਤੋਂ ਬਾਅਦ ਉਨ੍ਹਾਂ ਨੂੰ ਪੜ੍ਹਦੇ ਹਨ।

ਉਹ ਆਪਣੇ ਦਿਲ ਦੇ ਹਰ ਕੋਨੇ ਵਿਚੋਂ ਆਪਣੀ ਅੱਚਵੀ ਉਦਾਸੀ ਦਾ ਕਾਰਨ ਲੱਭਣ ਦਾ ਯਤਨ ਕਰਦੇ ਹਨ ਪਰ ਉਨ੍ਹਾਂ ਨੂੰ ਆਪਣੀ ਉਦਾਸੀ ਦਾ ਕਾਰਨ ਨਹੀਂ ਲੱਭ ਰਿਹਾ। ਉਨ੍ਹਾਂ ਦੀ ਪਤਨੀ ਭਾਗਵੰਤੀ ਮੰਦਰ ਤੋਂ ਆ ਕੇ ਪਹਿਲਾਂ ਰਸੋਈ ਵਿਚ ਜਾ ਕੇ ਪ੍ਰੋ. ਸ਼ਾਦੀ ਲਾਲ ਲਈ ਨਾਸ਼ਤਾ ਤਿਆਰ ਕਰਦੀ ਹੈ ਤੇ ਨਾਸ਼ਤਾ ਕਰਾਉਂਦੀ ਹੈ। ਘਰ ਵਿਚ ਭਾਵੇਂ ਦੋ ਨੂੰਹਾਂ ਵੀ ਹਨ ਪਰ ਪ੍ਰੋਫੈਸਰ ਸਾਹਿਬ ਨੂੰ ਆਪਣੀ ਪਤਨੀ ਦੇ ਹੱਥੋਂ ਹੀ ਨਾਸ਼ਤਾ ਕਰਨਾ ਵਧੇਰੇ ਪਸੰਦ ਹੈ। ਉਨ੍ਹਾਂ ਦੀ ਪਤਨੀ ਨੂੰ ਵੀ ਉਨ੍ਹਾਂ ਦੀ ਇਸ ਕਮਜ਼ੋਰੀ ਦਾ ਪਤਾ ਹੈ, ਦੋਵੇਂ ਇਸ ਬਾਰੇ ਕੋਈ ਗੱਲਬਾਤ ਵੀ ਨਹੀਂ ਕਰਦੇ ਪਰ ਭਾਗਵੰਤੀ ਨੂੰ ਪਤਾ ਹੈ ਕਿ ਉਸਦੇ ਪਤੀ ਨਾਸ਼ਤੇ ਲਈ ਭੁੱਖੇ ਭਾਣੇ ਹੀ ਬੈਠੇ ਰਹਿਣਗੇ ਤੇ ਉਡੀਕਦੇ ਰਹਿਣਗੇ ਤੇ ਨਾਸ਼ਤਾ ਉਸ ਦੇ ਹੱਥੋਂ ਹੀ ਖਾਣਗੇ। ਨੂੰਹਾਂ ਵੀ ਇਹ ਗੱਲ ਜਾਣਦੀਆਂ ਹਨ ਤੇ ਕੇਵਲ ਮੁਸਕਰਾ ਦਿੰਦੀਆਂ ਹਨ। ਘਰ ਵਿਚ ਇਸ ਬਾਰੇ ਕਦੇ ਕਲੇਸ਼ ਨਹੀਂ ਪੈਂਦਾ। ਸ਼ਾਮ ਨੂੰ ਪਤਨੀ ਨਾਲ ਰਿੰਗ ਦੀਆਂ ਰਸਮਾਂ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਦਾ ਮਨ ਨਹੀਂ ਹੈ। ਉਨ੍ਹਾਂ ਦੀ ਬੇਚੈਨੀ ਹੋਰ ਵੱਧ ਜਾਂਦੀ ਹੈ। ਉਹ ਮਹਿਸੂਸ ਕਰਦੇ ਹਨ ਕਿ ਇਕ ਐਤਵਾਰ ਨੂੰ ਬਿਲਕੁਲ ਖਾਲੀ ਹੋਣਾ ਚਾਹੀਦਾ ਹੈ, ਜਿਸ ਤਰ੍ਹਾਂ ਉਹ ਚਾਹੁਣ, ਉਹ ਆਪਣੀ ਮਰਜ਼ੀ ਨਾਲ ਬਿਤਾ ਸਕਣ। ਉਹ ਅਖਬਾਰਾਂ ਇਕੱਠੀਆਂ ਕਰਕੇ ਉਪਰ ਚੁਬਾਰੇ 'ਤੇ ਕੋਈ ਧੁੱਪ ਦਾ ਨਿੱਘ ਮਾਨਣ ਲਈ ਸੋਚਦੇ ਹਨ। ਚਲੋ ਅਜੇ ਤਾਂ ਉਨ੍ਹਾਂ ਕੋਲ ਤਿੰਨ-ਚਾਰ ਘੰਟੇ ਬਿਤਾਉਣ ਲਈ ਆਪਣੇ ਕੋਲ ਹਨ। ਆਪਣੇ ਚੁਬਾਰੇ 'ਤੇ ਜਾਣ ਲਈ ਉਹ ਅਜੇ ਪਹਿਲੀ ਪੌੜੀ ਚੜ੍ਹਦੇ ਹਨ ਕਿ ਹਨ ਕਿ ਹੇਠਾਂ ਬੈਠਕ ਵਿਚ ਟੈਲੀਫੋਨ ਦੀ ਘੰਟੀ ਵੱਜਣੀ ਸ਼ੁਰੂ ਹੋ ਜਾਂਦੀ ਹੈ। ਪਹਿਲੇ ਤਾਂ ਉਹ ਸੋਚਦੇ ਹਨ ਕਿ ਆਪੋ ਭਾਗਵੰਤੀ ਚੁੱਕ ਕੇ ਗੱਲ ਕਰ ਲਵੇਗੀ ਪਰ ਫਿਰ ਸੋਚਦੇ ਹਨ ਕਿ ਕਈ ਵਾਰ ਉਨ੍ਹਾਂ ਦੇ ਕਿਸੇ ਸਾਥੀ ਦਾ ਹੀ ਜ਼ਰੂਰੀ ਫੋਨ ਹੁੰਦਾ ਹੈ। ਦੁਬਾਰਾ ਪੌੜੀਆਂ ਉੱਤਰ ਕੇ ਆਉਣਾ ਪਵੇਗਾ। ਉਹ ਵਾਪਸ ਪਰਤ ਕੇ ਫੋਨ ਸੁਣਨ ਲੱਗਦੇ ਹਨ।

"ਮੈਂ ਪ੍ਰਭਾਕਰ ਹਿੰਦੀ ਸਾਹਿਤ ਪ੍ਰੀਸ਼ਦ ਦਾ ਸਕੱਤਰ ਬੋਲ ਰਿਹਾ ਹਾਂ। ਓ ਜੀ ! ਆਪਣੇ ਸਾਹਿਤਕਾਰ ਮਿੱਤਰ ਬ੍ਰਿਜ ਲਾਲ ਜੀ ਚਲਾਣਾ ਕਰ ਗਏ ਹਨ, ਉਨ੍ਹਾਂ ਦੀ ਕਿਰਿਆ ਦੀ ਰਸਮ ਦੁਪਹਿਰ ਤੋਂ ਬਾਅਦ ਹੋਣੀ ਹੈ। ਤੁਹਾਨੂੰ ਨਿਵੇਦਨ ਹੈ ਕਿ ਤੁਸੀਂ ਜ਼ਰੂਰ ਉਥੇ ਪਹੁੰਚਣਾ ਹੈ।"



ਪ੍ਰੋਫੈਸਰ ਸ਼ਾਦੀ ਲਾਲ ਫੋਨ ਸੁਣ ਕੇ ਰੱਖ ਦਿੰਦੇ ਹਨ। ਹੁਣ ਪਹਿਲਾਂ ਵਾਲੀ ਜਿਹੜੀ ਅਚਵੀ, ਬੇਚੈਨੀ, ਉਦਾਸੀ ਸੀ, ਉਸ ਵਿਚ ਹੋਰ ਵਾਧਾ ਹੋ ਜਾਂਦਾ ਹੈ। ਚੁਬਾਰੇ ਪਹੁੰਚ ਕੇ ਭਾਵੇਂ ਉਹ ਦੁਬਾਰਾ ਅਖਬਾਰਾਂ ਵਿਚਲੇ ਫੀਚਰ ਆਰਟੀਕਲ ਤੇ ਕਹਾਣੀਆਂ ਪੜ੍ਹਨ ਲੱਗ ਜਾਂਦੇ ਹਨ ਪਰ ਉਨ੍ਹਾਂ ਮਨ ਪੂਰੀ ਤਰ੍ਹਾਂ ਇਨ੍ਹਾਂ ਨੂੰ ਪੜ੍ਹਨ 'ਤੇ ਨਹੀਂ ਲੱਗ ਰਿਹਾ। ਇਸ ਸਮੇਂ ਉਨ੍ਹਾਂ ਨੂੰ ਆਪਣੇ ਸਵਰਗਵਾਸੀ ਸਾਹਿਤਕਾਰ ਮਿੱਤਰ ਬ੍ਰਿਜ ਲਾਲ ਯਾਦ ਆ ਰਹੇ ਹਨ। ਬ੍ਰਿਜ ਲਾਲ ਨੱਬੇ ਸਾਲ ਦੀ ਲੰਮੀ ਉਮਰ ਭੋਗ ਕੇ ਸਵਰਗਵਾਸੀ ਹੋਏ ਸਨ। ਉਹ ਜਦੋਂ ਕਾਲਜ ਵਿਚ ਦਾਖਲ ਹੋਏ ਤਾਂ ਬ੍ਰਿਜ ਲਾਲ ਪਹਿਲਾਂ ਹੀ ਉਥੇ ਪ੍ਰੋਫੈਸਰ ਸਨ। ਪ੍ਰੋਫੈਸਰ ਸ਼ਾਦੀ ਲਾਲ ਪਹਿਲਾਂ ਉਨ੍ਹਾਂ ਤੋਂ ਪੜ੍ਹੇ, ਫਿਰ ਨੌਕਰੀ ਮਿਲਣ 'ਤੇ ਤਬਦੀਲੀ ਕਰਾ ਕੇ ਆਪਣੇ ਕਾਲਜ ਵਿਚ ਹੀ ਆ ਗਏ। ਇਸ ਤਰ੍ਹਾਂ ਉਨ੍ਹਾਂ ਦੋਵਾਂ ਦੀ ਨਿਕਟਤਾ ਵਧੇਰੇ ਸੰਘਣੀ ਹੋ ਗਈ। ਦੋਵਾਂ ਨੇ ਰਲ ਕੇ ਕਈ ਖੋਜ ਕਾਰਜ ਕੀਤੇ ਤੇ ਜਦੋਂ ਵੀ ਉਨ੍ਹਾਂ ਦੀ ਕੋਈ ਕਿਤਾਬ ਛਪਦੀ ਤਾਂ ਪਹਿਲੀ ਕਾਪੀ ਇਕ ਦੂਸਰੇ ਨੂੰ ਦਿੰਦੇ। ਉਹ ਸੋਚਦੇ, ਉਹ ਪਹਿਲਾਂ ਰਿੰਗ ਪਾਰਟੀ ਭੁਗਤਾ ਕੇ ਫਿਰ ਕਿਰਿਆ ਦੀਆਂ ਰਸਮਾਂ ਵਿਚ ਸ਼ਰੀਕ ਹੋਣਗੇ। ਉਹ ਦੁਬਾਰਾ ਅਖਬਾਰਾਂ ਪੜ੍ਹਨੀਆਂ ਸ਼ੁਰੂ ਹੀ ਕਰਦੇ ਹਨ ਕਿ ਨਾਲ ਦੀ ਦੂਸਰੀ ਕਾਲੋਨੀ ਦੇ ਪਾਰਕ ਵਿਚ ਇਕ ਸੰਤ ਆਪਣਾ ਪ੍ਰਵਚਨ ਸ਼ੁਰੂ ਕਰ ਦਿੰਦੇ ਹਨ। ਪਹਿਲਾਂ ਤਾਂ ਇਹ ਆਵਾਜ਼ ਮੱਧਮ ਹੁੰਦੀ ਹੈ ਪਰ ਕਿਸੇ ਨੇ ਲਾਊਡ ਸਪੀਕਰ ਦਾ ਮੂੰਹ ਉਨ੍ਹਾਂ ਦੀ ਘਟੀ ਆਬਾਦੀ ਵਾਲੇ ਘਰਾਂ ਵੱਲ ਕਰ ਦਿੱਤਾ ਹੈ ਤੇ ਇਹ ਆਵਾਜ਼ ਕੰਨਾਂ ਨੂੰ ਪਾੜਨ ਵਾਲੀ ਹੋ ਜਾਂਦੀ ਹੈ। ਪ੍ਰੋ. ਸ਼ਾਦੀ ਲਾਲ ਅਜਿਹਾ ਹੋਣ 'ਤੇ ਛੱਟਪਟਾਂ ਜਾਂਦੇ ਹਨ, ਉਹ ਕਰ ਤਾਂ ਕੁਝ ਨਹੀਂ ਸਕਦੇ ਪਰ ਆਪਣੇ ਆਪ ਨੂੰ ਕੋਸਣ ਤੋਂ ਬਿਨਾਂ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਰਹਿੰਦਾ। ਇਸ ਬੇਆਰਾਮੀ ਵਿਚ ਉਹ ਆਪਣੀ ਪਤਨੀ ਨੂੰ ਰਿੰਗ ਸੈਰੇਮਨੀ 'ਤੇ ਜਾਣ ਲਈ ਕਹਿੰਦੇ ਹਨ। ਉਹ ਸੋਚਦੇ ਹਨ ਕਿ ਜੇ ਆਵਾਜ਼ਾਂ ਹੀ ਸੁਣਨੀਆਂ ਹਨ ਤਾਂ ਇਕ ਫਰਜ਼ ਵੀ ਨਾਲ ਪੂਰਾ ਹੋ ਜਾਵੇਗਾ।

ਉਹ ਸੋਚਦੇ ਹਨ ਕਿ ਸਾਰੀਆਂ ਘਟਨਾਵਾਂ ਜਾਂ ਸਮਾਜਿਕ ਰਸਮਾਂ, ਜਿਨ੍ਹਾਂ ਵਿਚੋਂ ਉਨ੍ਹਾਂ ਨੂੰ ਲੰਘਣਾ ਪੈ ਰਿਹਾ ਹੈ, ਇਨ੍ਹਾਂ ਵਿਚ ਜ਼ਿੰਦਗੀ ਦੀ ਏਕਤਾ ਤਾਂ ਕਿਤੇ ਗੁੰਮ ਹੋਈ ਲੱਗਦੀ ਹੈ। ਉਹ ਇਹ ਤਾਂ ਸਵੀਕਾਰ ਕਰਦੇ ਹਨ ਕਿ ਜ਼ਿੰਦਗੀ ਦੁੱਖ ਅਤੇ ਸੁੱਖ ਦੀਆਂ ਘਟਨਾਵਾਂ ਦਾ ਤਾਣਾ ਪੇਟਾ ਹੈ ਜਾਂ ਇਨ੍ਹਾਂ ਨਾਲ ਧੁੱਪ-ਛਾਂ ਨਾਲ ਵੀ ਤੁਲਨਾ ਦਿੱਤੀ ਜਾਂਦੀ ਹੈ ਪਰ ਇਨ੍ਹਾਂ ਸਾਰੀਆਂ ਗੱਲਾਂ ਨਾਲ ਜ਼ਿੰਦਗੀ ਦੀ ਏਕਤਾ ਕਿਥੇ ਲੱਭਦੀ ਹੈ, ਜਿਹੜੀ ਅੱਚਵੀ ਬੇਵੱਸੀ ਅੱਜ ਐਤਵਾਰ ਨੂੰ ਉਨ੍ਹਾਂ ਦੇ ਮਨ ਨੂੰ ਘੇਰੀ ਬੈਠੀ ਹੈ, ਉਸ ਤੋਂ ਉਹ ਕਿਵੇਂ ਮੁਕਤ ਹੋ ਸਕਦੇ ਹਨ। ਇਸ ਸਮੇਂ ਚੁਬਾਰੇ 'ਤੇ ਬੈਠੇ ਆਪਣੇ ਘਰ ਦੇ ਸਾਹਮਣੇ ਪਾਰਕ ਵੱਲ ਉਨ੍ਹਾਂ ਦਾ ਧਿਆਨ ਇਕ ਰੋ ਰਹੀ ਬੱਚੀ ਵੱਲ ਜਾਂਦਾ ਹੈ। ਉਹ ਇਕੱਲੀ ਹੀ ਹੈ ਤੇ ਲੱਗਦਾ ਹੈ ਜਿਵੇਂ ਕਿ ਆਪਣੇ ਮਾਪਿਆਂ ਤੋਂ ਵਿਛੜ ਗਈ ਹੈ। ਉਹ ਬਹੁਤ ਚੁਸਤੀ ਨਾਲ ਘਰ ਤੋਂ ਬਾਹਰ ਆ ਕੇ ਉਸ ਬੱਚੀ ਨੂੰ ਚੁੱਪ ਕਰਾਉਂਦੇ ਹਨ, ਹੌਸਲਾ ਦਿੰਦੇ ਹਨ ਤੇ ਉਸ ਨੂੰ ਆਪਣੀ ਗੋਦ ਵਿਚ ਲੈ ਲੈਂਦੇ ਹਨ।

ਇੰਨੇ ਚਿਰ ਨੂੰ ਉਸ ਬੱਚੀ ਦੇ ਮਾਤਾ ਪਿਤਾ ਵੀ ਲੱਭਦੇ ਹੋਏ ਬੜੀ ਵਿਆਕੁਲਤਾ ਨਾਲ ਉਥੇ ਪਹੁੰਚ ਜਾਂਦੇ ਹਨ ਤੇ ਆਪਣੀ ਬੱਚੀ ਨੂੰ ਲੈ ਲੈਂਦੇ ਹਨ। ਉਨ੍ਹਾਂ ਨੂੰ ਧੰਨਵਾਦ ਲਈ ਸ਼ਬਦ ਨਹੀਂ ਮਿਲ ਰਹੇ। ਜਿਨ੍ਹਾਂ ਨੂੰ ਉਹ ਬੱਚੀ ਸੁਰੱਖਿਅਤ ਮਿਲ ਜਾਂਦੀ ਹੈ। ਪ੍ਰੋ. ਸ਼ਾਦੀ ਲਾਲ ਨੂੰ ਆਪਣੇ ਇਸ ਕਰਮ ਨਾਲ ਕੁਝ ਸੰਤੋਸ਼ ਹੁੰਦਾ ਹੈ। ਉਨ੍ਹਾਂ ਨੂੰ ਇਵੇਂ ਲੱਗਦਾ ਹੈ, ਜਿਹੜਾ ਖਲਾਅ ਪਹਿਲਾਂ ਪੈਦਾ ਹੋਣਾ ਸ਼ੁਰੂ ਹੋਇਆ ਸੀ, ਉਹ ਕੁਝ ਭਰਨਾ ਸ਼ੁਰੂ ਹੋ ਗਿਆ ਹੈ।

ਅੱਜ ਐਤਵਾਰ ਵਾਲੇ ਦਿਨ ਹੀ ਉਨ੍ਹਾਂ ਨੇ ਇਕ ਖੁਸ਼ੀ ਅਤੇ ਇਕ ਗਮੀ ਦੀ ਰਸਮ ਵਿਚ ਸ਼ਰੀਕ ਹੋਣਾ ਹੈ। ਉਹ ਜ਼ਿੰਦਗੀ ਦੀ ਵਿਚਿੱਤਰਤਾ ਗਮੀ ਦੀ ਰਸਮ ਵਿਚ ਸ਼ਰੀਕ ਹੋਣਾ ਹੈ। ਉਹ ਜ਼ਿੰਦਗੀ ਦੀ ਵਿਚਿੱਤਰਤਾ 'ਤੇ ਹੈਰਾਨ ਹੁੰਦੇ ਹਨ ਤੇ ਮਨ ਵਿਚ ਇਕ ਲੜੀ, ਇਕ ਵਹਾਓ, ਇਕ ਨਿਰੰਤਰਤਾ ਬਣਾਉਣ ਦੀ ਸੋਚ ਰਹੇ ਹਨ। ਉਨ੍ਹਾਂ ਨੂੰ ਇਹ ਮਹਿਸੂਸ ਹੁੰਦਾ ਨਿਰੰਤਰਤਾ ਬਣਾਉਣ ਦੀ ਸੋਚ ਰਹੇ ਹਨ। ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਰਸਮਾਂ ਵਿਚ ਉਨ੍ਹਾਂ ਦਾ ਮਨ ਹੀ ਨਹੀਂ ਹੁੰਦਾ।

ਜਦੋਂ ਉਹ ਆਪਣੀ ਪਤਨੀ ਨਾਲ ਸ਼ਹਿਰ ਦੇ ਪ੍ਰਸਿੱਧ ਮੈਰਿਜ ਪੈਲੇਸ 'ਮੇਰੀ ਲੈਂਡ' ਵਿਖੇ ਹਾਲ ਵਿਚ ਪਹੁੰਚਦੇ ਹਨ ਤਾਂ ਹੈਰਾਨ ਰਹਿ ਜਾਂਦੇ ਹਨ ਕਿ ਉਹ ਜਿਨ੍ਹਾਂ ਔਰਤਾਂ ਨੂੰ ਸਦਾ ਅਣਗੌਲਿਆ ਕਰ ਦਿੰਦੇ ਸਨ, ਉਹ ਸਭ ਸਜੀਆਂ ਸੰਵਰੀਆਂ ਹੋਈਆਂ ਤੇ ਮਹਿੰਗੇ ਗਹਿਣੇ ਤੇ ਵਸਤਰਾਂ ਨਾਲ ਲੱਦੀਆਂ ਉਨ੍ਹਾਂ ਨੂੰ ਦਿਸਦੀਆਂ ਹਨ। ਉਹ ਮਹਿਸੂਸ ਕਰਦੇ ਹਨ ਕਿ ਜ਼ਿੰਦਗੀ ਵਿਚ ਬਨਾਵਟ ਇੰਨੀ ਵਧ ਗਈ ਹੈ ਕਿ ਮਨੁੱਖ ਦਾ ਅਸਲੀ ਮੁਹਾਂਦਰਾ ਪਛਾਣਨਾ ਹੀ ਮੁਸ਼ਕਿਲ ਹੋ ਗਿਆ ਹੈ। ਉਹ ਹਾਲ ਦੇ ਇਕ ਕੋਨੇ ਵਿਚ ਖੜ੍ਹੇ ਇਹ ਸਾਰਾ ਜਗਤ ਤਮਾਸ਼ਾ ਵੇਖ ਰਹੇ ਹਨ। ਉਨ੍ਹਾਂ ਦੇ ਮਨ ਵਿਚ ਕਿਸੇ ਕਿਸਮ ਦੀਆਂ ਹੁਲਾਸ ਦੀਆਂ ਭਾਵਨਾਵਾਂ ਜਾਗ੍ਰਿਤ ਨਹੀਂ ਹੋ ਰਹੀਆਂ। ਉਨ੍ਹਾਂ ਦੇ ਦਿਮਾਗ ਵਿਚ ਖਲਾਅ ਆਉਂਦਾ ਹੈ ਕਿ ਇਹ ਖੁਸ਼ੀ ਭਰੇ ਮਾਹੌਲ ਤੋਂ ਬਾਅਦ ਉਨ੍ਹਾਂ ਨੇ ਗਮੀ ਦੀ ਇਕ ਰਸਮ ਵਿਚ ਸ਼ਰੀਕ ਹੋਣਾ ਹੈ। ਖਾਣ ਤੋਂ ਪਹਿਲਾਂ ਸਨੈਕਸ ਨਾਲ ਉਨ੍ਹਾਂ ਦਾ ਪੇਟ ਭਰ ਚੁੱਕਾ ਹੈ। ਉਹ ਆਪਣੀ ਪਤਨੀ ਨੂੰ ਕਹਿੰਦੇ ਹਨ ਕਿ ਉਨ੍ਹਾਂ ਨੇ ਹੁਣ ਜਾਣਾ ਹੈ ਤੇ ਉਹ ਆਪਣੇ ਆਪ ਹੀ ਘਰ ਜਾਣ। ਜਦੋਂ ਉਹ ਕਿਰਿਆ ਦੀ ਰਸਸਮ ਵਾਲੇ ਹਾਲ ਵਿਚ ਪਹੁੰਚਦੇ ਹਨ ਤਾਂ ਕੀ ਦੇਖਦੇ ਹਨ ਕਿ ਇਕ ਪਾਸੇ ਉਨ੍ਹਾਂ ਦੀ ਪਤਨੀ ਬਹੁਤ ਵਿਆਕੁਲਤਾ ਨਾਲ ਪਤੀ ਦੇ ਵਿਛੋੜੇ ਕਾਰਨ ਹੋ ਰਹੀ ਹੈ ਤੇ ਉਸ ਦੇ ਧੀਆਂ ਪੁੱਤਰ ਆਪ ਰੋਂਦੇ ਹੋਏ ਵੀ ਵੀ ਉਸ ਨੂੰ ਧਰਵਾਸ ਦੇ ਰਹੇ ਹਨ। ਉਨ੍ਹਾਂ ਤਾਂ ਕੁਝ ਹੋਰ ਸੋਚਿਆ ਸੀ, ਉਹ ਤਾਂ ਇਸ ਸਮੇਂ ਇੰਨੀ ਲੰਮੀ ਉਮਰ ਭੋਗਣ ਵਾਲੇ ਪੁਰਸ਼ ਦੀ ਕਿਰਿਆ ਦੀ ਰਸਮ ਵਿਚ ਸੰਤੁਸ਼ਟੀ ਦੀ ਭਾਵਨਾ ਦਾ ਹੋਣਾ ਮਹਿਸੂਸ ਕਰਦੇ ਸਨ ਪਰ ਅਜਿਹਾ ਕੁਝ ਵੀ ਨਹੀਂ ਸੀ ਦਿਸ ਰਿਹਾ। ਉਹ ਫਿਰ ਬੇਚੈਨਾ, ਅੱਚਵੀ ਤੇ ਉਦਾਸੀ ਮਹਿਸੂਸ ਕਰਦੇ ਹੋਏ ਸੋਚਣ ਲੱਗ ਪਏ ਕਿ ਜ਼ਿਦਗੀ ਵਿਚ ਅਖਿਰ ਕੀ ਹੈ ? ਜ਼ਿੰਦਗੀ ਇਕ ਖੜੋਤ ਦਾ ਨਾਂ ਹੈ, ਕਿਤੇ ਵੀ ਉਨ੍ਹਾਂ ਨੂੰ ਜ਼ਿੰਦਗੀ ਵਿਚ ਵਹਾਓ ਤੇ ਨਿਰੰਤਰਤਾ ਨਜ਼ਰ ਆਉਂਦੀ ਨਹੀਂ ਦਿਸ ਰਹੀ ਸੀ। ਜ਼ਿੰਦਗੀ ਦੀ ਵਿਆਰਥਤਾ ਬਾਰੇ ਸੋਚਦੇ ਹੋਏ ਉਹ ਘੋਰ ਉਦਾਸੀ ਵਿਚ ਘਿਰ ਜਾਂਦੇ ਹਨ। ਐਤਵਾਰ ਦਾ ਦਿਨ ਤਾਂ ਸਦਾ ਉਹ ਆਪਣੇ ਲਈ ਹੀ ਰਾਖਵਾਂ ਸਮਝਦੇ ਸਨ, ਆਰਾਮ ਅਤੇ ਮਰਜ਼ੀ ਨਾਲ ਪੜ੍ਹਦੇ ਲਿਖਦੇ ਸਨ ਪਰ ਅੱਜ ਸਵੇਰ ਤੋਂ ਹੀ ਅਜਿਹਾ ਅਰਾਮ ਉਨ੍ਹਾਂ ਨੂੰ ਨਹੀਂ ਸੀ ਮਿਲ ਰਿਹਾ। ਇਸ ਮਾਨਸਿਕ ਸਥਿਤੀ ਵਿਚ ਉਹ ਘਰ ਪਹੁੰਚੇ ਤੇ ਚੁੱਪਚਾਪ ਆਪਣੇ ਆਰਾਮ ਕਮਰੇ ਵਿਚ ਜਾ ਕੇ ਲੇਟ ਗਏ। ਸ਼ਾਮ ਨੂੰ ਕੁਝ ਸਮਾਂ ਨੀਂਦ ਲੈਣੀ ਉਨ੍ਹਾਂ ਦਾ ਨਿਯਮ ਸੀ ਪਰ ਅੱਜ ਉਨ੍ਹਾਂ ਨੂੰ ਨੀਂਦ ਵੀ ਨਹੀਂ ਸੀ ਆ ਰਹੀ।

ਭਾਗਵੰਤੀ ਨੇ ਕੁਝ ਸਮੇਂ ਬਾਅਦ ਉਨ੍ਹਾਂ ਦਾ ਕੁੰਡਾ ਖੜਕਾਇਆ ਤੇ ਕਿਹਾ ਕਿ ਉਨ੍ਹਾਂ ਦੀ ਵੱਡੀ ਨੂੰਹ, ਜੋ ਗਰਭਵਤੀ ਸੀ, ਉਸ ਨੂੰ ਜਨਮ ਪੀੜਾਂ ਸ਼ੁਰੂ ਹੋ ਗਈਆਂ ਸਨ ਤੇ ਛੇਤੀ ਨਾਲ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ। ਇਸੇ ਹੀ ਸਮੇਂ ਭਾਗਵੰਤੀ ਦੇ ਹੱਥ ਵਿਚ ਫੜੇ ਮੋਬਾਈਲ ਦੀ ਘੰਟੀ ਵੱਜਦੀ ਹੈ ਤੇ ਉਹ ਕਮਰੇ ਤੋਂ ਬਾਹਰ ਆਪਣੀ ਪੂਨੇ ਵਿਆਹੀ ਧੀ ਨਾਲ ਗੱਲ ਕਰਨ ਬਾਹਰ ਖੁੱਲ੍ਹੇ ਵਿਹੜੇ ਵਿਚ ਚਲੀ ਜਾਂਦੀ ਹੈ ਤੇ ਬਹੁਤ ਛੇਤੀ ਹੀ ਮੁੜ ਆਉਂਦੀ ਹੈ। ਖੁਸ਼ੀ ਖੁਸ਼ੀ ਪ੍ਰੋ. ਸ਼ਾਦੀ ਲਾਲ ਨੂੰ ਕਹਿੰਦੀ ਹੈ, ਸੁਨੈਨਾ ਦੀ ਪੂਨੇ ਤੋਂ ਖੁਸ਼ਖਬਰੀ ਆਈ ਹੈ ਕਿ ਉਸ ਦੀ ਟੈਸਟ ਰਿਪੋਰਟ ਤੋਂ ਪਤਾ ਚੱਲਿਆ ਹੈ ਕਿ ਉਹ ਗਰਭਵਤੀ ਹੈ। ਪ੍ਰੋ. ਸ਼ਾਦੀ ਲਾਲ ਨੂੰ ਇਹ ਸੁਣ ਕੇ ਬਹੁਤ ਖੁਸ਼ੀ ਹੁੰਦੀ ਹੈ ਤੇ ਭਾਗਵੰਤੀ ਨੂੰ ਹੌਸਲੇ ਨਾਲ ਕਹਿੰਦੇ ਹਨ ਚਲੋ ਹੁਣ ਹਸਪਤਾਲ ਵੀ ਚੱਲੀਏ, ਆਪਣੀ ਨੂੰਹ ਰਾਣੀ ਦਾ ਹਾਲ ਚਾਲ ਵੀ ਪੁੱਛ ਆਈਏ। ਹਸਪਤਾਲ ਪਹੁੰਚਦੇ ਸਾਰ ਹੀ ਉਨ੍ਹਾਂ ਨੂੰ ਇਹ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਘਰ ਇਕ ਨੰਨ੍ਹੀਂ ਗੋਰੀ ਚਿੱਟੀ ਸਿਹਤਮੰਦ ਲੜਕੀ ਨੇ ਜਨਮ ਲਿਆ ਹੈ। ਉਹ ਆਪਣੀ ਪ੍ਰਸੰਨਤਾ ਨੂੰ ਦਬਾ ਨਹੀਂ ਸਕਦੇ ਤੇ ਡਾਕਟਰ ਦੀ ਇਜਾਜ਼ਤ ਨਾਲ ਬੱਚੀ ਨੂੰ ਦੂਰੋਂ ਦੇਖ ਕੇ ਇਹ ਕਹਿਣੋਂ ਰਹਿ ਨਹੀਂ ਸਕਦੇ, "ਉਹ ਮੈਂ ਤਾਂ ਭੁੱਲ ਹੀ ਗਿਆ ਸਾਂ ਮੈਂ ਤਾਂ ਸਮਝਦਾ ਸੀ, ਜ਼ਿੰਦਗੀ ਵਿਚ ਵਹਾਓ ਤੇ ਨਿਰੰਤਰਤਾ ਹੀ ਨਹੀਂ ਹੈ। ਨੰਨ੍ਹੀਂ ਕੁੜੀ ਤੂੰ ਜ਼ਿੰਦਗੀ ਦੀ ਨਿਰੰਤਰਤਾ ਦਾ ਇਕ ਪ੍ਰਤੀਕ ਏਂ।

ਤੇਰੀ ਦਿੱਤੀ ਏ, ਮੈਨੂੰ ਹੁਣ ਜ਼ਿੰਦਗੀ ਵਿਚ ਖੜੋਤ ਕਿਤੇ ਨਹੀਂ ਦਿਸ ਰਹੀ।" ਉਨ੍ਹਾਂ ਨੂੰ ਹੁਣ ਇਵੇਂ ਲੱਗਿਆ ਕਿ ਅੱਜ ਸਵੇਰੇ ਐਤਵਾਰ ਵਾਲੇ ਦਿਨ ਜਿਹੜੀ ਅੱਚਵੀ ਤੇ ਬੇਚੈਨੀ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰਹੀ ਸੀ, ਉਸ ਤੋਂ ਮੁਕਤੀ ਮਿਲ ਗਈ ਹੈ।

### ਮੌਸਮ

ਸਾਰੀ ਰਾਤ ਤੇਜ਼ ਮੀਂਹ ਪੈਂਦਾ ਰਿਹਾ। ਜਿਥੋਂ ਪਹਿਲਾਂ ਕਦੇ ਵੀ ਛੱਤ ਨਹੀਂ ਸੀ ਚੋਈ, ਇਸ ਵਾਰ ਉਥੋਂ ਵੀ ਚੋ ਪਈ। ਘਰ ਦੇ ਲਗਭਗ ਸਾਰੇ ਭਾਂਡੇ ਟਪ ਟਪ ਕਰਦੀ ਛੱਤ ਹੇਠ ਰੱਖ ਦਿੱਤੇ ਸਨ। ਉਹ ਆਪਣੇ ਪੁੱਤਰ ਨੂੰ ਕੁੱਛੜ ਵਿਚ ਲਈ ਕਦੇ ਇਸ ਖੂੰਜੇ ਕਦੇ ਉਸ ਖੂੰਜੇ ਉਠ ਬੈਠ ਰਹੀ ਸੀ, ਪਰ ਛੱਤ ਦਾ ਸੁੱਖ ਉਹਨੂੰ ਨਹੀਂ ਮਿਲ ਰਿਹਾ ਸੀ। ਇੰਜ ਲਗਦਾ ਸੀ, ਛੱਤ ਕਿਸੇ ਵੀ ਵੇਲੇ ਡਿੱਗ ਪਵੇਗੀ।

ਸਿਉਂਕ ਅਤੇ ਧੂੰਏਂ ਵਾਲੇ ਬਾਲੇ ਭਿੱਜੇ ਹੋਏ ਹਨ੍ਹੇਰੇ ਵਿਚ ਹੋਰ ਵੀ ਡਰਾਉਣੇ ਲੱਗ ਰਹੇ ਸਨ। ਮਾੜੀ ਜਿਹੀ ਅੱਖੀ ਲੱਗਦੀ ਤਾਂ ਪਤਾ ਨਹੀਂ ਕਿਹੋ ਜਿਹੇ ਬੁਰੇ ਖਿਆਲ ਆਉਣ ਲੱਗਦੇ। ਉਹ ਤ੍ਰਭਕ ਕੇ ਜਾਗ ਜਾਂਦੀ।

ਉਹਦਾ ਪਤੀ ਵੀ ਰਾਤ ਰੋਟੀ ਖਾ ਮੀਂਹ ਵਿਚ ਹੀ ਪਤਾ ਨਹੀਂ ਕਿਥੇ ਚਲਾ ਗਿਆ। ਉਹ ਸੋਚ ਸੋਚ ਕੇ ਖਿੱਝ ਰਹੀ ਸੀ, ਘੱਟੋ ਘੱਟ ਇਸ ਮੌਸਮ ਵਿਚ ਤਾਂ ਘਰ ਰਹਿੰਦਾ। ਸਵੇਰ ਹੋਈ, ਬਦਲ ਖਿੱਲਰ ਗਏ। ਉਸਨੇ ਵੇਖਿਆ, ਉਸਦਾ ਪਤੀ ਉਬਾਸੀ ਲੈਂਦਾ ਅੰਦਰ ਆ ਰਿਹਾ ਸੀ। "ਕਿਥੇ ਚਲੇ ਗਏ ਸੀ ਰਾਤੀਂ ?" ਬਾਹਰ ਸੜਕ 'ਤੇ ਚੁੰਨੀ ਬਜਾਜ ਦੇ ਫੱਟੇ 'ਤੇ ਸੌਂ ਗਿਆਸੀ।

ਅਸੀਂ ਤਾਂ ਰਾਤ ਡਰਦੇ ਰਹੇ, ਕਿਛੇ ਛੱਤ ਨਾ ਡਿੱਗ ਪਵੇ। ਇਹ ਸੋਚ ਕੇ ਤਾਂ ਮੈਂ ਉਥੇ ਜਾ ਕੇ ਪੈ ਗਿਆ ਸੀ ਕੀ.. ? ਅਚਾਨਕ ਉਹਨੂੰ ਲੱਗਾ ਮੀਂਹ ਨਾਲ ਏਨੇ ਮਕਾਨ ਨਹੀਂ ਡਿੱਗਦੇ, ਜਿੰਨੇ ਧੁੱਪ ਨਿਕਲਣ ਨਾਲ। -ਕ੍ਰਿਸ਼ਨ ਗੰਭੀਰ

✲ ✲ ✲ ✲ ✲

### ਯੁੱਧ

ਯੁੱਧ ਸ਼ੁਰੂ ਹੋ ਚੁੱਕਾ ਸੀ। ਹੰਦ ਬੰਨ੍ਹੇ ਵੱਲ ਵੱਡੇ ਵੱਡੇ ਟਰੱਕਾਂ ਦਾ ਟਰੈਫਿਕ ਬਿਨਾਂ ਰੋਕੇ ਚੱਲ ਰਿਹਾ ਸੀ। ਇਕ ਜਗ੍ਹਾ ਉਬੜ ਖਾਬੜ ਰਸਤੇ ਵਿਚ ਇਕ ਟਰੱਕ ਨੂੰ ਜ਼ੋਰ ਦਾ ਉਛਾਲਾ ਪਿਆ। ਉਸ ਵਿਚੋਂ ਦੋ ਡੱਬੇ ਬਾਹਰ ਸੜਕ ਕਿਨਾਰੇ ਆ ਡਿੱਗੇ। ਇਕ ਡੱਬੇ ਵਿਚੋਂ ਇਕ ਬੰਦੂਕ ਬਾਹਰ ਆ ਨਿਕਲੀ ਤੇ ਦੂਜੇ ਵਿਚੋਂ ਖੂਨ ਦੀ ਬੋਤਲ। ਦੋਵਾਂ ਨੇ ਖੁਦ ਨੂੰ ਸੰਭਾਲਿਆ। ਦੋਵਾਂ ਦੀ ਨਜ਼ਰ ਇਕ ਦੂਜੇ 'ਤੇ ਪਈ। ਬੰਦੂਕ ਨੇ ਤੁਰੰਤ ਖੂਨ ਦੀ ਬੋਤਲਤੋਂ ਨਜ਼ਰ ਅਹਟਾਂ ਲਈ ਤੇ ਛਾਲ ਮਾਰ ਕੇ ਯੁੱਧ ਦੇ ਮੈਦਾਨ ਵੱਲ ਚਲ ਪਈ। ਖੂਨ ਦੀ ਬੋਤਲ ਨੇ ਵੀ ਕਦਮ ਵਧਾਉਂਦਿਆ ਕਿਹਾ, "ਏਨੀ ਕਾਹਦੀ ਜਲਦੀ ਬੰਦੂਕੇ, ਮੈਂ ਵੀ ਤਾਂ ਉਥੇ ਹੀ ਜਾਣਾ ਹੈ।" ਬੰਦੂਕ ਨੇ ਪਿਛਾਂਹ ਮੁੜ ਕੇ ਦੇਖਿਆ ਤੇ ਅੱਗੇ ਵਧਦੀ ਹੋਈ ਬੋਲੀ, "ਪਹਿਲਾਂ ਮੈਂ ਉਥੇ ਪੁੱਜ ਕੇ ਆਪਣਾ ਕੰਮ ਕਰਾਂਗੀ, ਤਦੇ ਤਾਂ ਤੇਰੀ ਲੋੜ ਪਊ। ਮੈਨੂੰ ਬੜੀ ਜਲਦੀ ਐ।"

-ਵੇਦ ਰਾਹੀਂ

# ਵਿਅੰਗ

## ਐਨ. ਆਰ. ਆਈ. ਮੂਨ

ਅੱਜਕੱਲ੍ਹ ਦੁਨੀਆਂ ਕਿਤੇ ਤੋਂ ਕਿਤੇ ਪਹੁੰਚ ਗਈ ਹੈ। ਹਰ ਇਕ ਮਨੁੱਖ ਦੁਨੀਆਂ ਦੀ ਹਰ ਇਕ ਵਸਤੂ ਦਾ ਪੂਰਾ ਆਨੰਦ ਵੇਖਣਾ ਚਾਹੁੰਦਾ ਹੈ, ਭਾਵੇਂ ਬਾਅਦ ਵਿਚ ਉਨ੍ਹਾਂ ਨੂੰ ਮੂਧੇ ਮੂੰਹ ਹੀ ਕਿਉਂ ਨਾ ਡਿੱਗਣਾ ਪਵੇਗਾ। ਚੰਨ 'ਤੇ ਵੱਸਣ ਦਾ ਧਰਤੀ ਦੇ ਮਨੁੱਖ ਦਾ ਸ਼ੁਰੂ ਤੋਂ ਹੀ ਸੁਪਨਾ ਰਿਹਾ ਹੈ। ਇਸੇ ਤਰ੍ਹਾਂ ਮੈਂ ਇਨ੍ਹੀਂ ਦਿਨੀਂ 'ਚ ਬੇਹੱਦ ਖੁਸ਼ ਹਾਂ। ਦੁੱਖਾਂ ਨਾਲ ਭਰੀ ਇਸ ਦੁਨੀਆਂ ਵਿਚ ਵੈਸੇ ਵੀ ਖੁਸ਼ ਹੋਣ ਦੇ ਮੌਕੇ ਘੱਟ ਹੀ ਮਿਲਦੇ ਹਨ। ਅਜਿਹੇ ਵਕਤ ਅਮਰੀਕਾ ਦੀ ਇਕ ਕੰਪਨੀ ਨੇ ਮੈਨੂੰ ਆਪਣੇ ਜੀਵਨ ਵਿਚ ਖੁਸ਼ੀਆਂ ਲਿਆਉਣ ਦਾ ਜੋ ਮੌਕਾ ਦਿੱਤਾ ਹੈ, ਉਸ ਦੇ ਲਈ ਮੈਂ ਸਭ ਤੋਂ ਪਹਿਲਾਂ ਕੋਲੰਬੀਆ ਦਾ ਸ਼ੁੱਕਰੀਆ ਅਦਾ ਕਰਨਾ ਚਾਹੁੰਦਾ ਹਾਂ, ਜਿਸ ਨੇ ਦੀ ਖੋਜ ਕੀਤੀ ਅਤੇ ਉਸੇ ਦੇਸ਼ ਦੀ ਖੋਜ ਦਾ ਲਾਭ ਸਾਲਾਂ ਬਾਅਦ ਮੈਨੂੰ ਮਿਲ ਰਿਹਾ ਹੈ। ਜੇਕਰ ਮੈਂ ਇਸ ਮਾਮਲੇ ਵਿਚ ਆਪਣੇ ਦੇਸ਼ 'ਤੇ ਨਿਰਭਰ ਰਹਿੰਦਾ ਤਾਂ ਸ਼ਾਇਦ ਭੂਟਾਨ ਜਾਣ ਲਈ ਹੀ ਮੈਨੂੰ ਕਈ ਸਾਲ ਲੱਗ ਜਾਂਦੇ। ਖੈਰ ! ਅਮਰੀਕਾ ਦੀ ਕੰਪਨੀ ਨੇ ਚੰਨ 'ਤੇ ਘਰ ਬਣਾਉਣ ਦੇ ਚਾਹਵਾਨਾਂ ਦੇ ਲਈ ਜ਼ਮੀਨ ਦੀ ਬੁਕਿੰਗ ਕਰ ਦਿੱਤੀ ਹੈ।

ਅਖਬਾਰਾਂ ਵਿਚ ਇਹ ਖਬਰ ਛੱਪਣ ਤੋਂ ਬਾਅਦ ਹੀ ਮੈਂ ਤੈਅ ਕਰ ਲਿਆ ਹੈ ਕਿ ਹੁਣ ਕਿਸੇ ਵੀ ਤਰ੍ਹਾਂ ਆਪਣੇ ਸ਼ਹਿਰ ਅਤੇ ਦੇਸ਼ ਵਿਚੋਂ ਨਿਕਲਣਾ ਹੈ। ਓਏ ਮਨੁੱਖੀ ਜੀਵਨ ਕੋਈ ਵਾਰ-ਵਾਰ ਮਿਲਦਾ ਹੈ ਕਿਤੇ ? ਜੋ ਕਰਨਾ ਹੈ ਇਸ ਜੀਵਨ ਵਿਚ ਹੀ ਕਰ ਦੇਵੋ। ਬਾਅਦ ਵਿਚ ਕੀ ਭਰੋਸਾ ! ਭਾਰਤ ਪੁਨਰ ਜਨਮ ਦੇ ਸਿਧਾਂਤਾਂ ਦੇ ਮੁਤਾਬਕ ਕਿਤੇ ਕਛੂਏ ਬਣ ਗਏ ਤਾਂ ਸੋਚੋ ਕੀ ਚੰਨ 'ਤੇ ਜਾਣ ਬਾਰੇ ਸੋਚ ਸਕੋਗੇ ? ਉਦੋਂ ਤਾਂ ਧਰਤੀ 'ਤੇ ਚੱਲਣ ਦੇ ਲਾਲੇ ਪੈਣਗੇ। ਵੈਸੇ ਵੀ ਮੈਂ ਸੱਚ ਕਿਹਾ ਇਨ੍ਹੀਂ ਦਿਨੀ ਵਿਚ ਆਪਣੇ ਸ਼ਹਿਰ ਦੇ ਰੌਲੇ, ਪ੍ਰਦੂਸ਼ਣ, ਗੰਦਗੀ ਆਦਿ ਦੇ ਮਾਹੌਲ ਤੋਂ ਮੈਂ ਬੇਹੱਦ ਪ੍ਰੇਸ਼ਾਨ ਹਾਂ। ਇਹ ਭਾਰਤੀ ਲੋਕ ਵੀ ਪਤਾ ਨਹੀਂ ਕਦੋਂ ਜੀਣਾ ਸਿੱਖਣਗੇ। ਜਿਥੇ ਵੇਖੋ, ਉਥੇ ਹੀ ਥੁੱਕ ਦੇਂਦੇ ਹਨ। ਜ਼ਰਾ ਸੋਚੋ, ਇਹ ਸਭ ਚੰਗਾ ਲੱਗਦਾ ਹੈ ਕੀ ? ਚੰਨ 'ਤੇ ਜਾਣ ਦਾ ਇਕ ਫਾਇਦਾ ਇਹ ਵੀ ਹੈ ਕਿ ਉਥੋਂ ਗੰਦਗੀ ਨਹੀਂ ਮਿਲੇਗੀ ਅਤੇ ਪ੍ਰਦੂਸ਼ਣ ਦਾ ਤਾਂ ਸਵਾਲ ਹੀ ਨਹੀਂ ਉੱਠਦਾ। ਸੋਚੋ, ਆਪ ਵੀ ਸੋਚੋ ਅਤੇ ਥੋੜ੍ਹਾ ਸੋਚ ਕੇ ਮੈਨੂੰ ਵੀ ਦੱਸਣਾ ਕਿ ਜਿਸ ਚੰਨ ਨੂੰ ਅਸੀਂ ਸਾਲਾਂ ਤੱਕ ਧਰਤੀ ਤੋਂ ਨਿਹਾਰਿਆ ਹੈ, ਉਸ 'ਤੇ ਜਾ ਕੇ ਵੱਸਣਾ ਕਿਸ ਤਰ੍ਹਾਂ ਦਾ ਲੱਗੇਗਾ ? ਕਹਾਵਤ ਹੈ ਕਿ ਦੂਰ ਦੇ ਢੋਲ ਸੁਹਾਵਣੇ ਲੱਗਦੇ ਹਨ, ਚੰਨ ਦਾ ਕਿੱਸਾ ਵੀ। ਕੁਝ ਅਜਿਹਾ ਹੀ ਹੈ। ਸਦੀਆਂ ਤੋਂ ਇਹ ਗੋਲ ਗੋਲ ਕਿੰਨਾ ਸੋਹਣਾ ਲੱਗਦਾ ਰਿਹਾ ਹੈ ਪਰ ਹੁਣ ਅਜਿਹਾ ਨਹੀਂ ਹੋਵੇਗਾ। ਚੰਨ ਨੂੰ ਵੀ ਅਸਲੀਅਤ ਦਾ ਸਾਹਮਣਾ ਕਰਨਾ ਪਵੇਗਾ ਤੇ ਸਾਨੂੰ ਵੀ।

ਸਾਲਾਂ ਤੈਨੂੰ ਨਿਹਾਰਿਆ ਹੈ,<br>
ਹੁਣ ਆ ਗਏ ਹਾਂ,<br>
ਤੇਰੇ ਹੀ ਦਰ 'ਤੇ,<br>
ਉਹ ਮੇਰੇ ਹਮਸਫਰ ਚੰਨਾ,<br>
ਅਸੀਂ ਹਾਂ ਸ਼ੇਰ ਧਰਤੀ ਦੇ,<br>
ਹੁਣ ਤੂੰ ਵਿਖਾ ਦੇ ਸਾਨੂੰ<br>
ਆਪਣਾ ਜਲਵਾ<br>
ਓ ਪਿਆਰੇ ਚੰਨਾ।

ਜੀ ਹਾਂ, ਇਹ ਲਾਈਨਾਂ ਹਨ ਜੋ ਮੈਂ ਚੰਨ 'ਤੇ ਪੜ੍ਹਨ ਲਈ ਖਾਸ ਤੌਰ 'ਤੇ ਤਿਆਰ ਕੀਤੀਆਂ ਹਨ। ਚੰਨ 'ਤੇ ਪਹਿਲਾ ਕਦਮ ਰੱਖਦਿਆਂ ਹੀ ਮੈਂ ਇਹ ਲਾਈਨਾਂ ਪੜ੍ਹਨ ਵਾਲਾ ਹਾਂ। ਜੇਕਰ ਤੁਸੀਂ ਵੀ ਚਾਹੁੰਦੇ ਹੋ ਤਾਂ ਕੁਝ ਲਾਈਨਾਂ ਇਸ ਵਿਚ ਜੋੜ ਸਕਦੇ ਹੋ ਪਰ ਸ਼ਰਤ ਇਹੀ ਹੈ ਕਿ ਇਨ੍ਹਾਂ ਲਾਈਨਾਂ ਨੂੰ ਚੰਨ 'ਤੇ ਪੜ੍ਹਾਂਗਾ ਤਾਂ ਮੈਂ ਹੀ। 'ਚੰਨ ਦੇ ਕੋਲ ਜੋ ਸਿਤਾਰਾ ਹੈ, ਉਹ ਸਿਤਾਰਾ ਹੁਸੀਨ ਲੱਗਦਾ ਹੈ', ਇਹ ਗੀਤ ਕਿਸੇ ਵਕਤ ਖੂਬ ਚੱਲਿਆ ਸੀ ਲੇਕਿਨ ਇਸ ਦੀ ਅਸਲੀ ਉਪਯੋਗਤਾ ਹੁਣ ਪਤਾ ਚੱਲੀ ਹੈ ਜਾਂ ਪਤਾ ਚੱਲ ਰਹੀ ਹੈ। ਧਰਤੀ ਤੋਂ ਇਸ ਸਿਤਾਰੇ ਨੂੰ ਕਈ ਦੇਰ ਬਾਅਦ ਦੇਖਿਆ ਹੈ ਪਰ ਚੰਨ 'ਤੇ ਵੱਸਣ ਦੇ ਬਾਅਦ ਉਥੋਂ ਵੀ ਇਸਨੂੰ ਵੇਖਣ ਦਾ ਸੁੱਖ ਪ੍ਰਾਪਤ ਹੋਵੇਗਾ। ਮੈਂ ਚਾਹੁੰਦਾ ਹਾਂ ਕਿ ਚੰਨ 'ਤੇ ਕਾਲੋਨੀ ਵਸਾਉਣ ਵਾਲੀ ਕੰਪਨੀ ਇਨ੍ਹਾਂ ਦੋਵਾਂ ਵਿਚਕਾਰ ਇਕ ਪੁਲ ਬਣਾ ਦੇਵੇ ਤਾਂ ਜੋ ਜਦੋਂ ਵੀ ਕਦੇ ਘੁੰਮਣ-ਫਿਰਨ ਦੀ ਇੱਛਾ ਹੋਵੇ, ਉਦੋਂ ਚੰਨ ਤੋਂ ਨਿਕਲ ਕੇ ਸਿਤਾਰੇ ਤਕ ਪਹੁੰਚ ਜਾਈਏ। ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਸਿਤਾਰੇ ਦੀ ਯਾਤਰਾ ਬੋਨਸ ਵਿਚ ਹੋ ਜਾਇਆ ਕਰੇਗੀ।



ਮੈਂ ਜਦੋਂ ਦਾ ਚੰਨ੍ਹ 'ਤੇ ਵੱਸਣ ਦਾ ਪ੍ਰਣ ਕੀਤਾ ਹੈ, ਉਦੋਂ ਤੋਂ ਪਤਨੀ ਵੀ ਕੁਝ ਜ਼ਿਆਦਾ ਹੀ ਸਮਾਰਟ ਬਣ ਰਹੀ ਹੈ। ਇਹ ਹਿੰਦੋਸਤਾਨੀ ਪਤਨੀਆਂ ਦੇ ਨਾਲ ਕੁਝ ਜਨਮਜਾਤ ਪ੍ਰੇਸ਼ਾਨੀ ਹੈ। ਆਪਣੇ ਵਾਲੀ ਤੇ ਆ ਹੀ ਜਾਂਦੀ ਹੈ, ਹੁਣ ਸਵਾਲ ਇਹ ਉੱਠਿਆ ਹੈ ਕਿ ਕਰਵਾ ਚੌਥ ਦੇ ਦਿਨ ਚੰਨ ਵੇਖਣ ਨਾਲ ਕੀ ਹੋਵੇਗਾ ? ਪਤਨੀ ਨਾਲ ਬਹਿਸ ਹੋ ਚੁੱਕੀ ਹੈ ਕਿ ਉਥੇ ਹੀ ਰਹਾਂਗੇ ਤਾਂ ਚੰਨ ਵੇਖਣ ਦੀ ਕੀ ਜ਼ਰੂਰਤ ? ਮੈਂ ਮਸ਼ਵਰਾ ਦਿੱਤਾ ਕਿ ਉਦੋਂ ਧਰਤੀ ਵੇਖ ਕੇ ਵਰਤ ਖੋਲ੍ਹ ਲਿਆ ਕਰੀਂ।

ਪਤਨੀ ਦਾ ਕਹਿਣਾ ਹੈ ਕਿ ਉਹ ਕਰਵਾ ਚੌਥ ਤਾਂ ਧਰਤੀ 'ਤੇ ਹੀ ਮਨਾਏਗੀ ਤੇ ਪੂਜਾ ਵੀ ਉਥੋਂ ਹੀ ਕਰੇਗੀ ਬੇਸ਼ੱਕ ਇਕ ਦਿਨ ਲਈ ਅੱਪ-ਡਾਊਨ ਕਰਨਾ ਪਵੇ ? ਮੈਂ ਉਸਨੂੰ ਦੱਸਿਆ ਕਿ ਕੀ ਇਹ ਕੋਈ ਮੁੰਬਈ ਦੀ ਲੋਕਲ ਟ੍ਰੇਨ ਹੈ ? ਜਦੋਂ ਚਾਹਿਆ ਆਉਣਾ-ਜਾਣਾ ਕਰ ਲਿਆ ਪਰ ਉਹ ਤਾਂ ਅੜੀ ਹੋਈ ਹੈ ਕਿ ਚੰਨ 'ਤੇ ਵਸਣ ਦੇ ਪਹਿਲੇ 5 ਸਾਲ ਕੇ ਕਰਵਾ ਚੌਥ ਵਰਤ ਉਹ ਧਰਤੀ 'ਤੇ ਹੀ ਮਨਾਉਣ ਲਈ ਆਵੇਗੀ। ਬਾਅਦ ਵਿਚ ਚੰਨ ਦੇ ਪੁਰਾਣੇ ਨਿਵਾਸੀ ਬਣ ਜਾਣ 'ਤੇ ਵੇਖਿਆ ਜਾਵੇਗਾ।

# ਮਿੰਨੀ ਕਹਾਣੀਆਂ

### ਭੁਲੇਖਾ

ਇਕ ਦਿਨ ਸ਼ਹਰਿ ਵਿਚ ਰਹਿ ਰਹੇ ਅਵਤਾਰ ਨੇ ਆਪਣੇ ਪਿੰਡ 'ਚ ਰਹਿ ਰਹੇ ਮਿੱਤਰ ਭੀਮ ਨੂੰ ਫੋਨ ਕੀਤਾ, "ਯਾਰਾ ! ਜ਼ਿੰਦਗੀ ਤਾਂ ਸ਼ਹਿਰ ਦੀ ਏ। ਤੂੰ ਵੀ ਆ ਕੇ ਸ਼ਹਿਰ 'ਚ ਸੈੱਟ ਹੋ ਜਾਹ।

ਇਕ ਤਾਂ ਨਾ ਸ਼ਹਿਰ ਦੀ ਜਿਹੜੀ ਸਭ ਤੋਂ ਵਧੀਆ ਗੱਲ ਮੈਨੂੰ ਲੱਗਦੀ ਐ ਕਿ ਲਾਈਟ ਬਿਲਕੁਲ ਨਹੀਂ ਜਾਂਦੀ। ਨਾ ਕੋਈ ਮੱਖੀ ਨਾ ਕੋਈ ਮੱਛਰ। ਆਪਾਂ ਤਾਂ ਐਤਕੀਂ ਏ. ਸੀ. ਲਗਵਾ ਲਿਆ। ਮੌਜਾਂ ਨਾਲ ਰਹਿੰਨੇ ਆਂ। ਗਰਮੀ ਦਾ ਤਾਂ ਯਾਰ ਪਤਾ ਈ ਨਹੀਂ ਚੱਲਦਾ। ਸੱਚਮੁੱਚ ਹੁਣ ਤਾਂ ਪਿੰਡ ਵਿਚ ਇਕ ਦਿਨ ਵੀ ਏ.ਸੀ. ਤੋਂ ਬਿਨ੍ਹਾਂ ਰਾਹਿਣਾ ਔਖਾ ਲੱਗਦੈ। ਸੁਣ ਕੇ ਭੀਮ ਸਿੰਘ ਚੁੱਪ ਕਰਿਆ ਰਿਹਾ। ਫੇਰ ਢਿੱਲਾ ਜਿਹਾ ਕੇ ਬੋਲਿਆ, "ਚੱਲ ਬਾਈ, ਸਾਡੀ ਖੁਸ਼ੀ ਤਾਂ ਤੇਰੀ ਖੁਸ਼ੀ ਨਾਲ ਈ ਐ। ਜਦੋਂ ਤੂੰ ਏ. ਸੀ. ਦੀ ਠੰਢ ਮਾਣਦੈਂ, ਸਾਨੂੰ ਤਾਂ ਆਪਣੇ ਆਪ ਠੰਢੀ ਹਵਾ ਆਉਂਦੀ ਹੈ ਤੇਰੇ ਵਲੋਂ।"

ਮਹੀਨੇ ਕੁ ਮਗਰੋਂ ਜਦੋਂ ਬਿਜਲੀ ਦਾ ਬਿੱਲ ਆਇਆ ਤਾਂ ਪੂਰੇ ਪੰਜ ਹਜ਼ਾਰ। ਬਿੱਲ ਦੇਖ ਕੇ ਤਾਂ ਅਵਤਾਰ ਨੂੰ ਪਸੀਨਾ ਆ ਗਿਆ। ਹੈਂ ! ਅੱਧੀ ਤਨਖਾਹ ਤਾਂ ਬਿਜਲੀ ਦੇ ਬਿੱਲ ਵਿਚ ਹੀ ਨਿਕਲ ਜਾਵੇਗੀ। ਬਾਕੀ ਖਰਚਿਆਂ ਦਾ ਕੀ ਬਣੂ।" ਹੁਣ ਉਹ ਦੋਸਤ ਭੀਮ ਨੂੰ ਫੋਨ ਕਰਕੇ ਕਹਿ ਰਿਹਾ ਸੀ, ਕਾਹਦਾ ਯਾਰ ! ਐਵੇਂ ਰੀਸੋ ਰੀਸ ਏ. ਸੀ. ਲਗਵਾ ਲਿਆ। ਏਨੀ ਤਾਂ ਇਸ ਨੇ ਠੰਢ ਨਹੀਂ ਦਿੱਤੀ, ਜਿੰਨੀ ਇਹਦੇ ਬਿੱਲ ਨੇ ਗਰਮੀ ਚਾੜ੍ਹ ਦਿੱਤੀ ਐ।"

"ਸੱਚੀ ਗੱਲ ਐ ਮਿੱਤਰਾ ! ਆਪਾਂ ਨੂੰ ਕਾਹਨੂੰ ਰਾਸ ਆਉਂਦੀਆਂ ਨੇ ਇਹ ਚੀਜ਼ਾਂ। ਇਹ ਤਾਂ ਵੱਡਿਆਂ ਲੋਕਾਂ ਵਾਸਤੇ ਈ ਬਣੀਆਂ ਨੇ। ਜਾਂ ਫਿਰ ਉਨ੍ਹਾਂ ਵਾਸਤੇ, ਜੀਹਦੇ ਦੋ ਨੰਬਰ ਦੀ ਕਮਾਈ ਆਉਂਦੀ ਹੋਵੇ। ਆਪਣਾ ਤਾਂ ਆ ਹੀ ਤੋਰੀ ਫੁਲਕਾ ਈ ਚੱਲੀ ਜਾਵੇ, ਉਹੀ ਗਨੀਮਤ ਸਮਝੋ।

-ਰਾਜ ਕੁਮਾਰ ਕਮਾਲਪੁਰ

✲ ✲ ✲ ✲

### ਆਸਰਾ

ਮੇਰੇ ਪਿੰਡ ਦੀ ਕਹਾਣੀ ਹੈ। ਇਕ ਨਿਮਨ ਵਰਗ ਦਾ ਪਰਿਵਾਰ। ਉਸ ਦੇ ਇਕਲੌਤੇ ਪੁੱਤਰ ਜਗੀਰ ਨੂੰ ਇਕ ਗਰੀਬ ਘਰ ਦੀ ਲੜਕੀ ਮਿਲ ਗਈ।



ਉਨ੍ਹਾਂ ਦੀ ਚੰਗੀ ਨਿਭਦੀ ਸੀ। ਜੇ ਘੱਟ ਹੈ ਘੱਟ, ਜੇ ਵੱਧ ਹੈ ਤਾਂ ਵੱਧ, ਗੁਜ਼ਾਰਾ ਕਰੀ ਜਾਂਦੇ। ਜਗੀਰ ਅਚਨਚੇਤ ਐਕਸੀਡੈਂਟ ਵਿਚ ਮਾਰਿਆ ਗਿਆ। ਸੀਤੋ ਦੇ ਜੀਵਨ ਵਿਚ ਅੰਧਕਾਰ ਛਾ ਗਿਆ।

ਮਰਦ ਦੀ ਪਿਆਰ ਡੰਗੋਰੀ ਬਿਨਾਂ ਜੀਣਾ ਮੁਹਾਲ ਹੈ। ਵਿਧਵਾ ਨੂੰ ਹਰੇਕ ਨਿਹਾਰਨ ਲਗਦਾ ਹੈ। ਉਸ ਦਾ ਜੀਵਨ ਸੁੰਗੜ ਕੇ ਰਹਿ ਜਾਂਦਾ ਹੈ।

ਸੀਤੋ ਦਾ ਕੀ ਕੀਤਾ ਜਾਵੇ ? ਮਾਪੇ ਜੋਖਮ ਉਠਾਉਣ ਲਈ ਤਿਆਰ ਨਹੀਂ ਸਨ। ਸਹੁਰੇ ਨੇ ਕਿਹਾ ਮੈਂ ਆਪਣੇ ਛੋਟੇ ਭਾਈ ਦੇ ਵੱਡੇ ਲੜਕੇ ਦੀ ਇਸ 'ਤੇ ਚਾਦਰ ਪਵਾ ਦਿੰਦਾ ਹਾਂ। ਚਾਦਰ ਪਾ ਦਿੱਤੀ ਗਈ।

ਉਹ ਭੰਤੇ ਦੇ ਘਰ ਗਈ। ਹੁਣ ਉਸ ਨੂੰ ਕਿਸੇ ਦੀਆਂ ਨਿਗਾਹਾਂ ਦਾ ਭੈ ਨਹੀਂ ਸੀ। ਮਰਦ ਡੰਗੋਰੀ ਉਸ ਨੂੰ ਮਿਲ ਗਈ ਸੀ।

=========

# ਕਾਵਿ ਰਚਨਾ

### ਗ਼ਜ਼ਲ

ਜ਼ਮਾਨਾ ਬਾਜ਼ ਨਹੀਂ ਆਉਂਦਾ ਜੇ ਮੈਨੂੰ ਸੂਲੀ ਟੰਗਣ ਤੋਂ।<br>
ਤਾਂ ਮੈਂ ਵੀ ਬਾਜ਼ ਕਿਉਂ ਆਵਾਂ ਤੇਰੇ ਕਦਮਾਂ ਨੂੰ ਚੁੰਮਣ ਤੋਂ।<br>
ਦੁਆ ਏਹੋ ਕਰਾਂ ਕਿ ਤੇਰੀਆਂ ਬਾਹਾਂ 'ਚ ਦਮ ਨਿਕਲੇ,<br>
ਬਰੀ ਹੋਵੇ ਹੀ ਨਾ ਮੈਂ ਤੇਰੀਆਂ ਬਾਹਾਂ ਦੀ ਵਲਗਣ ਤੋਂ।<br>
ਤੂੰ ਭਾਵੇਂ ਦੱਸਕੇ ਨਹੀਂ ਸੀ ਕਦੇ ਆਉਂਦਾ ਮਗਰ ਸਾਨੂੰ,<br>
ਖਬਰ ਮਿਲ ਜਾਂਦੀ ਸੀ ਦੂਰੋਂ ਤੇਰੇ ਹਾਸੇ ਦੀ ਛਣਛਣ ਤੋਂ।<br>
ਨਹੀਂ ਤੇਰੇ ਜਿਹਾ ਕੋਈ, ਤੂੰ ਲੱਗਦਾ ਏਂ ਖੁਦਾ ਵਰਗਾ,<br>
ਕਿਵੇਂ ਮੈਂ ਅੱਖੀਆਂ ਰੋਕਾਂ ਤੇਰੇ ਜਲਵੇ ਨੂੰ ਤੱਕਣ ਤੋਂ।<br>
ਚਿਰਾਂ ਪਿੱਛੋਂ ਮਿਲੇ ਹਾਂ ਅੱਜ ਨੈਣੀ ਆ ਗਏ ਹੰਝੂ,<br>
ਖੁਸ਼ੀ 'ਚ ਰੋਕ ਹੀ ਸਕਿਆ ਨਾ ਮੈਂ ਨੈਣਾਂ ਨੂੰ ਛਲਕਣ ਤੋਂ।<br>
ਤੇਰਾ ਘਰ ਵੀ ਅਸਾਂ ਨੂੰ ਹੁਣ ਇਬਾਦਤਗਾਹ ਜਿਹੀ ਲੱਗਦੈ,<br>
ਮਿਲੇ ਦਿਲ ਨੂੰ ਸਕੂਨ ਆ ਕੇ ਕਿਥੇ ਜੀਵਨ ਦੀ ਭਟਕਣ ਤੋਂ।

-ਹਰਜਿੰਦਰ ਬੱਲ

### ਖੰਡਰ

ਬਸਤੀਆਂ ਉਸਰਨ ਦੀ ਥਾਵੇਂ, ਨਿੱਤ ਨਵੇਂ ਖੰਡਰ ਮਿਲੇ,<br>
ਖੇਤ ਹਰਿਆਲੇ ਸੀ ਮੰਗੇ, ਔੜ ਦੇ ਮੰਜ਼ਰ ਮਿਲੇ !<br>
ਹਰ ਗਲੀ, ਹਰ ਮੋੜ 'ਤੇ ਖੌਫ ਦੇ ਮੰਜ਼ਰ ਮਿਲੇ !<br>
ਸੀਸ਼ਿਆਂ ਦੇ ਕੋਲ ਰੱਬੇ, ਬੇਬਹਾ ਪੱਥਰ ਮਿਲੇ !<br>
ਚੁੱਪ ਮੇਰੀ ਦਾ ਸਦਾ ਕਰਦੇ ਰਹੇ ਉਹ ਤਰਜੁਮਾ,<br>
ਨਾ ਹਿਰਦੇ 'ਚ ਉਨ੍ਹਾਂ ਨੂੰ ਚੀਕਦੇ ਖੰਡਰ ਮਿਲੇ!<br>
ਸੰਗ ਤਰਾਸ਼ਾਂ ਦੀ ਨਜ਼ਰ 'ਚੋਂ ਜੋ ਕਦੀ ਗੁਜ਼ਰੇ ਨਹੀਂ,<br>
ਠੋਕਰਾਂ ਦਰ-ਦਰ ਦੀਆਂ ਖਾਂਦੇ ਉਹੀ ਪੱਥਰ ਮਿਲੇ!<br>
ਮੰਜ਼ਿਲਾਂ ਤੱਕ ਰਸਤਿਆਂ ਨੇ ਹੋਂਦ ਆਪਣੀ ਖੋਹ ਲਈ,<br>
ਕਾਫਿਲੇ ਦੇ ਲੇਖੀਂ ਕਰਦੇ ਰਾਹਜ਼ਨੀ ਰਹਿਬਰ ਮਿਲੇ!<br>
ਸਾਡਿਆਂ ਪੈਰਾਂ ਨੂੰ ਤਾਂ ਜ਼ੰਜੀਰ ਹੀ ਪੈਂਦੀ ਹੈ ਯਾਰ,<br>
ਕਿਸ ਤਰ੍ਹਾਂ ਪਰਵਾਨੀਏ ਜੇ ਛਣਕਦੀ ਝਾਂਜਰ ਮਿਲੇ!<br>
ਮੁਜਰਿਆਂ ਦੇ ਹੱਕ 'ਚ ਵੀ ਫਿਰ ਫੈਸਲਾ ਕਰਨਾ ਪਿਆ,<br>
ਜਦ ਗਵਾਹ ਮੁੱਕਰ ਗਏ, ਜਦ ਮੁਨਸਿਫਾਂ ਨੂੰ ਡਰ ਮਿਲੇ!<br>
ਸ਼ੀਸ਼ਿਆਂ ਦੇ ਰੂਬਰੂ ਹੋਇਆ ਨਾ ਕਰ ਸ਼ਾਮ ਨੂੰ,<br>
ਫਿਰ ਨਾ ਕਹਿਣਾ ਸੁਪਨਿਆਂ 'ਚ ਰਾਤ ਭਰ ਪੱਥਰ ਮਿਲੇ!<br>
ਪੰਛੀਆਂ ਨੂੰ ਪਿੰਜਰੇ ਵਿਚ ਹੀ ਦਿਸੀ ਫਿਰ ਬਿਹਤਰੀ,<br>
ਖੰਭ ਕੁਤਰੇ ਜਾਣ ਮਗਰੋਂ ਜਦ ਵਸੀਹ ਅੰਬਰ ਮਿਲੇ!<br>
ਜੇ ਇਕੱਲੇ ਤੁਰਨ ਦਾ ਹੁਣ ਹੈ ਨਹੀਂ 'ਦਾਦਰ' ਸਮਾਂ,<br>
ਭੀੜ ਅੰਦਰ ਵੀ ਤਾਂ ਅਕਸਰ ਸੌ ਤਰ੍ਹਾਂ ਦੇ ਡਰ ਮਿਲੇ!

-ਹਰਜਿੰਦਰ ਬੱਲ

# ਫੁੱਲਾਂ ਦੇ ਖੇਤੀ ਕਰ ਕਿਸਾਨ ਹੋ ਰਹੇ ਮਾਲੋ-ਮਾਲ, ਕਿਹਾ- ਲਾਗਤ ਘੱਟ ਮੁਨਾਫਾ ਜਿਆਦਾ

ਏਜੰਸੀਆਂ

ਕਰਨਾਲ 12 ਜਨਵਰੀ। ਪੀਣ ਵਾਲੇ ਪਾਣੀ ਦੀ ਲਗਾਤਾਰ ਕਿੱਲਤ ਹੋ ਰਹੀ ਹੈ। ਜਿਸ ਕਾਰਨ ਕਿਸਾਨਾਂ ਲਈ ਖੇਤੀ ਕਰਨੀ ਔਖੀ ਅਤੇ ਮਹਿੰਗੀ ਹੋ ਗਈ ਹੈ। ਇਹ ਹੀ ਵਜ੍ਹਾ ਹੈ ਕਿ ਕਿਸਾਨ ਫਾਇਦੇ ਦੀ ਖੇਤੀ ਕਰਨ ਲੱਗੇ ਹਨ। ਕਿਸਾਨ ਕਣਕ-ਝੋਨੇ ਦੀ ਖੇਤੀ ਛੱਡ ਕੇ



ਬਾਗਬਾਨੀ ਦੀ ਫਾਇਦੇਮੰਦ ਖੇਤੀ ਕਰਨ ਵੱਲ ਵੱਧ ਰਹੇ ਹਨ। ਹਰਿਆਣਾ ਦੇ ਕਰਨਾਲ ਦੇ ਪਿੰਡ ਸਲਾਰੂ ਦੇ ਰਹਿਣ ਵਾਲੇ ਕਿਸਾਨ ਜਗਤਾਰ ਸਿੰਘ ਫੁੱਲਾਂ ਦੀ ਖੇਤੀ ਕਰ ਕੇ ਪ੍ਰਤੀ ਏਕੜ 2 ਤੋਂ 3 ਲੱਖ ਰੁਪਏ ਕਮਾ ਰਹੇ ਹਨ, ਜੋ ਕਿ ਕਿਸਾਨਾਂ ਲਈ ਮਿਸਾਲ ਬਣੇ ਹਨ। ਇਹ ਵੇਖ ਕੇ ਦੂਜੇ ਕਿਸਾਨ ਵੀ ਫੁੱਲਾਂ ਦੀ ਖੇਤੀ ਕਰਨ ਲੱਗੇ ਹਨ। ਕਿਸਾਨ ਜਗਤਾਰ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਕਰੀਬ 5 ਸਾਲਾਂ ਤੋਂ ਫੁੱਲਾਂ ਦੀ ਖੇਤੀ ਕਰ ਰਹੇ ਹਨ। ਇਹ ਖੇਤੀ ਘੱਟ ਲਾਗਤ ਵਿਚ ਜ਼ਿਆਦਾ ਮੁਨਾਫਾ ਦੇ ਰਹੀ ਹੈ। ਪਹਿਲਾਂ ਉਹ ਕਣਕ ਅਤੇ ਝੋਨੇ ਦੀ ਖੇਤੀ ਕਰਦੇ ਸਨ, ਜਿਸ ਵਿਚ ਜ਼ਿਆਦਾ ਪਾਣੀ ਲੱਗਦਾ ਸੀ, ਨਾਲ ਹੀ ਖਰਚਾ ਵੀ ਵੱਧ ਆਉਂਦਾ ਸੀ। ਇਸ ਵਿਚ ਕੋਈ ਮੁਨਾਫਾ ਵੀ ਨਹੀਂ ਹੁੰਦਾ ਸੀ। ਉਨ੍ਹਾਂ ਕਿਹਾ ਕਿ ਉਹ ਕਿਸਾਨਾਂ ਨੂੰ ਅਪੀਲ ਕਰਦੇ ਹਨ ਕਿ ਉਹ ਬਾਗਬਾਨੀ ਖੇਤੀ ਕਰਨ, ਜੋ ਵੱਧ ਮੁਨਾਫੇ ਵਾਲੀ ਫਸਲ ਹੈ। ਬਾਜਾਰ ਵਿਚ 200 ਤੋਂ 250 ਰੁਪਏ ਪ੍ਰਤੀ ਬੋਰੀ ਦੀ ਦਰ ਨਾਲ ਫੁੱਲ ਵਿਕ ਜਾਂਦੇ ਹਨ। ਉਨ੍ਹਾਂ ਨੇ ਦੱਸਿਆ ਕਿ ਇਕ ਏਕੜ ਵਿਚ 15 ਹਜਾਰ ਤੱਕ ਦਾ ਖਰਚਾ ਆਉਂਦਾ ਹੈ। ਕਿਸਾਨ ਜਗਤਾਰ ਨੇ ਦੱਸਿਆ ਕਿ ਸਤੰਬਰ ਮਹੀਨੇ ਵਿਚ ਗੇਂਦੇ ਦੀ ਫਸਲ ਲਈ ਲੱਡੂ ਕਿਸਮ ਦਾ ਪੌਦੇ ਨੂੰ ਉਗਾਇਆ ਜਾ ਸਕਦਾ ਹੈ ਅਤੇ ਗਰਮੀ ਦੇ ਮੌਸਮ ਵਿਚ ਜਾਫਰੀ ਕਿਸਮ ਦਾ। ਇਸ ਦੇ ਨਾਲ ਹੀ ਖਾਲੀ ਥਾਵਾਂ 'ਤੇ ਧਨੀਆ, ਪਾਲਕ ਸਰੋਂ ਜਾਂ ਮੱਕਾ ਵੀ ਲਾਇਆ ਜਾ ਸਕਦਾ ਹੈ। ਕਿਸਾਨ ਜਗਤਾਰ ਦੱਸਦੇ ਹਨ ਕਿ ਗੇਂਦੇ ਦੀ ਖੇਤੀ ਨਾਲ ਜਮੀਨ ਦੀ ਉਪਜਾਊ ਸ਼ਕਤੀ ਵੀ ਬਰਕਰਾਰ ਰਹਿੰਦੀ ਹੈ। ਇਸ ਖੇਤੀ ਨਾਲ ਕਿਸਾਨਾਂ ਨੂੰ ਆਰਥਿਕ ਰੂਪ ਨਾਲ ਮਜਬੂਤੀ ਮਿਲਦੀ ਹੈ। ਕਿਸਾਨਾਂ ਨੂੰ ਸਲਾਨਾ ਲੱਖਾਂ ਰੁਪਏ ਦਾ ਮੁਨਾਫਾ ਹੋ ਸਕਦਾ ਹੈ। ਗੇਂਦਾ ਦਾ ਫੁੱਲ ਦੀ ਖੇਤੀ ਖਾਧ ਫਸਲਾਂ ਦੀ ਤੁਲਨਾ ਵਿਚ ਵੱਧ ਫਾਇਦੇਮੰਦ ਹਨ। ਇਹ ਕਿਸਾਨਾਂ ਲਈ ਘੱਟ ਲਾਗਤ ਵਿਚ ਵੱਧ ਮੁਨਾਫਾ ਦੇਣ ਦਾ ਚੰਗਾ ਜਰੀਆ ਹੈ। ਸਾਲ ਵਿਚ ਦੋ ਵਾਰ ਖੇਤੀ ਕੀਤੀ ਜਾਂਦੀ ਹੈ, ਜਿਸ ਵਿਚ ਪਾਣੀ ਦੀ ਖਪਤ ਬਿਲਕੁੱਲ ਘੱਟ ਹੈ।

# ਚੰਡੀਗੜ੍ਹ ਲਈ ਮਿਸਾਲ ਬਣੀ ਫਾਜਿਲਕਾ ਦੀ ਕੁੜੀ, ਮਿਲਿਆ ਵੱਡਾ ਐਵਾਰਡ

ਸਰਦੂਲ ਸਿੰਘ

ਚੰਡੀਗੜ੍ਹ 12 ਜਨਵਰੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸਾਬਕਾ ਵਿਦਿਆਰਥਣ ਆਰਤੀ ਨੂੰ ਸਮਾਜ ਸੇਵਾ ਦੇ ਖੇਤਰ 'ਚ ਸਾਨਦਾਰ ਕੰਮ ਕਰਨ ਲਈ ਮੁੰਬਈ 'ਚ 'ਪ੍ਰਾਈਡ ਆਫ ਯੰਗ ਹਿੰਦੁਸਤਾਨ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ। ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸਾਬਕਾ ਵਿਦਿਆਰਥਣ ਆਰਤੀ ਨੂੰ ਸੈਸਨ 2023-2024 ਦੌਰਾਨ ਸਮਾਜ ਸੇਵਾ ਦੇ ਖੇਤਰ 'ਚ ਕੀਤੇ ਗਏ ਮਿਸਾਲੀ ਕੰਮਾਂ ਲਈ ਮੁੰਬਈ ਵਿਖੇ 'ਪ੍ਰਾਈਡ ਆਫ ਯੰਗ ਹਿੰਦੁਸਤਾਨ ਐਵਾਰਡ 2025' ਨਾਲ ਸਨਮਾਨਿਤ ਕੀਤਾ ਗਿਆ ਹੈ। 3 ਜਨਵਰੀ ਤੋਂ 5 ਜਨਵਰੀ 2025 ਮੁੰਬਈ 'ਚ ਨੈਸ਼ਨਲ ਯੂਥ ਐਕਸਚੇਂਜ ਪ੍ਰੋਗਰਾਮ 2025 ਦੇ ਵਿੱਚ ਆਲ ਇੰਡੀਆ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਵਿਦਿਆਰਥਣ ਆਰਤੀ ਨੇ ਦੇਸ ਦੇ ਵੱਖ-ਵੱਖ ਸੂਬਿਆਂ ਦੇ 14 ਹੋਰ ਸਾਥੀ ਐਵਾਰਡੀਆਂ ਦੇ ਨਾਲ ਚੰਡੀਗੜ੍ਹ ਦੀ ਨੁਮਾਇੰਦਗੀ ਕੀਤੀ। ਇਹ ਪੰਜਾਬ ਯੂਨੀਵਰਸਿਟੀ ਦੇ ਨਾਲ-ਨਾਲ ਸਮੁੱਚੇ ਚੰਡੀਗੜ੍ਹ ਲਈ ਮਾਣ ਵਾਲੀ ਗੱਲ ਹੈ। ਆਰਤੀ ਪਿਛਲੇ 8 ਸਾਲਾਂ ਤੋਂ ਸਮਾਜ ਦੀ ਆਵਾਜ ਬਣ ਕੇ ਸਮਾਜ ਦੀ ਸੇਵਾ ਕਰ ਰਹੀ ਹੈ। ਆਰਤੀ ਨੇ ਰਾਸਟਰੀ ਸੇਵਾ ਯੋਜਨਾ, ਯੁਵਾ ਮਾਮਲੇ ਅਤੇ ਖੇਡ ਮੰਤਰਾਲੇ, ਭਾਰਤ ਸਰਕਾਰ ਦੇ ਸਹਿਯੋਗ ਨਾਲ ਮਹਿਲਾ ਸਸਕਤੀਕਰਨ, ਪਲਾਸਟਿਕ ਵੇਸਟ ਪ੍ਰਬੰਧਨ, ਖੂਨਦਾਨ ਕੈਂਪ, ਰੁੱਖ ਲਗਾਉਣ, ਵੋਟਿੰਗ ਜਾਗਰੂਕਤਾ, ਵਾਤਾਵਰਣ ਸੁਰੱਖਿਆ, ਸਵੱਛਤਾ, ਸਿੱਖਿਆ ਆਦਿ ਦੇ ਖੇਤਰਾਂ ਵਿੱਚ ਬਹੁਤ ਸਾਰੇ ਸਫਲ ਯਤਨ ਕੀਤੇ ਹਨ। ਆਰਤੀ ਨੇ ਕਿਹਾ ਕਿ ਇਹ ਸਨਮਾਨ ਦੇਸ ਦੇ ਉਨ੍ਹਾਂ ਸਮੂਹ ਨੌਜਵਾਨਾਂ ਅਤੇ ਸਮਾਜ




ਸੇਵੀਆਂ ਨੂੰ ਸਮਰਪਿਤ ਹੈ, ਜਿਨ੍ਹਾਂ ਨੇ ਆਪਣੇ ਨਿੱਜੀ ਜੀਵਨ ਤੋਂ ਇਲਾਵਾ ਆਪਣਾ ਸਾਰਾ ਜੀਵਨ ਸਮਾਜਿਕ ਕਾਰਜਾਂ ਅਤੇ ਦੇਸ ਅਤੇ ਰਾਸਟਰ ਨਿਰਮਾਣ ਦੀ ਭਲਾਈ ਲਈ ਕੀਤੇ ਸੰਘਰਸਾਂ 'ਚ ਲਗਾ ਦਿੱਤਾ ਹੈ। ਇਸ ਤੋਂ ਪਹਿਲਾਂ ਆਰਤੀ ਨੂੰ 'ਬੈਸਟ ਵਲੰਟੀਅਰ ਆਫ ਦਾ ਈਅਰ ਐਵਾਰਡ', 'ਯੂਨੀਵਰਸਿਟੀ ਪੱਧਰ 'ਤੇ ਸਰਵੋਤਮ ਵਾਲੰਟੀਅਰ', 'ਰੋਲ ਆਫ ਆਨਰ: ਪੰਜਾਬ ਯੂਨੀਵਰਸਿਟੀ' ਆਦਿ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ, ਜਿਸ ਨਾਲ ਆਰਤੀ ਨੇ ਆਪਣੇ ਪਰਿਵਾਰ ਦੇ ਨਾਲ-ਨਾਲ ਪੂਰੇ ਚੰਡੀਗੜ੍ਹ ਦਾ ਮਾਣ ਵਧਾਇਆ ਹੈ। ਸਾਨੂੰ ਸਾਰਿਆਂ ਨੂੰ ਮਾਣ ਹੈ ਅਤੇ ਅਸੀਂ ਉਸ ਦੇ ਉੱਜਵਲ ਭਵਿੱਖ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਦੇ ਹਾਂ। ਦੱਸਣਯੋਗ ਹੈ ਕਿ ਵਿਦਿਆਰਥਣ ਆਰਤੀ ਨੇ ਸੈਸ਼ਨ 2016-2019 ਵਿਚ ਬੀ. ਏ. ਪੰਜਾਬ ਯੂਨੀਵਰਸਿਟੀ ਤੋਂ ਕੀਤੀ ਹੈ ਤੇ ਸੈਸਨ 2018-19 ਲਈ ਵਿਭਾਗ ਦੀ ਪਹਿਲੀ ਚੁਣੀ ਹੋਈ ਮਹਿਲਾ ਪ੍ਰਧਾਨ ਵਜੋਂ ਵੀ ਸੇਵਾ ਨਿਭਾਈ। ਇਸ ਤੋਂ ਇਲਾਵਾ, ਪੀ. ਯੂ. ਦੇ ਸਮਾਜ ਸਾਸਤਰ ਵਿਭਾਗ ਤੋਂ ਐੱਮ. ਏ. ਸਮਾਜ ਸਾਸਤਰ (2019-2021) ਵਿਚ ਕੀਤੀ। ਸੈਸਨ 2023-2024 ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੀ ਵਿਦਿਆਰਥਣ ਵਜੋਂ ਪੜ੍ਹਦੇ ਰਹੀ ਹੈ। ਇਸ ਬਾਰੇ ਆਰਤੀ ਨੇ ਗੱਲ ਕਰਦੇ ਦੱਸਿਆ ਕਿ ਕੈਂਪ ਦੌਰਾਨ ਬਹੁਤ ਕੁੱਝ ਸਿੱਖਣ ਨੂੰ ਮਿਲਿਆ ਤੇ ਆਪਣੀ ਟਾਈਮ ਮੈਨੇਜਮੈਂਟ ਨੂੰ ਬਰਕਰਾਰ ਰਖਿਆ। ਪੜ੍ਹਾਈ ਦੇ ਵਿਚ ਆਪਣੇ ਪ੍ਰੋਫੈਸਰਾਂ ਦੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਬਹੁਤ ਸਹਿਯੋਗ ਦਿਤਾ। ਆਰਤੀ ਯੂ. ਜੀ. ਸੀ. ਦੀ ਸਟੂਡੈਂਟ ਅੰਬੈਸਡਰ ਵਜੋਂ ਵੀ ਕੰਮ ਕਰ ਹੀ ਹੈ। ਆਰਤੀ ਫਾਜ਼ਿਲਕਾ, ਪੰਜਾਬ ਦੀ ਰਹਿਣ ਵਾਲੀ ਹੈ। ਆਰਤੀ ਨੇ ਕਿਹਾ ਕਿ ਸਿਟੀ ਬਿਊਟੀਫੁਲ ਨੂੰ ਹੋਰ ਸੋਹਣਾ ਬਣਾਉਣ ਲਈ ਪਲਾਸਟਿਕ ਵੇਸਟ ਮੈਨੇਜਮੈਂਟ ਪ੍ਰੋਗਰਾਮ ਵਿਚ ਐੱਮ. ਸੀ. ਨਾਲ ਮਿਲਕੇ ਵਲੰਟੀਅਰ ਵਜੋਂ ਕੰਮ ਕਰ ਰਹੀ ਹੈ।

## ਪ੍ਰਤਾਪ ਬਾਜਵਾ ਵਲੋਂ ਚੰਡੀਗੜ੍ਹ ਸਲਾਹਕਾਰ ਦਾ ਅਹੁਦਾ ਖਤਮ ਕਰਨ ਦੀ ਸਖਤ ਨਿਖੇਧੀ

ਚੰਡੀਗੜ੍ਹ 12 ਜਨਵਰੀ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕਾਰ ਨੂੰ ਮੁੱਖ ਸਕੱਤਰ ਵਜੋਂ ਮੁੜ ਨਿਯੁਕਤ ਕਰਨ ਦੇ ਮੋਦੀ ਸਰਕਾਰ ਦੇ ਫੈਸਲੇ ਦੀ ਸਖਤ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਐਕਸ 'ਤੇ ਲਿਖਿਆ ਹੈ ਕਿ ਮੈਂ ਚੰਡੀਗੜ੍ਹ ਪ੍ਰਸਾਸਕ ਦੇ ਸਲਾਹਕਾਰ ਨੂੰ ਮੁੱਖ ਸਕੱਤਰ ਵਜੋਂ ਮੁੜ ਨਿਯੁਕਤ ਕਰਨ ਲਈ ਮੋਦੀ ਸਰਕਾਰ ਦੇ ਬੇਰਹਿਮ ਅਤੇ ਤਾਨਾਸਾਹੀ ਕਦਮ ਦੀ ਸਖਤ ਨਿਖੇਧੀ ਕਰਦਾ ਹਾਂ। ਚੰਡੀਗੜ੍ਹ 'ਤੇ ਪੰਜਾਬ ਦੇ ਹੱਕੀ ਦਾਅਵੇ 'ਤੇ ਜਾਣ-ਬੁੱਝ ਕੇ ਕੀਤਾ ਗਿਆ ਹਮਲਾ ਮੋਦੀ ਦੇ ਪੰਜਾਬ ਨੂੰ ਕਮਜੋਰ ਕਰਨ ਅਤੇ ਪੰਜਾਬੀਆਂ ਨੂੰ ਹਾਸੀਏ 'ਤੇ ਕਰਨ ਦੇ ਏਜੰਡੇ ਦਾ ਪਰਦਾਫਾਸ ਕਰਦਾ ਹੈ। ਇਸ ਨਾਜੁਕ ਫੈਸਲੇ 'ਚ ਪੰਜਾਬ ਨੂੰ ਬਾਈਪਾਸ ਕਰਕੇ, ਭਾਜਪਾ ਇੱਕ ਵਾਰ ਫਿਰ ਸੰਘਵਾਦ ਅਤੇ ਆਪਣੀ ਤਾਨਾਸਾਹੀ ਮਾਨਸਿਕਤਾ



ਪ੍ਰਤੀ ਘੋਰ ਅਣਦੇਖੀ ਦਾ ਸਬੂਤ ਦੇ ਰਹੀ ਹੈ। ਇਹ ਸਿਰਫ ਪ੍ਰਸਾਸਕੀ ਤਬਦੀਲੀ ਨਹੀਂ ਹੈ। ਇਹ ਪੰਜਾਬ ਦੇ ਮਾਣ-ਸਨਮਾਨ ਅਤੇ ਅਧਿਕਾਰਾਂ 'ਤੇ ਹਮਲਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਦੱਸ ਦੇਈਏ ਕਿ ਗ੍ਰਹਿ ਮੰਤਰਾਲੇ () ਨੇ ਚੰਡੀਗੜ੍ਹ ਵਿੱਚ ਯੂ. ਟੀ. ਪ੍ਰਸਾਸਕ ਦੇ ਸਲਾਹਕਾਰ ਦੇ ਅਹੁਦੇ ਨੂੰ ਖਤਮ ਕਰ ਦਿੱਤਾ ਹੈ। ਇਸ ਅਨੁਸਾਰ ਯੂ. ਟੀ. ਦੇ ਸਲਾਹਕਾਰ ਦੇ ਅਹੁਦੇ ਦਾ ਨਾਂ ਬਦਲ ਕੇ ਮੁੱਖ ਸਕੱਤਰ ਰੱਖਿਆ ਗਿਆ ਹੈ। ਪ੍ਰਸ਼ਾਸਕ ਤੋਂ ਬਾਅਦ ਐਡਵਾਈਜਰ ਦਾ ਅਹੁਦਾ ਆਉਂਦਾ ਸੀ। ਹੁਣ ਤੱਕ, ਯੂ. ਟੀ. ਪ੍ਰਸਾਸਨ ਦੇ ਸਲਾਹਕਾਰ ਦੀ ਅਗਵਾਈ ਅਰੁਣਾਚਲ ਪ੍ਰਦੇਸ, ਗੋਆ, ਮਿਜੋਰਮ ਅਤੇ ਸਾਰੇ ਕੇਂਦਰ ਸਾਸਤ ਪ੍ਰਦੇਸਾਂ () ਕੇਡਰ ਦੇ ਇੱਕ ਸੀਨੀਅਰ ਆਈ. ਏ. ਐੱਸ. ਅਧਿਕਾਰੀ ਵਲੋਂ ਕੀਤੀ ਗਈ ਹੈ।

## ਮਾਤਾ ਚਿੰਤਪੂਰਨੀ ਦੇ ਦਰਬਾਰ ਪੁੱਜੀ ਅਦਾਕਾਰਾ ਯਾਮੀ ਗੌਤਮ

ਹਿਮਾਚਲ ਪ੍ਰਦੇਸ਼ 12 ਜਨਵਰੀ। ਬਾਲੀਵੁੱਡ ਅਦਾਕਾਰਾ ਯਾਮੀ ਗੌਤਮ ਸੁੱਕਰਵਾਰ ਨੂੰ ਆਪਣੇ ਪਰਿਵਾਰ ਨਾਲ ਮਾਤਾ ਚਿੰਤਪੂਰਨੀ ਦੇ ਦਰਬਾਰ ਪਹੁੰਚੀ। ਅਦਾਕਾਰਾ ਨੇ ਮੱਥਾ ਟੇਕਿਆ ਅਤੇ ਪ੍ਰਾਰਥਨਾ ਕੀਤੀ। ਮੰਦਰ ਦੇ ਮੁੱਖ ਪੁਜਾਰੀ ਰਵਿੰਦਰ ਸ਼ਿੰਦਾ ਨੇ ਅਦਾਕਾਰਾ ਯਾਮੀ ਗੌਤਮ ਲਈ ਪੂਜਾ ਰਸਮਾਂ ਨਿਭਾਈਆਂ। ਜਿਸ ਤੋਂ ਬਾਅਦ, ਪੁਜਾਰੀ ਵਰਗ ਅਤੇ ਮੰਦਰ ਪ੍ਰਸਾਸਨ ਵੱਲੋਂ ਉਨ੍ਹਾਂ ਨੂੰ ਮਾਤਾ ਰਾਣੀ ਦੀ ਫੋਟੋ ਭੇਟ ਕੀਤੀ ਗਈ।



ਦੱਸਿਆ ਜਾ ਰਿਹਾ ਹੈ ਕਿ ਅਦਾਕਾਰਾ ਯਾਮੀ ਗੌਤਮ ਇਸ ਸਮੇਂ ਹਿਮਾਚਲ ਦੇ ਵੱਖ-ਵੱਖ ਸਕਤੀਪੀਠਾਂ ਦੇ ਦੌਰੇ 'ਤੇ ਹੈ ਅਤੇ ਮੰਦਰਾਂ ਦੇ ਦਰਸਨ ਕਰ ਰਹੀ ਹੈ। ਯਾਮੀ ਗੌਤਮ ਨੇ ਬਾਲੀਵੁੱਡ ਵਿੱਚ ਕਈ ਫਿਲਮਾਂ ਵਿੱਚ ਕੰਮ ਕੀਤਾ ਹੈ, ਜਿਨ੍ਹਾਂ ਵਿੱਚ ਵਿੱਕੀ ਡੋਨਰ, ਏਕ ਨੂਰ, ਅਬ ਤੁਮ੍ਹਾਰੇ ਹਵਾਲੇ ਵਤਨ ਸਾਥੀਓ, ਉੜੀ ਦ ਸਰਜੀਕਲ ਸਟ੍ਰਾਈਕ ਆਦਿ ਸਾਮਲ ਹਨ। ਉਸਨੇ ਟੈਲੀਵਿਜਨ ਸੋਅ "ਯੇ ਰਿਸਤਾ ਕਿਆ ਕਹਿਲਾਤਾ ਹੈ" ਅਤੇ "ਨਾਗਿਨ" ਵਿੱਚ ਵੀ ਕੰਮ ਕੀਤਾ ਹੈ। ਇਸ ਤੋਂ ਇਲਾਵਾ ਉਸ ਨੇ ਕਈ ਪੰਜਾਬੀ ਫ਼ਿਲਮਾਂ ਵਿੱਚ ਵੀ ਕੰਮ ਕੀਤਾ ਹੈ।

# ਮੰਤਰੀ ਡਾ. ਬਲਜੀਤ ਕੌਰ ਨੇ ਭਲਾਈ ਸਕੀਮਾਂ ਦਾ ਲਿਆ ਜਾਇਜਾ

ਕਿਸ਼ਨ ਪਾਲ

ਚੰਡੀਗੜ੍ਹ 12 ਜਨਵਰੀ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਵੱਲੋਂ ਸ਼ੁੱਕਰਵਾਰ ਨੂੰ ਚੰਡੀਗੜ੍ਹ ਵਿਖੇ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਅਤੇ ਕੀਤੇ ਜਾ ਰਹੇ ਵੱਖ ਵੱਖ ਕੰਮਾਂ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਇਕ ਵਿਸ਼ੇਸ਼ ਮੀਟਿੰਗ ਕੀਤੀ। ਮੰਤਰੀ ਨੇ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਲੋਕ ਸ਼ੇਖਰ ਅਤੇ ਡਾਇਰੈਕਟਰ ਸ੍ਰੀ ਸੰਦੀਪ ਹੰਸ ਨਾਲ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਕੰਮ-ਕਾਜ ਅਤੇ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਸਬੰਧੀ ਵਿਸੇਸ਼ ਚਰਚਾ ਕੀਤੀ। ਇਸ ਦੌਰਾਨ ਅਧਿਕਾਰੀਆਂ ਵੱਲੋਂ ਮੰਤਰੀ ਨੂੰ ਲੋਕ ਭਲਾਈ ਸਕੀਮਾਂ ਅਧੀਨ ਕੀਤੀ ਜਾ ਰਹੀ ਕਾਰਵਾਈ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ। ਮੀਟਿੰਗ ਦੌਰਾਨ ਕੈਬਨਿਟ ਮੰਤਰੀ ਡਾ. ਬਲਜੀਤ ਨੇ ਆਸ਼ੀਰਵਾਦ ਸਕੀਮ, ਪੋਸਟ ਮੈਟ੍ਰਿਕ ਸਕਾਲਰਸਿਪ, ਆਦਰਸ਼ ਗ੍ਰਾਮ ਯੋਜਨਾ, ਪ੍ਰਧਾਨ ਮੰਤਰੀ ਅਭਿਉਦੈ ਯੋਜਨਾ, ਹੋਸਟਲਾਂ ਸਬੰਧੀ ਸਕੀਮਾਂ ਅਤੇ ਡਾ. ਅੰਬੇਡਕਰ ਭਵਨਾਂ ਦੀਆਂ ਇਮਾਰਤਾਂ ਸਬੰਧੀ ਵੀ ਵਿਚਾਰ ਵਟਾਂਦਰਾ



ਕੀਤਾ। ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜ਼ਿਲ੍ਹਿਆਂ ਵਿੱਚ ਬਣੇ ਡਾ. ਅੰਬੇਦਕਰ ਭਵਨਾਂ ਵਿੱਚ ਲੋਕਾਂ ਦੀ ਸਹੂਲਤ ਲਈ ਜਿੰਮ ਅਤੇ ਲਾਇਬ੍ਰੇਰੀਆਂ ਲਈ ਵਰਤੇ ਜਾਣ ਤਾਂ ਜੋ ਲੋਕ ਇਨ੍ਹਾਂ ਭਵਨਾਂ ਦਾ ਭਰਭੂਰ ਲਾਹਾ ਲੈ ਸਕਣ। ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਸੂਬੇ ਦੀਆਂ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਆਰਥਿਕ ਤੌਰ 'ਤੇ ਕਮਜੋਰ ਵਰਗ ਅਤੇ ਘੱਟ ਗਿਣਤੀ ਵਰਗ ਦੇ ਵਿਅਕਤੀਆਂ ਦਾ ਸਮਾਜਿਕ ਅਤੇ ਆਰਥਿਕ ਮਿਆਰ ਉੱਚਾ ਚੁੱਕਣ ਲਈ ਸਵੈ ਰੁਜ਼ਗਾਰ ਸਕੀਮਾਂ ਲਈ ਘੱਟ ਵਿਆਜ ਦਰਾਂ 'ਤੇ ਸਿੱਧਾ ਕਰਜਾ ਸਕੀਮ, ਐੱਨ. ਬੀ. ਸੀ. ਸਕੀਮ ਅਤੇ ਐੱਨ. ਐੱਮ. ਡੀ. ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਸਕੀਮਾਂ ਦਾ ਲੋਕਾਂ ਤੱਕ ਸਿੱਧਾ ਲਾਭ ਪਹੁੰਚਾਉਣ ਲਈ ਜਾਗਰੂਕਤਾ ਕੈਂਪ ਲਗਾਏ ਜਾਣ। ਸੂਬੇ ਦਾ ਕੋਈ ਵੀ ਨਾਗਰਿਕ ਇਨ੍ਹਾਂ ਸਕੀਮਾਂ ਦਾ ਲਾਹਾ ਲੈਣ ਤੋਂ ਵਾਝਾਂ ਨਾ ਰਹੇ। ਮੀਟਿੰਗ ਵਿੱਚ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਡਾਇਰੈਕਟਰ-ਕਮ- ਸੰਯੁਕਤ ਸਕੱਤਰ ਰਾਜ ਬਹਾਦਰ ਸਿੰਘ ਅਤੇ ਡਿਪਟੀ ਡਾਇਰੈਕਟਰ ਰਵਿੰਦਰਪਾਲ ਸਿੰਘ ਸੰਧੂ ਅਤੇ ਹੋਰ ਵਿਸ਼ੇਸ਼ ਤੌਰ 'ਤੇ ਹਾਜਰ ਹੋਏ।

## ਨਕਸ਼ਾ ਪਾਸ ਕਰਨ ਬਦਲੇ ਰਿਸ਼ਵਤ ਲੈਂਦਾ ਸਹਾਇਕ ਟਾਊਨ ਪਲਾਨਰ ਤੇ ਆਰਕੀਟੈਕਟ ਗ੍ਰਿਫਤਾਰ

ਪਟਿਆਲਾ/ਚੰਡੀਗੜ੍ਹ 12 ਜਨਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਨਗਰ ਨਿਗਮ ਪਟਿਆਲਾ ਦੇ ਸਹਾਇਕ ਟਾਊਨ ਪਲਾਨਰ (ਏ.ਟੀ.ਪੀ.) ਜਸਪਾਲ ਸਿੰਘ ਅਤੇ ਪਟਿਆਲਾ ਦੇ ਆਰਕੀਟੈਕਟ ਅਨੀਸ਼ ਖੰਨਾ ਨੂੰ 50,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜਮਾਂ ਨੂੰ ਅਸ਼ੋਕ ਕੁਮਾਰ ਵਾਸੀ ਪਾਤੜਾਂ, ਜ਼ਿਲਾ ਪਟਿਆਲਾ ਵਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰ ਕੇ ਦੋਸ਼ ਲਾਇਆ ਕਿ ਉਸ ਦੇ




ਹਸਪਤਾਲ ਦੀ ਇਮਾਰਤ ਦਾ ਨਕਸ਼ਾ ਪਾਸ ਕਰਨ ਬਦਲੇ ਮੁਲਜਮ ਜਸਪਾਲ ਸਿੰਘ ਨੇ ਉਕਤ ਆਰਕੀਟੈਕਟ ਅਨੀਸ਼ ਖੰਨਾ ਦੇ ਜ਼ਰੀਏ 1 ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਕਤ ਏ.ਟੀ.ਪੀ. ਪਹਿਲਾਂ ਹੀ ਆਰਕੀਟੈਕਟ ਰਾਹੀਂ 50,000 ਰੁਪਏ ਰਿਸ਼ਵਤ ਲੈ ਚੁੱਕਾ ਹੈ ਅਤੇ ਰਿਸ਼ਵਤ ਦੀ ਬਾਕੀ ਰਕਮ ਦੀ ਮੰਗ ਰਿਹਾ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਮੁਲਜ਼ਮ ਆਰਕੀਟੈਕਟ ਨੂੰ 2 ਸਰਕਾਰੀ ਗਵਾਹਾਂ ਦੀ ਮੌਜੂਦਗੀ 'ਚ ਸ਼ਿਕਾਇਤਕਰਤਾ ਕੋਲੋਂ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 50,000 ਰੁਪਏ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

## ਪੰਜਾਬ ਦੇ ਇਨ੍ਹਾਂ ਸੱਤ ਜਿਲ੍ਹਿਆਂ ਦੇ ਲੋਕ ਰਹਿਣ ਸਾਵਧਾਨ, ਪਵੇਗਾ ਭਾਰੀ ਮੀਂਹ ਅਤੇ ਪੈਣਗੇ ਗੜੇ

ਚੰਡੀਗੜ੍ਹ 12 ਜਨਵਰੀ। ਪੰਜਾਬ ਵਿਚ ਪੈ ਰਹੀ ਕੜਾਕੇ ਦੀ ਠੰਡ ਦੌਰਾਨ ਮੌਸਮ ਵਿਭਾਗ ਨੇ ਵੱਡੀ ਭਵਿੱਖਬਾਣੀ ਕੀਤੀ ਹੈ। ਮੌਸਮ ਵਿਭਾਗ ਵੱਲੋਂ ਜਾਰੀ ਪ੍ਰੈੱਸ ਰਿਲੀਜ ਅਨੁਸਾਰ ਅੱਜ ਸੂਬੇ ਵਿਚ ਸੰਘਣੀ ਧੁੰਦ, ਮੀਂਹ ਅਤੇ ਬਿਜਲੀ ਡਿੱਗਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਵੱਲੋਂ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਸਮੇਤ ਹੋਰ ਜ਼ਿਲ੍ਹਿਆਂ ਵਿਚ ਵੀ ਸੰਘਣੀ ਧੁੰਦ ਦਾ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਮੌਸਮ ਵਿਭਾਗ ਵੱਲੋਂ 7 ਜ਼ਿਲ੍ਹਿਆਂ ਵਿਚ ਗੜੇਮਾਰੀ, ਬਿਜਲੀ ਡਿੱਗਣ ਅਤੇ ਮੀਂਹ ਪੈਣ ਦੀ ਸੰਭਾਵਨਾ ਦੱਸੀ ਗਈ ਹੈ। ਚੰਡੀਗੜ੍ਹ ਮੌਸਮ ਵਿਭਾਗ ਦੀ ਭਵਿੱਖਬਾਣੀ ਅਨੁਸਾਰ, ਸੰਗਰੂਰ, ਬਰਨਾਲਾ, ਮੋਗਾ, ਬਠਿੰਡਾ, ਫਰੀਦਕੋਟ, ਫਾਜ਼ਿਲਕਾ ਅਤੇ ਮੁਕਤਸਰ ਵਿਖੇ ਗੜੇਮਾਰੀ, ਬਿਜਲੀ ਡਿੱਗਣ ਅਤੇ ਮੀਂਹ ਪੈਣ ਦੀ ਸੰਭਾਵਨਾ ਹੈ। ਸੂਬੇ ਵਿਚ ਸੰਘਣੀ ਧੁੰਦ ਪੈਣ ਨਾਲ ਲੋਕਾਂ ਨੂੰ ਮੁਸਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 10 ਜਨਵਰੀ ਨੂੰ ਸੂਬੇ ਵਿਚ ਸੰਘਣੀ ਧੁੰਦ ਕਾਰਨ ਅਨੇਕਾਂ ਜਗ੍ਹਾ ਸੜਕੀ ਹਾਦਸੇ ਵਾਪਰੇ ਜਿਸ ਵਿਚ 6 ਮੌਤਾਂ ਹੋ ਗਈਆਂ। ਮੌਸਮ ਵਿਭਾਗ ਵੱਲੋਂ ਵਾਹਨ ਚਾਲਕਾਂ ਨੂੰ ਰੋਡ 'ਤੇ ਜਾਣ ਸਮੇਂ ਬੇਹੱਦ ਚੌਕਸ ਰਹਿਣ ਦੀ ਸਲਾਹ ਦਿੱਤੀ ਗਈ ਹੈ। ਇਸ ਤੋਂ ਇਲਾਵਾ 12 ਅਤੇ 13 ਜਨਵਰੀ ਨੂੰ ਸੂਬੇ ਵਿਚ ਸੰਘਣੀ ਧੁੰਦ ਦਾ ਓਰੇਂਜ ਅਲਰਟ ਜਾਰੀ ਕੀਤਾ ਗਿਆ ਹੈ।

### 46 ਲੱਖ ਦੇ ਇਨਾਮੀ 2 ਔਰਤਾਂ ਸਣੇ 11 ਨਕਸਲੀਆਂ ਨੇ ਕੀਤਾ ਸਰੰਡਰ

ਸੁਕਮਾ 12 ਜਨਵਰੀ। ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ 'ਚ ਨਕਸਲੀਆਂ ਨੂੰ ਸਨੀਵਾਰ ਨੂੰ ਵੱਡਾ ਝਟਕਾ ਲੱਗਾ ਜਦੋਂ ਦੋ ਔਰਤਾਂ ਸਮੇਤ 9 ਕੱਟੜ ਨਕਸਲੀਆਂ ਨੇ ਪੁਲਸ ਅੱਗੇ ਆਤਮ ਸਮਰਪਣ ਕਰ ਦਿੱਤਾ, ਜਿਨ੍ਹਾਂ ਦੇ ਸਿਰ 'ਤੇ 46 ਲੱਖ ਰੁਪਏ ਦਾ ਇਨਾਮ ਸੀ। ਪੁਲਿਸ ਸੁਪਰਡੈਂਟ ਕਿਰਨ ਚੌਹਾਨ ਨੇ ਕਿਹਾ ਕਿ 2 ਆਤਮ ਸਮਰਪਣ ਕਰਨ ਵਾਲੇ ਨਕਸਲੀਆਂ 'ਤੇ 8-8 ਲੱਖ ਰੁਪਏ ਅਤੇ ਚਾਰ ਨਕਸਲੀਆਂ 'ਤੇ 5-5 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਗਿਆ ਹੈ। ਨਕਸਲੀਆਂ 'ਤੇ ਕੁੱਲ 46 ਲੱਖ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਗਿਆ ਸੀ। ਇਨ੍ਹਾਂ ਨਕਸਲੀਆਂ ਵਿਰੁੱਧ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ 'ਚ ਕਈ ਮਾਮਲੇ ਦਰਜ ਹਨ ਅਤੇ ਇਨ੍ਹਾਂ ਵਿਰੁੱਧ ਜਾਂਚ ਕੀਤੀ ਜਾ ਰਹੀ ਹੈ।

### ਕੰਪਨੀ ਦੀ ਫ੍ਰੈਂਚਾਈਜ਼ੀ ਦੇਣ ਦਾ ਝਾਂਸਾ ਦੇ ਕੇ ਮਾਰੀ 25 ਲੱਖ ਦੀ ਠੱਗੀ

ਲੁਧਿਆਣਾ 12 ਜਨਵਰੀ। ਕੰਪਨੀ ਦੀ ਫ੍ਰੈਂਚਾਈਜ਼ੀ ਦੇਣ ਦਾ ਝਾਂਸਾ ਦੇ ਕੇ 3 ਮੁਲਜ਼ਮਾਂ ਨੇ ਇਕ ਵਿਅਕਤੀ ਤੋਂ 25 ਲੱਖ ਰੁਪਏ ਠੱਗ ਲਏ। ਇਸ ਮਾਮਲੇ 'ਚ ਪੁਲਸ ਨੇ ਨਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਮੁਲਜ਼ਮ ਵਿਸ਼ਾਲ ਸ਼ਰਮਾ, ਮੀਨਾਕਸ਼ੀ ਸ਼ਰਮਾ ਅਤੇ ਭੂਪੇਸ਼ ਸ਼ਰਮਾ ਖਿਲਾਫ ਕੇਸ ਦਰਜ ਕੀਤਾ ਹੈ। ਜਾਣਕਾਰੀ ਮੁਤਾਬਕ, ਨਵਿੰਦਰ ਸਿੰਘ ਨੇ ਪੁਲਸ ਸ਼ਿਕਾਇਤ 'ਤੇ ਦੱਸਿਆ ਹੈ ਕਿ ਮੁਲਜ਼ਮਾਂ ਦੀ ਐੱਸ. ਐੱਮ. ਵੀ. ਇੰਡਸਟ੍ਰੀਜ਼ ਪ੍ਰਾਈਵੇਟ ਲਿਮਟਿਡ ਹੈ। ਮੁਲਜ਼ਮਾਂ ਨੇ ਉਸ ਨੂੰ ਕੰਪਨੀ ਦੀ ਫ੍ਰੈਂਚਾਈਜ਼ੀ ਦੇਣ ਦਾ ਝਾਂਸਾ ਦੇ ਕੇ 25 ਲੱਖ ਰੁਪਏ ਹੜੱਪ ਲਏ।

# ਹਾਏ ਓ ਰੱਬਾ ! ਆ ਗਿਆ 2 ਅਰਬ ਰੁਪਏ ਦਾ ਬਿਜਲੀ ਦਾ ਬਿੱਲ

ਏਜੰਸੀਆਂ

ਹਮੀਰਪੁਰ 12 ਜਨਵਰੀ। ਦੇਸ ਭਰ 'ਚ ਬਿਜਲੀ ਦੇ ਬਿੱਲਾਂ 'ਚ ਹੋਣ ਵਾਲੀਆਂ ਬੇਨਿਯਮੀਆਂ ਦੇ ਮਾਮਲੇ ਆਮ ਹੋ ਗਏ ਹਨ। ਅਜਿਹੇ ਮਾਮਲੇ ਹਰ ਮਹੀਨੇ ਸਾਹਮਣੇ ਆਉਂਦੇ ਰਹਿੰਦੇ ਹਨ। ਹੁਣ ਹਿਮਾਚਲ ਪ੍ਰਦੇਸ ਦੇ ਹਮੀਰਪੁਰ ਜ਼ਿਲ੍ਹੇ ਤੋਂ ਬਿਜਲੀ ਵਿਭਾਗ ਦਾ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਕੰਕਰੀਟ ਤੋਂ ਇੱਟਾਂ ਬਣਾਉਣ ਵਾਲੇ ਇਕ ਕਾਰੋਬਾਰੀ ਨੂੰ ਬਿਜਲੀ ਵਿਭਾਗ ਤੋਂ 2 ਅਰਬ ਰੁਪਏ ਤੋਂ ਵੱਧ ਦਾ ਬਿੱਲ ਆਇਆ ਹੈ, ਜਿਸ ਨਾਲ ਕਾਰੋਬਾਰੀ ਸਮੇਤ ਨੇੜੇ-ਤੇੜੇ ਦੇ ਲੋਕਾਂ ਦੇ ਵੀ ਹੋਸ਼ ਉੱਡ ਗਏ। ਉੱਥੇ ਹੀ ਕਾਰੋਬਾਰੀ ਨੇ ਤੁਰੰਤ ਇਸ ਬਾਰੇ ਬਿਜਲੀ ਦਫਤਰ ਨੂੰ ਸੂਚਿਤ ਕੀਤਾ ਅਤੇ ਜਿਸ ਤੋਂ ਬਾਅਦ ਬੋਰਡ ਨੇ ਇਸ ਤਕਨੀਕੀ ਖਰਾਬੀ ਦਾ ਹਵਾਲਾ ਦਿੰਦੇ ਹੋਏ ਗਲਤੀ 'ਚ ਸੁਧਾਰ ਕੀਤਾ। ਉੱਥੇ ਹੀ ਇਸ ਗੜਬੜ ਵਾਲੇ ਬਿੱਲ ਦੀ ਕਾਪੀ ਵੀ ਸਾਹਮਣੇ ਆਈ ਹੈ। ਇਹ ਮਾਮਲਾ ਹਮੀਰਪੁਰ ਜ਼ਿਲ੍ਹਾ ਦੇ ਉਪਮੰਡਲ ਭੋਰੰਜ ਦੇ ਬਹੜਵੀ ਜੱਟਾ ਪਿੰਡ ਦਾ ਹੈ, ਜਿੱਥੇ ਇੱਟ ਬਣਾਉਣ ਵਾਲੇ ਕਾਰੋਬਾਰੀ ਲਲਿਤ ਧੀਮਾ ਦੇ ਹੋਸ਼ ਉੱਡ ਗਏ, ਜਦੋਂ ਉਸ ਨੇ ਆਪਣਾ ਬਿਜਲੀ ਦਾ ਬਿੱਲ ਦੇਖਿਆ। ਕਾਰੋਬਾਰੀ ਨੇ ਬਿਜਲੀ ਦੇ ਬਿੱਲ 'ਚ ਦੇਖਿਆ ਕਿ ਉਸ ਨੂੰ 2 ਅਰਬ 10 ਕਰੋੜ 42 ਲੱਖ 8 ਹਜਾਰ ਅਤੇ 405 ਰੁਪਏ ਦਾ ਬਿੱਲ ਮਿਲਿਆ ਹੈ। ਕਾਰੋਬਾਰੀ ਬਿੱਲ ਦੇਖ ਕੇ ਇੰਨਾ ਪਰੇਸ਼ਾਨ ਹੋ ਗਿਆ ਕਿ ਉਹ ਖੁਦ ਨਹੀਂ ਸਮਝ ਸਕਿਆ ਕਿ ਆਖਰ ਬਿੱਲ 'ਚ ਆਈ ਇਹ ਰਕਮ ਕਿੰਨੀ ਹੈ। ਅਜਿਹੇ 'ਚ



ਕਾਰੋਬਾਰੀ ਨੇ ਖੁਦ ਨੂੰ ਤਸੱਲੀ ਦੇਣ ਲਈ ਬਿਜਲੀ ਦਫਤਰ 'ਚ ਇਸ ਦੀ ਤੁਰੰਤ ਸੂਚਨਾ ਦਿੱਤੀ। ਦੂਜੇ ਪਾਸੇ ਇਸ ਹੈਰਾਨ ਕਰਨ ਵਾਲੇ ਬਿਜਲੀ ਦੇ ਬਿੱਲ 'ਤੇ ਕਾਰੋਬਾਰੀ ਦੇ ਪੁੱਤ ਨੇ ਪੂਰੀ ਕਹਾਣੀ ਦੱਸੀ ਹੈ। ਉਸ ਨੇ ਕਿਹਾ,"ਜਦੋਂ ਅਸੀਂ ਇਹ ਬਿਜਲੀ ਦਾ ਬਿੱਲ ਦੇਖਿਆ ਤਾਂ ਅਸੀਂ ਹੈਰਾਨ ਰਹਿ ਗਏ। ਪਹਿਲਾਂ ਤਾਂ ਸਾਨੂੰ ਵਿਸਵਾਸ ਹੀ ਨਹੀਂ ਹੋਇਆ ਕਿ ਇੰਨਾ ਵੱਡਾ ਬਿੱਲ ਕਿਵੇਂ ਆਇਆ। ਫਿਰ ਅਸੀਂ ਤੁਰੰਤ ਬਿਜਲੀ ਵਿਭਾਗ ਨੂੰ ਇਸ ਬਾਰੇ ਸੂਚਿਤ ਕੀਤਾ। ਫਿਰ ਬਿਜਲੀ ਵਿਭਾਗ ਨੇ ਸਾਨੂੰ ਦੱਸਿਆ ਕਿ ਤਕਨੀਕੀ ਖਰਾਬੀ ਕਾਰਨ ਬਿੱਲ ਵਿਚ ਇਕ ਵੱਡੀ ਗਲਤੀ ਹੋਈ ਹੈ। ਫਿਰ ਸਾਨੂੰ ਤਿੰਨ ਤੋਂ ਚਾਰ ਘੰਟਿਆਂ ਬਾਅਦ ਇਕ ਨਵਾਂ ਬਿੱਲ ਆਇਆ ਅਤੇ ਸਾਡਾ ਕੁੱਲ ਬਿੱਲ 4047 ਰੁਪਏ ਸੀ, ਨਵਾਂ ਬਿਜਲੀ ਬਿੱਲ ਦੇਖ ਕੇ ਅਸੀਂ ਸੁੱਖ ਦਾ ਸਾਹ ਲਿਆ। ਉੱਥੇ ਹੀ ਕਾਰੋਬਾਰੀ ਲਲਿਤ ਧੀਮਾਨ ਦਾ ਕਹਿਣਾ ਹੈ ਕਿ ਹਰ ਮਹੀਨੇ ਉਨ੍ਹਾਂ ਦਾ ਔਸਤਨ ਬਿੱਲ ਚਾਰ ਤੋਂ 5 ਹਜਾਰ ਰੁਪਏ ਹੀ ਆਉਂਦਾ ਹੈ ਪਰ ਇਸ ਵਾਰ ਜਦੋਂ ਉਨ੍ਹਾਂ ਨੇ ਆਪਣਾ ਨਵਾਂ ਬਿੱਲ ਦੇਖਿਆ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਬਿਜਲੀ ਦਫਤਰ ਦੀ ਇਸ ਗੜਬੜੀ 'ਤੇ ਬਿਜਲੀ ਬੋਰਡ ਭੋਰੰਜ ਦੇ ਐੱਸ.ਡੀ.ਓ. ਅਨੁਰਾਗ ਚੰਦੇਲ ਦਾ ਕਹਿਣਾ ਹੈ, ਬਿਜਲੀ ਬਿੱਲ 'ਚ ਇਹ ਵੱਡੀ ਗਲਤੀ ਤਕਨੀਕੀ ਕਾਰਨਾਂ ਕਰ ਕੇ ਹੋਈ ਹੈ। ਕਾਰੋਬਾਰੀ ਦੇ ਬਿੱਲ 'ਚ ਸੁਧਾਰ ਕਰ ਕੇ ਉਨ੍ਹਾਂ ਨੂੰ 4047 ਰੁਪਏ ਦਾ ਨਵਾਂ ਦੇ ਦਿੱਤਾ ਗਿਆ ਹੈ। ਨਾਲ ਹੀ ਕਿਹਾ ਹੈ ਕਿ ਅੱਗੇ ਤੋਂ ਇਸ ਤਰ੍ਹਾਂ ਦੀਆਂ ਗਲਤੀਆਂ 'ਤੇ ਪੂਰੀ ਤਰ੍ਹਾਂ ਧਿਆਨ ਦਿੱਤਾ ਜਾਵੇਗਾ।

# ਇਕ ਅੰਗ ਦਾਨੀ ਦੇ ਸਕਦਾ ਹੈ ਕਈਆਂ ਨੂੰ ਨਵੀਂ ਜਿੰਦਗੀ, ਲੋੜ ਹੈ ਜਾਗਰੂਕਤਾ ਪੈਦਾ ਕਰਨ ਦੀ

ਏਜੰਸੀਆਂ

ਕਈ ਵਾਰ ਕਿਸੇ ਹਾਦਸੇ 'ਚ ਵਿਅਕਤੀ ਦੇ 'ਬ੍ਰੇਨ ਡੈੱਡ' ਹੋ ਜਾਣ 'ਤੇ ਉਸ ਦਾ ਬਚਣਾ ਮੁਸ਼ਕਿਲ ਹੁੰਦਾ ਹੈ। ਤਦ ਅਜਿਹੇ ਲੋਕਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਦਾਨ ਕੀਤੇ ਉਸ ਦੇ ਅੰਗ ਮੌਤ ਕਿਨਾਰੇ ਪਏ ਹੋਰ ਰੋਗੀਆਂ ਦੀ ਜ਼ਿੰਦਗੀ ਬਚਾ ਸਕਦੇ ਹਨ। 'ਬ੍ਰੇਨ ਡੈੱਡ' ਹੋਣ 'ਤੇ ਦਿਮਾਗ ਦੀਆਂ ਸਾਰੀਆਂ ਸਰਗਰਮੀਆਂ ਸਥਾਈ ਤੌਰ 'ਤੇ ਬੰਦ ਹੋ ਜਾਂਦੀਆਂ ਹਨ। ਸਾਹ ਲੈਣ ਅਤੇ ਦਿਲ ਦੇ ਧੜਕਨ ਵਰਗੀਆਂ ਸਰੀਰ ਦੀਆਂ ਬੁਨਿਆਦੀ ਕਿਰਿਆਵਾਂ ਨੂੰ ਕੰਟਰੋਲ ਕਰਨ ਵਾਲਾ 'ਬ੍ਰੇਨ ਸਟੈੱਮ' ਵੀ ਕੰਮ ਕਰਨਾ ਬੰਦ ਕਰ ਦਿੰਦਾ ਅਤੇ ਸਰੀਰ ਕੋਈ ਪ੍ਰਤੀਕਿਰਿਆ ਨਹੀਂ ਕਰਦਾ। ਅਜਿਹੇ 'ਚ ਅੰਗ ਦਾਨ ਕੀਤਾ ਜਾ ਸਕਦਾ ਹੈ। ਭਾਰਤ 'ਚ ਲਗਭਗ 2,00,000 ਰੋਗੀਆਂ 'ਚ ਕਿਡਨੀ ਟਰਾਂਸਪਲਾਂਟ ਦੀ ਲੋੜ ਦੇ ਮੁਕਾਬਲੇ ਸਿਰਫ 6 ,000 ਕਿਡਨੀ ਹੀ ਟਰਾਂਸਪਲਾਟ ਹੁੰਦੀ ਹੈ। ਦਿਲ ਅਤੇ ਹੋਰ ਅੰਗਾਂ ਦੇ ਟਰਾਂਸਪਲਾਂਟ ਦੀ ਦਰ ਤਾਂ ਹੋਰ ਵੀ ਘੱਟ ਹੈ। 'ਦਿਲ ਦੇ ਵਾਲਵ' ਦੇ ਦਾਨ ਨਾਲ ਨੁਕਸਾਨ ਪੁੱਜੇ ਦਿਲ ਦੇ ਵਾਲਵ ਵਾਲਿਆਂ ਦੀ ਜ਼ਿੰਦਗੀ ਵੀ ਬਚਾਈ ਜਾ ਸਕਦੀ ਹੈ। ਇਸੇ ਕਾਰਨ ਸਮਾਜ ਦੇ ਜਾਗਰੂਕ ਲੋਕ 'ਬ੍ਰੇਨ ਡੈੱਡ' ਭਾਵ ਹਾਦਸੇ ਦੇ ਸ਼ਿਕਾਰ ਆਪਣੇ ਮ੍ਰਿਤਕ ਪਰਿਵਾਰਕ ਮੈਂਬਰਾਂ ਦੇ ਅੰਗ ਦਾਨ ਕਰ ਕੇ ਮੌਤ ਦੀ ਛਾਂ 'ਚ ਪਏ ਦੂਜੇ ਲੋਕਾਂ ਨੂੰ ਜੀਵਨ ਦਾਨ ਦੇ ਰਹੇ ਹਨ, ਜਿਸ ਦੀਆਂ ਚੰਦ ਤਾਜਾ ਮਿਸਾਲਾਂ ਹੇਠਾਂ ਦਰਜ ਹਨ : 26 ਸਤੰਬਰ, 2024 ਨੂੰ ਮਹਿਸਾਣਾ (ਗੁਜਰਾਤ) ਵਿਚ ਡਾਕਟਰਾਂ ਵੱਲੋਂ 'ਬ੍ਰੇਨ ਡੈੱਡ' ਐਲਾਨੀ 'ਰੰਜਨ ਬੇਨ' ਨਾਂ ਦੀ ਔਰਤ ਦੇ ਪਤੀ ਨੇ ਉਸ ਦਾ ਦਿਲ, ਲਿਵਰ ਅਤੇ ਦੋ ਕਿਡਨੀਆਂ ਵੱਖ-ਵੱਖ ਹਸਪਤਾਲਾਂ ਨੂੰ ਦਾਨ ਕਰ ਦਿੱਤੀਆਂ ਜਿਸ ਨਾਲ ਚਾਰ ਲੋੜਵੰਦਾਂ ਨੂੰ ਜੀਵਨਦਾਨ ਮਿਲਿਆ। 29 ਸਤੰਬਰ ਨੂੰ ਸੂਰਤ ਦੇ ਇਕ ਪਰਿਵਾਰ ਨੇ ਆਪਣੀ 6 ਸਾਲਾ ਬੱਚੀ ਦੇ 'ਬ੍ਰੇਨ ਡੈੱਡ' ਹੋਣ ਪਿੱਛੋਂ ਉਸ ਦਾ ਲਿਵਰ, ਦੋਵੇਂ ਕਿਡਨੀਆਂ ਅਤੇ ਦੋਵੇਂ ਅੱਖਾਂ ਦਾਨ ਕਰਨ ਦਾ ਫੈਸਲਾ ਕੀਤਾ ਜਿਸ ਨਾਲ 4 ਲੋੜਵੰਦ ਰੋਗੀਆਂ ਨੂੰ ਲਾਭ ਪੁੱਜਾ। 29 ਅਕਤੂਬਰ ਨੂੰ ਪੀ. ਜੀ. ਆਈ. ਚੰਡੀਗੜ੍ਹ 'ਚ ਇਲਾਜ ਅਧੀਨ ਕੀਨੀਆ ਦੇ 2 ਸਾਲਾ 'ਬ੍ਰੇਨ ਡੈੱਡ' ਬਾਲਕ 'ਲੁੰਡਾ ਕਯੁੰਬਾ' ਦੇ ਪਿੱਤੇ (ਪੈਨਕ੍ਰੀਆਸ), ਕਿਡਨੀ ਅਤੇ ਉਸ ਦੀਆਂ ਅੱਖਾਂ ਦੀ ਕਾਰਨੀਆ ਦੇ ਦਾਨ ਨਾਲ 4 ਲੋੜਵੰਦਾਂ ਨੂੰ ਨਵਾਂ ਜੀਵਨ ਮਿਲਿਆ। 13 ਦਸੰਬਰ ਨੂੰ ਲੁਧਿਆਣਾ ਦੇ ਡੀ. ਐੱਮ. ਸੀ. 'ਚ ਇਕ 'ਬ੍ਰੇਨ ਡੈੱਡ' ਰੋਗਣ ਦੇ ਪਰਿਵਾਰ ਵੱਲੋਂ ਦਾਨ ਕੀਤੀ ਗਈ ਕਿਡਨੀ ਨੂੰ ਇਕ ਲੋੜਵੰਦ ਰੋਗੀ ਦੇ ਸਰੀਰ 'ਚ 'ਆਈਕਾਈ ਹਸਪਤਾਲ' ਦੇ ਡਾਕਟਰ ਬੀ. ਐੱਸ. ਔਲਖ ਨੇ ਟਰਾਂਸਪਲਾਂਟ ਕੀਤਾ। ਦਸੰਬਰ ਨੂੰ ਪੁਣੇ 'ਚ ਇਕ ਸੜਕ ਹਾਦਸੇ ਕਾਰਨ 'ਬ੍ਰੇਨ ਡੈੱਡ' ਹੋਈ ਜੈਸਲਮੇਲ ਦੇ 'ਖੇਤੋਲਾਈ' ਪਿੰਡ ਦੀ ਟ੍ਰੇਨੀ ਪਾਇਲਟ 'ਚੇਸ਼ਟਾ ਬਿਸ਼ਨੋਈ' ਦੇ ਪਰਿਵਾਰ




ਨੇ ਉਸ ਦੇ ਸਾਰੇ ਅੰਗ ਦਾਨ ਕਰ ਦਿੱਤੇ ਜਿਨ੍ਹਾਂ ਨਾਲ 8 ਲੋੜਵੰਦਾਂ ਨੂੰ ਨਵੀਂ ਜ਼ਿੰਦਗੀ ਮਿਲੀ। 31 ਦਸੰਬਰ ਨੂੰ ਇੰਦੌਰ 'ਚ ਇਕ 'ਬ੍ਰੇਨ ਡੈੱਡ' ਵਿਅਕਤੀ 'ਸੁਰਿੰਦਰ ਪੋਰਵਾਲ' ਦੇ ਪਰਿਵਾਰ ਵੱਲੋਂ ਦਾਨ ਕੀਤੇ ਗਏ ਲਿਵਰ ਅਤੇ ਦੋਵੇਂ ਹੱਥ ਇਕ ਵਿਸ਼ੇਸ਼ ਜਹਾਜ ਰਾਹੀ ਮੁੰਬਈ ਭੇਜੇ ਗਏ ਜਿਸ ਦੇ ਦੋਵਾਂ ਹੱਥਾਂ ਨੇ ਬਿਜਲੀ ਦਾ ਝਟਕਾ ਲੱਗਣ ਕਾਰਨ ਕੁਝ ਸਾਲ ਪਹਿਲਾਂ ਕੰਮ ਕਰਨਾ ਬੰਦ ਕਰ ਦਿੱਤਾ ਸੀ। ਇਹੀ ਨਹੀਂ, ਪੋਰਵਾਲ ਦੀਆਂ ਦੋਵੇਂ ਕਿਡਨੀਆਂ ਇੰਦੌਰ ਦੇ ਹਸਪਤਾਲ 'ਚ ਦੋ ਲੋੜਵੰਦਾਂ ਨੂੰ ਲਾਈਆਂ ਗਈਆਂ। ਉਸ ਦੇ ਪਰਿਵਾਰ ਵਾਲਿਆਂ ਨੇ ਉਸ ਦੀ ਚਮੜੀ ਅਤੇ ਅੱਖਾਂ ਵੀ ਦਾਨ ਕਰ ਦਿੱਤੀਆਂ ਹਨ। ਸੁਰਿੰਦਰ ਪੋਰਵਾਲ ਦੇ ਸਾਰੇ ਅੰਗ ਕੱਢਣ ਪਿੱਛੋਂ ਲਾਲ ਕਾਰਪੈੱਟ ਵਿਛਾ ਕੇ ਐਂਬੂਲੈਂਸ 'ਚ ਰੱਖ ਕੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਵਿਦਾਈ ਦਿੱਤੀ। 31 ਦਸੰਬਰ, 2024 ਨੂੰ ਹੀ ਜੈਪੁਰ ਐੱਸ. ਐੱਮ. ਐੱਸ. ਹਸਪਤਾਲ 'ਚ 'ਨੀਮਕਾਥਾਨਾ' ਨਿਵਾਸੀ ਇਕ 'ਬ੍ਰੇਨ ਡੈੱਡ' ਰੋਗੀ ਦੇ ਦਿਲ ਅਤੇ ਕਿਡਨੀ ਨੂੰ ਐੱਸ. ਐੱਮ. ਐੱਸ. ਹਸਪਤਾਲ 'ਚ ਹੀ ਦੋ ਲੋੜਵੰਦ ਰੋਗੀਆਂ ਦੇ ਸਰੀਰ 'ਚ ਟਰਾਂਸਪਲਾਂਟ ਕਰ ਕੇ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦਿੱਤੀ ਗਈ ਜਦਕਿ ਉਸ ਦਾ ਲਿਵਰ 'ਗ੍ਰੀਨ ਕਾਰੀਡੋਰ' ਰਾਹੀਂ ਜੋਧਪੁਰ 'ਏਮਜ' ਵਿਚ ਭੇਜਿਆ ਗਿਆ। ਅਤੇ ਹੁਣ 1 ਜਨਵਰੀ, 2025 ਨੂੰ ਜੂਨਾਗੜ੍ਹ (ਗੁਜਰਾਤ) 'ਚ ਡਾਕਟਰਾਂ ਵੱਲੋਂ 'ਬ੍ਰੇਨ ਡੈੱਡ' ਐਲਾਨੀ 'ਸ਼ੀਲਾਬੇਨ ਝੰਝਾਰੀਆ' ਦੇ ਪਰਿਵਾਰ ਵੱਲੋਂ ਉਸ ਦੇ ਫੇਫੜੇ, ਦਿਲ, ਕਿਡਨੀ, ਅੱਖਾਂ ਅਤੇ ਲਿਵਰ ਵਰਗੇ ਅੰਗ ਦਾਨ ਕਰਨ ਦਾ ਐਲਾਨ ਕਰਨ ਪਿੱਛੋਂ ਉਸ ਨੂੰ 'ਗ੍ਰੀਨ ਕਾਰੀਡੋਰ' ਬਣਾ ਕੇ ਜੂਨਾਗੜ੍ਹ ਤੋਂ ਅਹਿਮਦਾਬਾਦ ਦੇ ਵੱਖ-ਵੱਖ ਹਸਪਤਾਲਾਂ ਨੂੰ ਭੇਜਿਆ ਗਿਆ। ਅੰਗ ਦਾਨ ਇਕ ਨੇਕ ਕਾਰਜ ਹੈ ਪਰ ਜਾਗਰੂਕਤਾ ਦੀ ਘਾਟ ਕਾਰਨ ਲੋਕਾਂ ਦੇ ਮਨ 'ਚ ਅੰਗ ਦਾਨ ਬਾਰੇ ਕਈ ਵਿਅਰਥ ਭਰਮ ਅਤੇ ਭੈਅ ਹਨ। ਜ਼ਿਕਰਯੋਗ ਹੈ ਕਿ 'ਬ੍ਰੇਨ ਡੈੱਡ' ਰੋਗੀ ਦਾ ਅੰਤਿਮ ਸੰਸਕਾਰ ਕਰ ਕੇ ਬਚੇ ਹੋਏ ਅਵਸ਼ੇਸ਼ਾਂ ਨੂੰ ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਅੱਖਾਂ, ਦਿਲ, ਲਿਵਰ, ਕਿਡਨੀ ਆਦਿ ਉਹ ਅੰਗ ਵੀ ਨਸ਼ਟ ਹੋ ਜਾਂਦੇ ਜਿਨ੍ਹਾਂ ਨਾਲ ਕਿਸੇ ਲੋੜਵੰਦ ਨੂੰ ਨਵਾਂ ਜੀਵਨ ਮਿਲ ਸਕਦਾ ਹੈ। ਇਸ ਲਈ ਜੇ 'ਬ੍ਰੇਨ ਡੈੱਡ' ਰੋਗੀ ਦੇ ਪਰਿਵਾਰ ਵਾਲੇ ਉਸ ਦੇ ਅੰਗ ਹੋਰ ਲੋੜਵੰਦਾਂ ਨੂੰ ਦਾਨ ਕਰ ਦੇਣ ਤਾਂ ਜਿੱਥੇ ਅੰਗ ਗ੍ਰਹਿਣ ਕਰਨ ਵਾਲਾ ਵਿਅਕਤੀ ਉਨ੍ਹਾਂ ਨੂੰ ਸ਼ੁਕਰਗੁਜਾਰੀ ਦੀ ਭਾਵਨਾ ਨਾਲ ਦੇਖੇਗਾ, ਉੱਥੇ ਹੀ ਅੰਗ ਦਾਨ ਕਰਨ ਵਾਲਿਆਂ ਨੂੰ ਵੀ ਅੰਗ ਗ੍ਰਹਿਣ ਕਰਨ ਵਾਲਿਆਂ 'ਚ ਆਪਣੇ ਮ੍ਰਿਤਕ ਪਰਿਵਾਰਕ ਮੈਂਬਰਾਂ ਦਾ ਅਕਸ ਦੇਖਣ ਨਾਲ ਆਤਮ-ਸੰਤੁਸ਼ਟੀ ਮਿਲੇਗੀ। ਇਸ ਲਈ ਲੋਕਾਂ ਨੂੰ 'ਬ੍ਰੇਨ ਡੈੱਡ' ਵਿਅਕਤੀ ਜਾਂ ਮੌਤ ਹੋਣ 'ਤੇ ਵਰਤੇ ਜਾਣ ਯੋਗ ਅੰਗਾਂ ਦਾ ਦਾਨ ਕਰ ਦੇਣਾ ਚਾਹੀਦਾ ਹੈ।